10-SEP-PAGE-1.qxd 9/9/2025 9:09 PM Page 1

ਬੁੱਧਵਾਰ, 10 ਸਤੰਬਰ, 2025
26 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 100

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 10 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਪ੍ਰਧਾਨ ਮੰਤਰੀ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਗਏ : ਪੰਜਾਬ ਸਰਕਾਰ

### ਮੋਦੀ ਵੱਲੋਂ ਹਵਾਈ ਸਰਵੇਖਣ ਤੋਂ ਬਾਅਦ ਪੰਜਾਬ ਨੂੰ 1600 ਕਰੋੜ ਤੇ ਹਿਮਾਚਲ ਨੂੰ 1500 ਕਰੋੜ ਦੇਣ ਦਾ ਐਲਾਨ



**ਚੰਡੀਗੜ੍ਹ/ਗੁਰਦਾਸਪੁਰ/ਡੇਰਾ ਬਾਬਾ ਨਾਨਕ (ਗੁਰਜੀਤ ਬਿੱਲਾ/ਦਿਨੇਸ਼/ਰਮੇਸ਼ ਸ਼ਰਮਾ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਤ ਖੇਤਰਾਂ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾ ਕਿਹਾ ਕਿ ਮ੍ਰਿਤਕਾਂ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਤੇ ਜ਼ਖਮੀਆਂ ਨੂੰ 50 ਹਜ਼ਾਰ ਹਰੇਕ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬ ਦੇ ਮੰਤਰੀਆਂ ਨੇ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਰਾਹਤ ਪੈਕੇਜ ਨੂੰ ਪੰਜਾਬ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਕਿਹਾ ਹੈ। ਕੈਬਨਿਟ ਮੰਤਰੀ ਤੇ ਆਪ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਕੇ ਚਲੇ ਗਏ। ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਵੱਡਾ ਮਜ਼ਾਕ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮੰਗਲਵਾਰ ਪੰਜਾਬ ਦੇ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਇਸ ਤੋਂ ਬਾਅਦ ਉਹ ਗੁਰਦਾਸਪੁਰ ਪੁੱਜੇ, ਜਿੱਥੇ ਉਨ੍ਹਾਂ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ। ਮੋਦੀ ਨੇ ਇੱਥੇ ਐੱਨ ਡੀ ਆਰ ਐੱਫ ਟੀਮ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਹਨਾ ਕਿਸਾਨਾਂ ਨਾਲ ਵੀ ਮੁਲਾਕਾਤ ਕੀਤੀ। ਕਿਸਾਨਾਂ ਨੇ ਮੋਦੀ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਾਲ 2023 ਦਾ ਵੀ ਮੁਆਵਜ਼ਾ ਨਹੀਂ ਮਿਲਿਆ। ਇਸ ਮੌਕੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਤੇ ਸੁਨੀਲ ਜਾਖੜ ਵੀ ਮੌਜੂਦ ਸਨ। ਪੰਜਾਬ ਵਿਚ ਸਾਲ 1988 ਤੋਂ ਬਾਅਦ ਹੁਣ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ।

ਪ੍ਰਧਾਨ ਮੰਤਰੀ ਹਿਮਾਚਲ ਪ੍ਰਦੇਸ਼ ਤੇ ਪੰਜਾਬ ਵਿੱਚ ਹੜ੍ਹ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਦਿਨ ਦੇ ਦੌਰੇ 'ਤੇ ਆਏ ਹਨ। ਉਹਨਾ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਜ਼ਮੀਨੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ।

ਮੋਦੀ ਨੇ ਹਿਮਾਚਲ ਦੇ ਹੜ੍ਹ ਅਤੇ ਮੀਂਹ ਦੇ ਝੰਬੇ ਇਲਾਕਿਆਂ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਨੇੜਲੇ ਰਿਸ਼ਤੇਦਾਰਾਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦਾ ਮੁਆਵਜ਼ਾ ਵੀ ਐਲਾਨਿਆ ਹੈ। ਪ੍ਰਧਾਨ ਮੰਤਰੀ ਨੇ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹ ਪ੍ਰਭਾਵਤ ਤੇ ਜ਼ਮੀਨ ਖਿਸਕਣ ਵਾਲੇ ਇਲਾਕਿਆਂ ਦਾ ਹਵਾਈ ਜਾਇਜ਼ਾ ਲਿਆ। ਉਹ ਆਫ਼ਤ ਪ੍ਰਭਾਵਤ ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ ਕਾਂਗੜਾ ਪਹੁੰਚੇ। ਕਾਂਗੜਾ ਦੇ ਗੱਗਲ ਹਵਾਈ ਅੱਡੇ 'ਤੇ ਪਹੁੰਚਣ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਤੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਉਹਨਾ ਦਾ ਸਵਾਗਤ ਕੀਤਾ। ਹਿਮਾਚਲ ਸਰਕਾਰ ਅਨੁਸਾਰ ਰਾਜ ਨੂੰ 4500 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ, ਜਦੋਂ ਕਿ 370 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ 41 ਅਜੇ ਵੀ ਲਾਪਤਾ ਹਨ। ਸਭ ਤੋਂ ਵੱਧ ਨੁਕਸਾਨ ਲੋਕ ਨਿਰਮਾਣ ਵਿਭਾਗ ਨੂੰ ਹੋਇਆ ਹੈ, ਕਿਉਂਕਿ ਸੜਕਾਂ ਅਤੇ ਪੁਲਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਿਆ ਹੈ।

## ਰਾਧਾਕ੍ਰਿਸ਼ਨਨ ਉਪ ਰਾਸ਼ਟਰਪਤੀ ਚੁਣੇ ਗਏ



**ਨਵੀਂ ਦਿੱਲੀ** : ਐੱਨ ਡੀ ਏ ਦੇ ਉਮੀਦਵਾਰ ਸੀ ਪ ੀ ਰਾਧਾਕ੍ਰਿਸ਼ਨਨ ਮੰਗਲਵਾਰ ਦੇਸ਼ ਦੇ ਉਪ ਰਾਸ਼ਟਰਪਤੀ ਚੁਣੇ ਗਏ। ਉਨ੍ਹਾ ਨੂੰ 452 ਵੋਟਾਂ ਮਿਲੀਆਂ ਜਦਕਿ ਅਪੋਜ਼ੀਸ਼ਨ ਇੰਡੀਆ ਗੱਠਜੋੜ ਦੇ ਉਮੀਦਵਾਰ ਜਸਟਿਸ ਸੁਦਰਸ਼ਨ ਰੈੱਡੀ ਨੂੰ 300 ਵੋਟਾਂ ਮਿਲੀਆਂ। ਰਾਧਾਕ੍ਰਿਸ਼ਨਨ 152 ਵੋਟਾਂ ਨਾਲ ਜੇਤੂ ਰਹੇ। ਲੋਕ ਸਭਾ ਤੇ ਰਾਜ ਸਭਾ ਦੇ 781 ਵਿੱਚੋਂ 769 ਮੈਂਬਰਾਂ ਨੇ ਵੋਟਾਂ ਪਾਈਆਂ ਸਨ। ਕੁੱਲ 98 ਪ੍ਰਤੀਸ਼ਤ ਵੋਟਿੰਗ ਦਰਜ ਕੀਤੀ ਗਈ।

## 12 ਕਿੱਲੋ ਹੈਰੋਇਨ ਸਣੇ 2 ਨਸ਼ਾ ਤਸਕਰ ਕਾਬੂ

**ਫਰੀਦਕੋਟ** : ਫਰੀਦਕੋਟ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਸਰਹੱਦ ਪਾਰ ਨਾਰਕੋ-ਅੱਤਵਾਦ ਨੈੱਟਵਰਕ ਵਿਰੁੱਧ ਕਾਰਵਾਈ ਕਰਦਿਆਂ ਪੁਲਸ ਨੇ ਕਰੋੜਾਂ ਦੀ ਹੈਰੋਇਨ ਸਣੇ 2 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਪੁਲਸ ਮੁਖੀ ਗੌਰਵ ਯਾਦਵ ਵੱਲੋਂ ਐੱਕਸ 'ਤੇ ਪੋਸਟ ਸਾਂਝੀ ਕਰਕੇ ਦਿੱਤੀ ਗਈ। ਫਰੀਦਕੋਟ ਪੁਲਸ ਵੱਲੋਂ 12.1 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਕੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਬਰਾਮਦਗੀ ਇੱਕ ਯੋਜਨਾਬੱਧ ਦੋ ਹਫ਼ਤਿਆਂ ਦੇ ਸਰੋਤ ਅਧਾਰਤ ਅਪ੍ਰੇਸ਼ਨ ਦਾ ਨਤੀਜਾ ਹੈ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਪਾਕਿਸਤਾਨ ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ, ਜੋ ਕਿ ਇੱਕ ਵੱਡੇ ਅੰਤਰਰਾਸ਼ਟਰੀ ਤਸਕਰੀ ਨੈੱਟਵਰਕ ਵੱਲ ਇਸ਼ਾਰਾ ਕਰਦੇ ਹਨ। ਥਾਣਾ ਸਦਰ ਫਰੀਦਕੋਟ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਤਿੰਨ ਫੌਜੀਆਂ ਦੀ ਮੌਤ

**ਲੱਦਾਖ** : ਬਰਫ ਦੇ ਤੋਦਿਆਂ ਹੇਠ ਦਬਣ ਨਾਲ ਤਿੰਨ ਫੌਜੀਆਂ ਦੀ ਮੌਤ ਹੋ ਗਈ।

12,000 ਫੁੱਟ ਉੱਚੇ ਸਿਆਚਿਨ ਬੇਸ ਕੈਂਪ ਖੇਤਰ ਵਿੱਚ ਤਿੰਨ ਫੌਜੀ ਬਰਫ ਹੇਠ ਦਬ ਗਏ ਸਨ, ਜਿਨ੍ਹਾਂ ਵਿੱਚ ਦੋ ਅਗਨੀਵੀਰ ਵੀ ਸ਼ਾਮਲ ਸਨ। ਲਾਸ਼ਾਂ ਕੱਢ ਲਈਆਂ ਗਈਆਂ ਸਨ।

## ਨੇਪਾਲ ਦਾ ਪ੍ਰਧਾਨ ਮੰਤਰੀ ਹੈਲੀਕਾਪਟਰ 'ਤੇ ਹੋਇਆ ਫਰਾਰ

### ਸੰਸਦ ਭਵਨ ਨੂੰ ਲਾਈ ਅੱਗ, ਹਾਲਾਤ ਬੇਕਾਬੂ, ਵਿੱਤ ਮੰਤਰੀ ਤੇ ਸਾਬਕਾ ਪ੍ਰਧਾਨ ਮੰਤਰੀ ਨੂੰ ਭਜਾ-ਭਜਾ ਕੇ ਕੁੱਟਿਆ



**ਕਾਠਮੰਡੂ** : ਨੇਪਾਲ ਵਿੱਚ ਹੋ ਰਹੀ ਹਿੰਸਾ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਤੇ ਉਹ ਹੈਲੀਕਾਪਟਰ 'ਤੇ ਅਣਦੱਸੀ ਥਾਂ ਵੱਲ ਫਰਾਰ ਹੋ ਗਿਆ ਹੈ। ਇਸ ਦੇ ਤੁਰੰਤ ਬਾਅਦ ਰਾਸ਼ਟਰਪਤੀ ਰਾਮ ਚੰਦਰ ਪੌਡਾਲ ਵੱਲੋਂ ਵੀ ਆਪਣਾ ਅਸਤੀਫਾ ਦੇ ਦੇਣ ਦੀਆਂ ਖਬਰਾਂ ਹਨ। ਰਾਜਧਾਨੀ ਵਿੱਚ ਹਾਲਾਤ ਬੇਕਾਬੂ ਹੁੰਦੇ ਹੋਏ ਨਜ਼ਰ ਆ ਰਹੇ ਹਨ। ਸੰਸਦ ਭਵਨ ਪ੍ਰਧਾਨ ਮੰਤਰੀ ਨਿਵਾਸ, ਰਾਸ਼ਟਰਪਤੀ ਨਿਵਾਸ ਤੇ ਗ੍ਰਹਿ ਮੰਤਰੀ ਦੇ ਨਿਵਾਸ 'ਤੇ ਭੰਨਤੋੜ ਕੀਤੀ ਗਈ ਤੇ ਅੱਗ ਲਾ ਦਿੱਤੀ ਗਈ। ਸਾਬਕਾ ਪ੍ਰਧਾਨ ਮੰਤਰੀ ਝੱਲਨਾਥ ਖਨਾਲ ਦੇ ਘਰ ਨੂੰ ਅੱਗ ਲਾ ਦਿੱਤੀ ਗਈ, ਜਿਸ ਵਿੱਚ ਸੜ ਕੇ ਉਸ ਦੀ ਪਤਨੀ ਰਾਜ ਲਕਸ਼ਮੀ ਚਿਤਕਾਰ ਦੀ ਮੌਤ ਹੋ ਗਈ। ਤਿੰਨ ਪੁਲਸ ਮੁਲਾਜ਼ਮਾਂ ਦੀ ਮੌਤ ਹੋ ਜਾਣ ਦੀ ਰਿਪੋਰਟ ਹੈ। ਹੁਣ ਤੱਕ 22 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 400 ਤੋਂ ਜ਼ਿਆਦਾ ਲੋਕ ਜ਼ਖਮੀ ਹਨ। ਹਿੰਸਕ ਨੌਜਵਾਨਾਂ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਓਬਾ ਦੇ ਘਰ ਵੜ ਕੇ ਉਸ ਨੂੰ ਕੁੱਟਿਆ, ਜਦ ਕਿ ਵਿੱਤ ਮੰਤਰੀ ਵਿਨੂ ਪੌਡਾਲ ਦੀ ਕਾਠਮੰਡੂ ਵਿੱਚ ਭਜਾ-ਭਜਾ ਕੇ ਕੁੱਟਮਾਰ ਕੀਤੀ ਗਈ। ਨੇਪਾਲ ਵਿਚ ਸੋਸ਼ਲ ਮੀਡੀਆ 'ਤੇ ਪਾਬੰਦੀ ਤੋਂ ਬਾਅਦ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ। ਮੰਗਲਵਾਰ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਦਾਖਲ ਹੋ ਗਏ। ਇਸ ਤੋਂ ਪਹਿਲਾਂ ਨੇਪਾਲ ਦੇ ਫੌਜ ਮੁਖੀ ਨੇ ਪ੍ਰਧਾਨ ਮੰਤਰੀ ਨੂੰ ਇਹ ਕਹਿੰਦਿਆਂ ਅਸਤੀਫਾ ਦੇਣ ਲਈ ਕਿਹਾ ਸੀ ਕਿ ਅਸਤੀਫਾ ਦੇਣ ਨਾਲ ਹਾਲਾਤ ਸੁਧਰ ਸਕਦੇ ਹਨ। ਇਸ ਤੋਂ ਪਹਿਲਾਂ ਓਲੀ ਸਰਕਾਰ ਦੇ 3 ਮੰਤਰੀਆਂ ਨੇ ਵੀ ਅਸਤੀਫਾ ਦੇ ਦਿੱਤਾ ਸੀ ਤੇ ਵਿਰੋਧੀ ਪਾਰਟੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਸੀ। ਇਸੇ ਦੌਰਾਨ ਨੇਪਾਲ ਦੇ ਸੰਸਦ ਭਵਨ ਤੇ ਇਕ ਮੰਤਰੀ ਦੇ ਘਰ ਨੂੰ ਅੱਗ ਲਾ ਦਿੱਤੀ ਗਈ। ਨੇਪਾਲ ਦੇ ਕਈ ਹਿੱਸਿਆਂ ਵਿੱਚ ਵਿਦਿਆਰਥੀਆਂ ਦੀ ਅਗਵਾਈ ਵਿੱਚ ਨਵੇਂ ਸਿਰੇ ਤੋਂ ਪ੍ਰਦਰਸ਼ਨ ਹੋਏ। ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੇ ਜਨਤਕ ਇਕੱਠਾਂ 'ਤੇ ਪਾਬੰਦੀ ਦੀ ਉਲੰਘਣਾ ਕਰਦੇ ਹੋਏ ਪ੍ਰਧਾਨ ਮੰਤਰੀ ਓਲੀ ਦੇ ਅਸਤੀਫ਼ੇ ਦੀ ਮੰਗ ਕੀਤੀ।

ਇੱਕ ਰਿਪੋਰਟ ਮੁਤਾਬਕ ਕਾਠਮੰਡੂ ਦੇ ਕਾਲੰਕੀ ਅਤੇ ਬਨੇਸ਼ਵਰ ਦੇ ਨਾਲ-ਨਾਲ ਲਲਿਤਪੁਰ ਜ਼ਿਲ੍ਹੇ ਦੇ ਚਾਪਗਾਉਂ-ਥੇਚੋ ਖੇਤਰ ਤੋਂ ਧਰਨੇ-ਪ੍ਰਦਰਸ਼ਨਾਂ ਦੀ ਰਿਪੋਰਟ ਮਿਲੀ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗਲਵਾਰ ਸਵੇਰੇ ਲਲਿਤਪੁਰ ਦੇ ਸੁਨਾਕੋਠੀ ਵਿੱਚ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰੀ ਪ੍ਰਿਥਵੀ ਸੁਬਾ ਗੁਰੰਗ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ। ਗੁਰੰਗ ਨੇ ਸੋਸ਼ਲ ਮੀਡੀਆ ਸਾਈਟਾਂ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਦਿੱਤਾ ਸੀ। ਪੁਲਸ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ ਸ਼ੁਰੂ ਵਿੱਚ ਮੰਤਰੀ ਦੇ ਘਰ 'ਤੇ ਪੱਥਰ ਸੁੱਟੇ, ਜਿਸ ਤੋਂ ਬਾਅਦ ਹਾਲਾਤ ਅਗਜ਼ਨੀ ਤੱਕ ਪਹੁੰਚ ਗਏ। 'ਦ ਹਿਮਾਲੀਅਨ ਟਾਈਮਜ਼' ਦੀ ਰਿਪੋਰਟ ਅਨੁਸਾਰ ਭੰਨਤੋੜ ਅਤੇ ਅੱਗ ਲੱਗਣ ਦੀ ਇੱਕ ਘਟਨਾ ਵਾਪਰੀ ਹੈ, ਹਾਲਾਂ ਕਿ ਹਾਲਾਤ ਹੁਣ ਕਾਬੂ ਹੇਠ ਹਨ।

ਉਧਰ ਇੱਕ ਤਾਜ਼ਾ ਘਟਨਾਕ੍ਰਮ ਵਿੱਚ ਨੇਪਾਲ ਦੇ ਖੇਤੀਬਾੜੀ ਮੰਤਰੀ ਰਾਮ ਨਾਥ ਅਧਿਕਾਰੀ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾ ਪ੍ਰਦਰਸ਼ਨਕਾਰੀਆਂ ਖਿਲਾਫ਼ ਸਰਕਾਰ ਦੀ ਕਾਰਵਾਈ ਦੀ ਨਿਖੇਧੀ ਕੀਤੀ। 'ਦ ਕਾਠਮੰਡੂ ਪੋਸਟ' ਦੀ ਰਿਪੋਰਟ ਅਨੁਸਾਰ ਨੇਪਾਲੀ ਕਾਂਗਰਸ ਦੇ ਸ਼ੇਖਰ ਕੋਇਰਾਲਾ ਧੜੇ ਦੇ ਮੈਂਬਰ ਅਧਿਕਾਰੀ ਨੇ ਸੋਮਵਾਰ ਦੇ 'ਜਨਰਲ ਜ਼ੈੱਡ' ਵਿਰੋਧ ਪ੍ਰਦਰਸ਼ਨਾਂ ਪ੍ਰਤੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਖਿਲਾਫ਼ ਅਸਤੀਫਾ ਦੇ ਦਿੱਤਾ। ਉਨ੍ਹਾਂ ਦਾ ਅਸਤੀਫ਼ਾ ਗ੍ਰਹਿ ਮੰਤਰੀ ਰਮੇਸ਼ ਲੇਖਕ ਦੇ ਸੋਮਵਾਰ ਨੂੰ ਅਸਤੀਫ਼ਾ ਦੇਣ ਤੋਂ ਬਾਅਦ ਆਇਆ ਹੈ, ਜਿਨ੍ਹਾ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਸਰਕਾਰ ਦੇ ਢੰਗ-ਤਰੀਕੇ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫ਼ਾ ਦੇ ਦਿੱਤਾ ਸੀ।

ਪ੍ਰਦਰਸ਼ਨਕਾਰੀਆਂ ਨੇ ਤੜਕਸਾਰ ਤੋਂ ਹੀ ਸੜਕਾਂ ਨੂੰ ਰੋਕਣ ਲਈ ਟਾਇਰ ਸਾੜੇ। ਉਨ੍ਹਾਂ 'ਕੇ ਪੀ ਚੋਰ, ਦੇਸ਼ ਛੱਡੋ', 'ਭ੍ਰਿਸ਼ਟ ਨੇਤਾਵਾਂ ਵਿਰੁੱਧ ਕਾਰਵਾਈ ਕਰੋ' ਵਰਗੇ ਨਾਅਰੇ ਲਗਾਏ। ਪ੍ਰਦਰਸ਼ਨਕਾਰੀਆਂ ਨੇ ਲਲਿਤਪੁਰ ਦੇ ਖੁਮਲਤਾਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ ਪ੍ਰਚੰਡ ਦੇ ਘਰ ਦੀ ਵੀ ਭੰਨਤੋੜ

• ਬਾਕੀ ਸਫ਼ਾ 2 'ਤੇ

## ਕ੍ਰਿਸ਼ਮਾ ਕਪੂਰ ਦੇ ਬੱਚੇ ਹਿੱਸਾ ਲੈਣ ਕੋਰਟ ਪੁੱਜੇ

**ਨਵੀਂ ਦਿੱਲੀ** : ਸਾਬਕਾ ਪਤੀ ਤੇ ਮਰਹੂਮ ਉਦਯੋਗਪਤੀ ਸੰਜੇ ਕਪੂਰ ਦੀ 30,000 ਕਰੋੜ ਰੁਪਏ ਦੀ ਜਾਇਦਾਦ ਵਿੱਚੋਂ ਹਿੱਸਾ ਲੈਣ ਲਈ ਕ੍ਰਿਸ਼ਮਾ ਕਪੂਰ ਦੇ ਦੋ ਬੱਚਿਆਂ ਨੇ ਦਿੱਲੀ ਹਾਈ ਕੋਰਟ ਦਾ ਰੁਖ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੀ ਮਤਰੇਈ ਮਾਂ ਪ੍ਰਿਆ ਕਪੂਰ (ਸੰਜੇ ਕਪੂਰ ਦੀ ਤੀਜੀ ਪਤਨੀ) ਨੇ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਪੂਰਾ ਕਬਜ਼ਾ ਕਰਨ ਦੀ ਮਨਸ਼ਾ ਨਾਲ ਵਸੀਅਤ (ਸੰਜੇ ਕਪੂਰ ਦੀ) 'ਚ ਜਾਲ੍ਹਸਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੰਜੇ ਕਪੂਰ ਦੀ 12 ਜੂਨ ਨੂੰ ਵਿੰਡਸਰ (ਯੂ ਕੇ) ਵਿੱਚ ਮੌਤ ਹੋ ਗਈ ਸੀ। ਕ੍ਰਿਸ਼ਮਾ ਕਪੂਰ ਦਾ ਸੰਜੇ ਕਪੂਰ ਨਾਲ 2003 ਵਿੱਚ ਵਿਆਹ ਹੋਇਆ ਸੀ ਤੇ 2016 'ਚ ਤਲਾਕ ਹੋ ਗਿਆ ਸੀ।

## ਐਸ਼ਵਰਿਆ ਦਾ ਦਰਦ

**ਨਵੀਂ ਦਿੱਲੀ** : ਅਦਾਕਾਰਾ ਐਸ਼ਵਰਿਆ ਰਾਏ ਬਚਨ ਨੇ ਮੰਗਲਵਾਰ ਦਿੱਲੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਹ ਉਨ੍ਹਾ ਦੀ ਸ਼ਖਸੀਅਤ ਦੇ ਅਧਿਕਾਰਾਂ ਦੀ ਰੱਖਿਆ ਕਰੇ। ਸੀਨੀਅਰ ਵਕੀਲ ਸੰਦੀਪ ਸੇਠੀ ਨੇ ਕੋਰਟ ਨੂੰ ਦੱਸਿਆ ਕਿ ਇੰਟਰਨੈੱਟ 'ਤੇ ਐਸ਼ਵਰਿਆ ਦੀਆਂ ਨਕਲੀ ਨਿੱਜੀ ਤਸਵੀਰਾਂ ਘੁੰਮ ਰਹੀਆਂ ਹਨ। ਸੇਠੀ ਨੇ ਰਾਏ ਵੱਲੋਂ ਦਲੀਲ ਦਿੱਤੀ, 'ਮੇਰੀਆਂ ਤਸਵੀਰਾਂ, ਮੇਰੇ ਜਿਹੇ ਹੋਣ ਜਾਂ ਮੇਰੇ ਵਿਅਕਤੀਤਵ ਦੀ ਵਰਤੋਂ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ। ਇੱਕ ਵਿਅਕਤੀ ਸਿਰਫ ਮੇਰਾ ਨਾਂਅ ਅਤੇ ਚਿਹਰਾ ਲਗਾ ਕੇ ਪੈਸੇ ਕਮਾ ਰਿਹਾ ਹੈ।'

## ਖਬਰਦਾਰ !



**ਬੇਂਗਲੁਰੂ** : ਇੱਥੇ ਕਾਰ ਦੀ ਸਨਰੂਫ ਤੋਂ ਬਾਹਰ ਸਿਰ ਕੱਢਣ ਵਾਲੇ ਛੇ ਸਾਲਾ ਮੁੰਡੇ ਦਾ ਸਿਰ ਪੋਲ ਬੈਰੀਅਰ ਵਿੱਚ ਵੱਜਣ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਕਾਰ ਮੁੰਡੇ ਦੀ ਮਾਂ ਚਲਾ ਰਹੀ ਸੀ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ ਨੇ ਤਿੱਖੀ ਪ੍ਰਤੀਕਿਰਿਆ ਕੀਤੀ ਹੈ। ਇੱਕ ਯੂਜ਼ਰ ਨੇ ਕਿਹਾ ਕਿ ਕ੍ਰਿਪਾ ਕਰਕੇ ਬੱਚਿਆਂ ਨੂੰ ਸਨਰੂਫ ਤੋਂ ਸਿਰ ਬਾਹਰ ਕੱਢਣ ਦੇਣ ਦੀ ਮੂਰਖਤਾ ਬੰਦ ਕਰੋ। ਇੱਕ ਹੋਰ ਨੇ ਲਿਖਿਆ ਹੈ ਕਿ ਸੂਰਜ ਨੂੰ ਅੰਦਰ ਆਉਣ ਦਿਓ, ਬੱਚੇ ਨੂੰ ਸਿਰ ਬਾਹਰ ਨਾ ਕੱਢਣ ਦਿਓ।

## ਬਿਮਾਰੀਆਂ ਨਾਲ ਨਜਿੱਠਣ ਲਈ ਸਰਕਾਰ ਪੂਰੀ ਤਰ੍ਹਾਂ ਤਿਆਰ : ਅਰੋੜਾ

**ਪਠਾਨਕੋਟ (ਦਵਿੰਦਰ ਸਿੰਘ)**

ਸਾਡੀ ਸਰਕਾਰ ਦਾ ਤੇ ਸਾਡੀ ਪਾਰਟੀ ਦਾ ਇੱਕ ਹੀ ਉਦੇਸ਼ ਰਿਹਾ ਹੈ ਕਿ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਲੋਕਾਂ ਨੂੰ ਪ੍ਰਦਾਨ ਕੀਤੀ ਜਾਵੇ ਅਤੇ ਸਾਡੀ ਇਹ ਜ਼ਿੰਮੇਵਾਰੀ ਹੈ। ਇਨ੍ਹਾਂ ਦੋਵਾਂ ਕਾਰਜਾਂ 'ਤੇ ਸਾਡਾ ਫੋਕਸ ਰਹਿੰਦਾ ਹੈ। ਜ਼ਿਲ੍ਹਾ ਪਠਾਨਕੋਟ ਅੰਦਰ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਦੀ ਦੇਖ-ਰੇਖ ਵਿੱਚ ਦੋਵੇਂ ਕਾਰਜ ਸਿਹਤ ਅਤੇ ਸਿੱਖਿਆ ਵਧੀਆ ਚੱਲ ਰਹੇ ਹਨ। ਇਹ ਪ੍ਰਗਟਾਵਾ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਨੇ ਮੰਗਲਵਾਰ ਸਿਵਲ ਹਸਪਤਾਲ ਪਠਾਨਕੋਟ ਦਾ ਦੌਰਾ ਕਰਨ ਮਗਰੋਂ ਕੀਤਾ। ਇਸ ਮੌਕੇ ਉਨ੍ਹਾ ਨਾਲ ਕਟਾਰੂਚੱਕ ਅਤੇ ਆਮ ਆਦਮੀ ਪਾਰਟੀ ਦੇ ਹੋਰ ਵੀ ਵਰਕਰ ਹਾਜ਼ਰ ਸਨ।ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਜ਼ਿਲ੍ਹਾ ਪਠਾਨਕੋਟ ਵਿੱਚ ਵੀ ਕਾਫੀ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ, ਹੁਣ ਤੱਕ ਹੜ੍ਹ ਪ੍ਰਭਾਵਿਤ ਖੇਤਰਾਂ ਅੰਦਰ



ਰਿਲੀਫ ਦੇ ਕਾਰਜ ਚੱਲ ਰਹੇ ਸਨ। ਉਨ੍ਹਾ ਕਿਹਾ ਕਿ ਹੁਣ ਜਿਸ ਤਰ੍ਹਾਂ ਪਾਣੀ ਦਾ ਪੱਧਰ ਹੇਠਾਂ ਜਾਵੇਗਾ ਤਾਂ ਬਿਮਾਰੀਆਂ ਫੈਲਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ, ਜਿਸ ਨੂੰ ਲੈ ਕੇ ਸਿਹਤ ਵਿਭਾਗ ਵੱਲੋਂ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਲੋਕਾਂ ਦੇ ਘਰ ਟੁੱਟ ਗਏ, ਪਸ਼ੂਆਂ ਦੀ ਮੌਤ ਹੋਈ, ਫਸਲਾਂ ਦਾ ਨੁਕਸਾਨ ਹੋਇਆ, ਇਸ 'ਤੇ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਜੋ ਸਥਿਤੀ 15-20 ਦਿਨਾਂ ਦੇ ਬਾਅਦ ਵਿੱਚ ਨਜ਼ਰ ਆਏਗੀ, ਉਸ ਸੰਕੇਤ ਨੂੰ ਲੈ ਕੇ ਪਹਿਲਾ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਉਨ੍ਹਾ ਕਿਹਾ ਕਿ ਮਾਝੇ ਦੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਹੜ੍ਹ ਆਏ ਹਨ, ਉਨ੍ਹਾਂ ਨੂੰ ਪ੍ਰੇਸਾਨ ਹੋਣ ਦੀ ਲੋੜ ਨਹੀਂ, ਪੰਜਾਬ ਸਰਕਾਰ, ਸਾਰਾ ਮੰਤਰੀ ਮੰਡਲ, ਸਾਰਾ ਪ੍ਰਸ਼ਾਸਨ, ਆਮ ਆਦਮੀ ਪਾਰਟੀ ਦਾ ਹਰੇਕ ਵਰਕਰ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹੈ।

## ਪ੍ਰਗਿਆ ਨੂੰ ਬਰੀ ਕਰਨ ਖਿਲਾਫ ਹਾਈ ਕੋਰਟ 'ਚ ਅਪੀਲ

**ਮੁੰਬਈ** : 2008 ਦੇ ਮਾਲੇਗਾਉਂ ਧਮਾਕੇ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਭਾਜਪਾ ਆਗੂ ਪ੍ਰਗਿਆ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਅਤੇ ਪੰਜ ਹੋਰਾਂ ਨੂੰ ਬਰੀ ਕਰਨ ਦੇ ਖਿਲਾਫ ਪੀੜਤ ਪਰਵਾਰਾਂ ਨੇ ਬੰਬੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

ਇਸ ਮਾਮਲੇ ਦੀ ਪਹਿਲਾਂ ਸੁਣਵਾਈ ਐੱਨ ਆਈ ਏ ਅਦਾਲਤ ਵਿੱਚ ਹੋਈ ਸੀ। ਅਦਾਲਤ ਨੇ ਕਿਹਾ ਸੀ ਕਿ ਇਸ ਮਾਮਲੇ ਦਾ ਮੁਲਾਂਕਣ ਕਰਨ 'ਤੇ ਇਸਤਗਾਸਾ ਪੱਖ ਕੋਈ ਠੋਸ ਸਬੂਤ ਪੇਸ਼ ਕਰਨ ਵਿੱਚ ਅਸਫਲ ਰਿਹਾ ਹੈ। ਇਹ ਹੁਕਮ ਵਿਸ਼ੇਸ਼ ਜੱਜ ਏ ਕੇ ਲਾਹੋਟੀ ਨੇ ਸੁਣਾਏ ਸਨ।

## ਥਾਈਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿਨਾਵਾਤਰਾ ਨੂੰ ਹਸਪਤਾਲ ਦੀ ਥਾਂ ਜੇਲ੍ਹ 'ਚ ਰੱਖਣ ਦਾ ਹੁਕਮ



**ਬੈਂਕਾਕ** : ਸੁਪਰੀਮ ਕੋਰਟ ਨੇ ਭ੍ਰਿਸ਼ਟਾਚਾਰ ਤੇ ਸੱਤਾ ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ ਥਾਈਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਥਾਕਸਿਨ ਸ਼ਿਨਾਵਾਤਰਾ ਨੂੰ ਮੰਗਲਵਾਰ ਜੇਲ੍ਹ ਭੇਜ ਦਿੱਤਾ। ਅਦਾਲਤ ਨੇ ਸ਼ਿਨਵਾਤਰਾ ਦੀ ਹਸਪਤਾਲ ਵਿੱਚ ਨਜ਼ਰਬੰਦੀ ਨੂੰ ਜੇਲ੍ਹ ਤੋਂ ਬਚਣ ਦੀ ਚਾਲ ਕਰਾਰ ਦਿੰਦਿਆਂ ਇਕ ਸਾਲ ਜੇਲ੍ਹ ਜਾਣ ਦੇ ਹੁਕਮ ਸੁਣਾਏ। ਅਦਾਲਤ ਦੇ ਇਸ ਫੈਸਲੇ ਨਾਲ ਦੋ ਦਹਾਕਿਆਂ ਤੋਂ ਰਾਜਨੀਤੀ 'ਤੇ ਹਾਵੀ ਰਹੇ ਸ਼ਕਤੀਸ਼ਾਲੀ ਸ਼ਿਨਾਵਾਤਰਾ ਪਰਵਾਰ ਨੂੰ ਵੱਡਾ ਝਟਕਾ ਲੱਗਿਆ ਹੈ।

ਸ਼ਿਨਾਵਾਤਰਾ ਨੇ 15 ਸਾਲਾਂ ਦੀ ਸਵੈ-ਜਲਾਵਤਨੀ ਤੋਂ ਬਾਅਦ ਥਾਈਲੈਂਡ ਦੀ ਜੇਲ੍ਹ ਵਿੱਚ ਸਿਰਫ ਕੁਝ ਘੰਟੇ ਹੀ ਬਿਤਾਏ ਸਨ ਤੇ ਉਸ ਨੂੰ ਦਿਲ ਦੀ ਸਮੱਸਿਆ ਤੇ ਛਾਤੀ ਵਿੱਚ ਦਰਦ ਦੀ ਸ਼ਿਕਾਇਤ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ 2001-2006 ਤੱਕ ਸ਼ਿਨਾਵਾਤਰਾ 'ਤੇ ਪ੍ਰਧਾਨ ਮੰਤਰੀ ਰਹਿੰਦੇ ਹੋਏ ਭ੍ਰਿਸ਼ਟਾਚਾਰ ਤੇ ਸ਼ਕਤੀ ਦੀ ਦੁਰਵਰਤੋਂ ਦੇ ਦੋਸ਼ ਲੱਗੇ ਸਨ। ਉਸ ਦੀ ਅੱਠ ਸਾਲ ਦੀ ਸਜ਼ਾ ਨੂੰ ਥਾਈਲੈਂਡ ਦੇ ਰਾਜਾ ਨੇ ਇੱਕ ਸਾਲ ਵਿੱਚ ਬਦਲ ਦਿੱਤਾ ਅਤੇ ਉਸ ਨੂੰ ਹਸਪਤਾਲ ਵਿੱਚ ਸਿਰਫ ਛੇ ਮਹੀਨੇ ਦੀ ਨਜ਼ਰਬੰਦੀ ਤੋਂ ਬਾਅਦ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ। ਉਸ ਨੇ ਪੂਰਾ ਸਮਾਂ ਇੱਕ ਹਸਪਤਾਲ ਦੇ ਵੀ ਆਈ ਪੀ ਵਿੰਗ ਵਿੱਚ ਬਿਤਾਇਆ। ਸੁਪਰੀਮ ਕੋਰਟ ਨੇ ਹੁਕਮ ਦਿੰਦਿਆਂ ਕਿਹਾ ਕਿ ਉਸ ਨੂੰ ਜੇਲ੍ਹ ਵਿੱਚ ਇੱਕ ਸਾਲ ਦੀ ਸਜ਼ਾ ਕੱਟਣੀ ਚਾਹੀਦੀ ਹੈ।

## ਕੇ ਐੱਲ ਐੱਮ ਦੀਆਂ 100 ਉਡਾਨਾਂ ਰੱਦ ਹੋਣਗੀਆਂ

**ਐਮਸਟਰਡਮ** : ਹਾਲੈਂਡ ਦੀ ਕੇ ਐੱਲ ਐੱਮ ਏਅਰਲਾਈਨ ਸਮੂਹ ਦੇ ਮੁਲਾਜ਼ਮ 10 ਸਤੰਬਰ ਨੂੰ ਆਪਣੇ ਮਸਲਿਆਂ ਨੂੰ ਲੈ ਕੇ ਦੋ ਘੰਟੇ ਦੀ ਹੜਤਾਲ 'ਤੇ ਰਹਿਣਗੇ। ਇਸ ਕਾਰਨ 100 ਉਡਾਨਾਂ ਰੱਦ ਕੀਤੀਆਂ ਜਾਣਗੀਆਂ, ਜਿਸ ਕਰਕੇ 27,000 ਯਾਤਰੀ ਪ੍ਰਭਾਵਤ ਹੋਣਗੇ। ਯੂਰਪੀਅਨ ਏਅਰਲਾਈਨਾਂ ਇਨ੍ਹਾਂ ਗਰਮੀਆਂ ਵਿੱਚ ਹੜਤਾਲਾਂ ਨਾਲ ਜੂਝ ਰਹੀਆਂ ਹਨ।

ਕੇ ਐੱਲ ਐੱਮ ਨੇ ਪਿਛਲੇ ਹਫਤੇ ਕੁਝ ਮਜ਼ਦੂਰ ਯੂਨੀਅਨਾਂ ਨਾਲ ਇੱਕ ਸਮਝੌਤਾ ਕੀਤਾ ਸੀ, ਪਰ ਇਸ ਮਾਮਲੇ ਦਾ ਹੱਲ ਨਹੀਂ ਹੋਇਆ। ਮੁਲਾਜ਼ਮਾਂ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਗਰਾਊਂਡ ਸਟਾਫ ਵੱਲੋਂ ਦੋ ਘੰਟੇ ਦੀ ਹੜਤਾਲ ਕੀਤੀ ਜਾਵੇਗੀ, ਜਿਸ ਤੋਂ ਬਾਅਦ ਅਗਲੇ ਬੁੱਧਵਾਰ, 17 ਸਤੰਬਰ ਨੂੰ ਸਵੇਰੇ ਚਾਰ ਘੰਟੇ ਦੀ ਹੜਤਾਲ ਕੀਤੀ ਜਾਵੇਗੀ।

## ਪਾਰਟੀ ਕਾਂਗਰਸ ਦੇ ਫੰਡ ਲਈ ਭਰਵਾਂ ਹੁੰਗਾਰਾ

### ਭਾਈਕਾ ਪਰਵਾਰ ਵੱਲੋਂ ਡੇਢ ਲੱਖ ਦਾ ਯੋਗਦਾਨ



**ਮੋਗਾ** : ਜ਼ਿਲ੍ਹੇ ਦੇ ਪਿੰਡ ਬਹੋਨਾ ਦਾ ਵਸਨੀਕ ਭਾਈਕਾ ਪਰਵਾਰ ਕਿਸੇ ਵੱਖਰੀ ਜਾਣ-ਪਛਾਣ ਦਾ ਮੁਥਾਜ਼ ਨਹੀਂ। ਪਰਵਾਰ ਦੇ ਮੁਖੀ ਭਾਈ ਉਜਾਗਰ ਸਿੰਘ ਦੇ ਨਾਂਅ ਤੋਂ ਪਰਵਾਰ ਭਾਈਕਾ ਟੱਬਰ ਦੇ ਨਾਂਅ ਨਾਲ ਜਾਣਿਆ ਜਾਣ ਲੱਗਾ।ਪਿਛਲੀ ਸਦੀ ਦੇ 40ਵੇਂ ਦਹਾਕੇ 'ਚ ਕਮਿਊਨਿਸਟ ਵਿਚਾਰਧਾਰਾ ਨੇ ਪਰਵਾਰ 'ਚ ਦਸਤਕ ਦਿੱਤੀ। ਭਾਈ ਉਜਾਗਰ ਸਿੰਘ ਦੇ ਵੱਡੇ ਸਪੁੱਤਰ ਸ਼ੇਰ ਸਿੰਘ ਅਤੇ ਉਸ ਤੋਂ ਛੋਟੇ ਅਜਮੇਰ ਸਿੰਘ ਦੇਸ਼ ਨੂੰ ਆਜ਼ਾਦ ਹੋਣ ਤੋਂ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਚੁੱਕੇ ਸਨ।ਅਜ਼ਾਦੀ ਉਪਰੰਤ ਕਮਿਊਨਿਸਟ ਪਾਰਟੀ ਦੇ ਅੰਡਰਗਰਾਊਂਡ ਹੋਣ ਕਾਰਨ ਸ਼ੇਰ ਸਿੰਘ ਕਾਨਪੁਰ ਗੁਪਤਵਾਸ ਰਹਿ ਕੇ ਆਪਣੇ ਟਰਾਂਸਪੋਰਟ ਦੇ ਕਾਰੋਬਾਰ ਦੇ ਨਾਲ-ਨਾਲ ਪਾਰਟੀ ਲਈ ਨਾ ਸਿਰਫ਼ ਕੰਮ ਕਰਦੇ ਰਹੇ, ਸਗੋਂ ਉਹਨਾ ਉਥੇ ਟਰਾਂਸਪੋਰਟ ਕਾਰੋਬਾਰੀਆਂ ਦੀ ਪਾਰਟੀ ਬ੍ਰਾਂਚ ਵੀ ਖੜੀ ਕੀਤੀ।ਇਸੇ ਬ੍ਰਾਂਚ ਦਾ ਇੱਕ ਮੈਂਬਰ ਜੀਤ ਸਿੰਘ ਖਾਲਸਾ 1980 ਦੀਆਂ ਵਿਧਾਨ ਸਭਾ ਚੋਣਾਂ ਚ ਕਾਨਪੁਰ ਸ਼ਹਿਰ ਦੇ ਅਸੈਂਬਲੀ ਹਲਕਿਆਂ 'ਚੋਂ ਇੱਕ ਤੇ ਭਾਰਤੀ ਕਮਿਊਨਿਸਟ ਪਾਰਟੀ ਦਾ ਉਮੀਦਵਾਰ ਸੀ

• ਬਾਕੀ ਸਫ਼ਾ 2 'ਤੇ

### ਕਾਮਰੇਡ ਜਗਜੀਤ ਸਿੰਘ ਬਾਗ਼ੀ ਪਰਵਾਰ ਵੱਲੋਂ ਇਕ ਲੱਖ ਦਾ ਸਹਿਯੋਗ



**ਚੰਡੀਗੜ੍ਹ** : ਕਾਮਰੇਡ ਜਗਜੀਤ ਸਿੰਘ ਬਾਗੀ ਉੱਘੇ ਸੁਤੰਤਰਤਾ ਸੰਗਰਾਮੀ, ਕਿਸਾਨ ਆਗੂ ਅਤੇ ਸਾਬਕਾ ਚੇਅਰਮੈਨ ਸੂਬਾ ਪਾਰਟੀ ਕੰਟਰੋਲ ਕਮਿਸ਼ਨ ਦੇ ਪਰਵਾਰ ਨੇ 25ਵੇਂ ਮਹਾਂ-ਸੰਮੇਲਨ ਲਈ ਇਕ ਲੱਖ ਰੁਪਏ ਪਾਰਟੀ ਦੇ ਸੂਬਾ ਸਕੱਤਰ ਬੰਤ ਬਰਾੜ ਨੂੰ ਦਿੱਤੇ। ਉਹਨਾ ਦੇ ਬੇਟੇ ਕਰਮਜੀਤ ਸਿੰਘ ਕੰਗ, ਪੋਤਰੇ ਡਾ. ਯਾਦਵਿੰਦਰ ਕੰਗ ਅਤੇ ਦਾਮਾਦ ਦਵਿੰਦਰ ਸਿੰਘ ਜਟਾਣਾ ਨੇ ਕਿਹਾ ਕਿ ਕਾਮਰੇਡ ਬਾਗ਼ੀ ਨੇ ਪੂਰੀ ਜ਼ਿੰਦਗੀ ਸਮਰਾਲਾ, ਲੁਧਿਆਣਾ ਤੇ ਸਮੁੱਚੇ ਪੰਜਾਬ ਵਿਚ ਕਿਸਾਨ ਸੰਘਰਸ਼ਾਂ ਵਿਚ ਉੱਘਾ ਯੋਗਦਾਨ ਪਾਇਆ। ਆਜ਼ਾਦੀ ਲਹਿਰ ਸਮੇਂ ਉਹਨਾ ਫੌਜ ਵਿੱਚੋਂ ਬਗਾਵਤ ਕਰ ਪਾਰਟੀ ਦਾ ਝੰਡਾ ਫੜ ਲਿਆ। ਦੇਸ਼ ਬਟਵਾਰੇ ਸਮੇਂ ਮੁੜ-ਵਸੇਬੇ ਵਿਚ ਨਿਭਾਈ ਉਹਨਾ ਦੀ ਭੂਮਿਕਾ ਲੋਕ ਮਨਾਂ ਵਿਚ ਅੱਜ ਵੀ ਤਾਜ਼ਾ ਹੈ। ਸਮੁੱਚਾ ਬਾਗ਼ੀ ਪਰਵਾਰ ਪਾਰਟੀ ਮਹਾਂ-ਸੰਮੇਲਨ ਦੀ ਸਫਲਤਾ ਲਈ ਸ਼ੁੱਭ ਇੱਛਾਵਾਂ ਭੇਜਦਾ ਹੈ। ਸਾਥੀ ਬਰਾੜ ਵੱਲੋਂ ਪਰਵਾਰ ਦਾ ਧੰਨਵਾਦ ਕੀਤਾ ਅਤੇ ਆਸ਼ੀਰਵਾਦ ਵੀ ਦਿੱਤਾ ਗਿਆ।

### ਬੂਟਾ ਸਿੰਘ ਦੇ ਬੇਟੇ ਵੱਲੋਂ 5100 ਦਾ ਯੋਗਦਾਨ



**ਮਾਨਸਾ (ਆਤਮਾ ਸਿੰਘ)**-ਸਾਬਕਾ ਵਿਧਾਇਕ ਕਾਮਰੇਡ ਬੂਟਾ ਸਿੰਘ ਦੇ ਬੇਟੇ ਮਨਜੀਤ ਸਿੰਘ ਵੱਲੋਂ 5100 ਰੁਪਏ, 15,000 ਰੁਪਏ ਰਘਵੀਰ ਸਿੰਘ ਦਲੇਲ ਸਿੰਘ ਵਾਲਾ ਅਤੇ 5000 ਰੁਪਏ ਉੱਘੇ ਕਹਾਣੀਕਾਰ ਦਰਸ਼ਨ ਜੋਗਾ, ਇੱਕ ਹਜ਼ਾਰ ਰੁਪਏ ਮੱਖਣ ਮਾਨਸਾ, 2100 ਰੁਪਏ ਕਾਮਰੇਡ ਕਾਕਾ ਸਿੰਘ ਪ੍ਰਧਾਨ ਐੱਫ ਸੀ ਆਈ ਤੇ ਇੱਕ ਹਜ਼ਾਰ ਰੁਪਏ ਈਸ਼ਰ ਸਿੰਘ ਗੁਰਨੇ ਵੱਲੋਂ ਪਾਰਟੀ ਕਾਂਗਰਸ ਲਈ ਫੰਡ 'ਚ ਸਹਿਯੋਗ ਕੀਤਾ ਗਿਆ। ਮਾਨਸਾ ਜ਼ਿਲ੍ਹੇ ਵਿੱਚੋਂ ਇੱਕ ਹਜ਼ਾਰ ਸਾਥੀਆਂ ਦੇ ਵੱਡੇ ਕਾਫ਼ਲੇ ਰੈਲੀ 'ਚ ਸ਼ਮੂਲੀਅਤ ਵੀ ਕਰਨਗੇ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਮਹਾਂ ਸੰਮੇਲਨ ਪਾਰਟੀ ਸਫ਼ਾਂ ਦੀ ਮਜ਼ਬੂਤੀ ਦਾ ਸਰੋਤ ਬਣੇਗਾ, ਕਿਉਂਕਿ ਪੁਰਾਣੇ ਪਾਰਟੀ ਵਰਕਰਾਂ ਤੇ ਹਮਦਰਦਾਂ ਸਮੇਤ ਆਮ ਲੋਕਾਂ ਵੱਲੋਂ ਹਰ ਕਿਸਮ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਰਤਨ ਭੋਲਾ ਸ਼ਹਿਰੀ ਸਕੱਤਰ, ਏਟਕ ਆਗੂ ਕਾਮਰੇਡ ਬੂਟਾ ਸਿੰਘ ਬਰਨਾਲਾ, ਉਸਾਰੀ ਯੂਨੀਅਨ ਦੇ ਸੁਖਦੇਵ ਸਿੰਘ ਮਾਨਸਾ ਵੀ ਹਾਜ਼ਰ ਸਨ।

## ਅੱਜ-ਨਾਮਾ

ਜਿਸ ਤਰ੍ਹਾਂ ਬੱਚੇ ਨੇਪਾਲੀ ਨੇ ਭੜਕ ਉੱਠੇ,
ਪਾਰਲੀਮੈਂਟ ਵੀ ਦਿੱਤੀ ਗਈ ਸਾੜ ਬੇਲੀ।
ਸੁਪਰੀਮ ਕੋਰਟ ਵੀ ਉਨ੍ਹਾਂ ਨੇ ਸਾੜ ਛੱਡੀ,
ਦਿੱਤੀ ਸਰਕਾਰ ਉਹ ਜੜ੍ਹੋਂ ਉਖਾੜ ਬੇਲੀ।
ਮੰਤਰੀ ਕੁੱਟੇ, ਕਈ ਕੀਤੇ ਨੇ ਪਏ ਜ਼ਖਮੀ,
ਰਹਿੰਦੇ ਲੱਭਦੇ ਫਿਰਨ ਕੋਈ ਆੜ ਬੇਲੀ।
ਲੋਕਤੰਤਰ ਦਾ ਜਿਵੇਂ ਸੀ ਅਕਸ ਬਣਿਆ,
ਮੁਖੌਟਾ ਰਹਿੰਦਾ ਵੀ ਛੱਡਿਆ ਪਾੜ ਬੇਲੀ।
ਭੜਕੀ ਅੱਗ ਇਹ ਜਿਵੇਂ ਨੇਪਾਲ ਦੇ ਵਿੱਚ,
ਵਾਚਣੀ ਚਾਹੀਦੀ ਉਹਦੀ ਹੈ ਰਮਜ਼ ਬੇਲੀ।
ਬਾਕੀ ਦੇਸ਼ਾਂ ਤੱਕ ਪਹੁੰਚ ਹੈ ਲਾਗ ਸਕਦੀ,
ਉਨ੍ਹਾਂ ਦੇ ਆਗੂ ਵੀ ਲੈਣ ਖਾਂ ਸਮਝ ਬੇਲੀ।

-ਤੀਸ ਮਾਰ ਖਾਂ

## ਤਨਖਾਹ ਨਾ ਮਿਲਣ 'ਤੇ ਪੀ ਆਰ ਟੀ ਸੀ ਕਾਮੇ ਮਾਯੂਸ

**ਪਟਿਆਲਾ** : ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਮੰਗਲਵਾਰ ਪੀ ਆਰ ਟੀ ਸੀ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵੱਲੋਂ ਸੂਬਾਈ ਪੱਧਰ ਦੀ ਜਨਰਲ ਬਾਡੀ ਮੀਟਿੰਗ ਕੀਤੀ ਗਈ, ਜਿਸ ਵਿੱਚ 300 ਤੋਂ ਵੱਧ ਸੇਵਾ-ਮੁਕਤ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੀ ਪ੍ਰਧਾਨਗੀ ਉਤਮ ਸਿੰਘ ਬਾਗੜੀ, ਰਾਮ ਸਰੂਪ ਅਗਰਵਾਲ, ਪਰਮਿੰਦਰ ਪਾਲ, ਬਾਬੂ ਸਿੰਘ 'ਤੇ ਆਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਜਥੇਬੰਦੀ ਦੇ ਸਰਪ੍ਰਸਤ ਨਿਰਮਲ ਸਿੰਘ ਧਾਲੀਵਾਲ ਸ਼ਾਮਲ ਹੋਏ। ਸੇਵਾ-ਮੁਕਤ ਕਰਮਚਾਰੀਆਂ ਦੀ ਇਸ ਵਿਸ਼ਾਲ ਮੀਟਿੰਗ ਨੂੰ ਨਿਰਮਲ ਸਿੰਘ ਧਾਲੀਵਾਲ, ਮੁਹੰਮਦ ਖਲੀਲ ਅਤੇ ਰਾਮ ਸਰੂਪ ਅਗਰਵਾਲ ਨੇ ਸੰਬੋਧਨ ਕਰਦਿਆਂ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਿਥੇ ਇਸ ਸਰਕਾਰ ਨੇ ਪੰਜਾਬ ਦੀ ਸਮੁੱਚੀ ਮਜ਼ਦੂਰ ਜਮਾਤ ਅਤੇ ਮੁਲਾਜ਼ਮਾਂ ਦੀਆਂ ਕਾਨੂੰਨੀ ਤੌਰ ਤੇ ਵਾਜਬ ਮੰਗਾਂ ਤੇ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਹੋਰ ਉਲਝਾਇਆ ਹੈ, ਉੱਥੇ ਨਾਲ ਹੀ ਪੀ ਆਰ ਟੀ ਸੀ ਉਪਰ ਜੋ ਮੁਫ਼ਤ ਸਫਰ ਸਹੂਲਤਾਂ ਦਾ ਬੋਝ ਪਾ ਕੇ ਬਣਦੇ ਪੈਸੇ ਨਾ ਦੇ ਕੇ ਵਰਕਰਾਂ ਦੀਆਂ ਤਨਖਾਹਾਂ ਅਤੇ ਪੈਨਸ਼ਨ ਦਾ ਕਦੇ ਵੀ ਭੁਗਤਾਨ ਸਮੇਂ ਸਿਰ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀਆਂ ਦੇ 150 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਵੀ ਸਾਲਾਂਬੱਧੀ ਸਮੇਂ ਤੋਂ ਨਹੀਂ ਦਿੱਤੇ ਜਾ ਰਹੇ, ਜਿਨ੍ਹਾਂ ਵਿੱਚ ਪੇ ਕਮਿਸ਼ਨ ਦਾ ਏਰੀਅਰ, ਗਰੈਚੂਟੀ, ਲੀਵ ਇਨ ਕੈਸ਼ਮੈਂਟ, ਮੈਡੀਕਲ ਬਿੱਲਾਂ ਦਾ ਭੁਗਤਾਨ, ਡੀ ਏ ਦਾ ਬਕਾਇਆ ਆਦਿ ਸ਼ਾਮਲ ਹਨ। ਸਰਕਾਰ ਵੱਲੋਂ ਪੀ ਆਰ ਟੀ ਸੀ ਵਿੱਚ ਨਵੀਆਂ ਬੱਸਾਂ ਪਾਉਣ ਵਿੱਚ ਕੋਈ ਦਿਲਚਸਪੀ ਨਹੀਂ, ਜਦ ਕਿ ਸਰਕਾਰ ਨੇ ਬੱਸਾਂ ਦੀ ਖਰੀਦ ਲਈ ਕੋਈ ਪੈਸਾ ਵੀ ਨਹੀਂ ਦੇਣਾ, ਜਿਸ ਤੋਂ ਸਾਫ ਹੈ ਕਿ ਸਰਕਾਰ ਦੀ ਪ੍ਰਾਈਵੇਟ ਬੱਸ ਮਾਫੀਆ ਨਾਲ ਗੁੰਢਤੁੱਪ ਪਿਛਲੀਆਂ ਸਰਕਾਰਾਂ ਵਾਂਗ ਹੀ ਹੈ। ਪੰਜਾਬ ਸਰਕਾਰ ਪੀ ਆਰ ਟੀ ਸੀ ਦੇ 300—400 ਵਰਕਰਾਂ ਨੂੰ 1992 ਦੀ ਪੈਨਸ਼ਨ ਦਾ ਲਾਭ ਦੇਣ ਤੋਂ ਇਨਕਾਰੀ ਹੈ, ਜਦ ਕਿ ਇਹ ਇੱਕ ਮਾਮੂਲੀ ਜਿਹਾ ਵਿੱਤੀ ਬੋਝ ਹੀ ਹੈ। ਆਗੂਆਂ ਕਿਹਾ ਕਿ ਮੈਨੇਜਮੈਂਟ ਨੇ ਵਾਅਦਾ ਕੀਤਾ ਸੀ ਕਿ ਤਨਖਾਹ/ ਪੈਨਸ਼ਨ 9 ਸਤੰਬਰ ਨੂੰ ਪਾ ਦਿੱਤੀ ਜਾਵੇਗੀ, ਪਰ ਅੱਜ ਇਕੱਲੀ ਪੈਨਸ਼ਨ ਹੀ ਪਾਈ ਹੈ। ਤਨਖਾਹ ਨਹੀਂ ਦਿੱਤੀ, ਜਦ ਕਿ ਹੜ੍ਹਾ ਦੇ ਪ੍ਰਕੋਪ ਦੇ ਸਮੇਂ ਵਿੱਚ ਤਨਖਾਹ ਦਾ ਭੁਗਤਾਨ ਤੁਰੰਤ ਕਰਨਾ ਬਣਦਾ ਸੀ। ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਅਤੇ ਮੈਨੇਜਮੈਂਟ ਕਿੰਨੀ ਗੈਰ-ਸੰਜੀਦਾ ਹੈ। ਭਾਈਚਾਰਾ ਯੂਨੀਅਨ ਇਸ ਅਨਿਆਂ ਦੀ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਤਨਖਾਹ ਦੀ ਅਦਾਇਗੀ ਤੁਰੰਤ ਕੀਤੀ ਜਾਵੇ। ਮੀਟਿੰਗ ਦਾ ਮੰਚ ਸੰਚਾਲਣ ਸੁਖਦੇਵ ਰਾਮ ਸੁੱਖੀ ਨੇ ਕੀਤਾ। ਅੰਤ ਵਿੱਚ ਧੰਨਵਾਦ ਉਤਮ ਸਿੰਘ ਬਾਗੜੀ ਨੇ ਕੀਤਾ।



## ਮਾਊਂਟ ਲਿਟਰਾ ਜ਼ੀ 'ਚ ਅਧਿਆਪਕਾਂ ਦਾ ਸਨਮਾਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਮਾਊਂਟ ਲਿਟ੍ਰਾ ਜ਼ੀ ਸਕੂਲ ਵਿੱਚ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।ਸਮਾਰੋਹ 'ਚ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ।ਇਨ੍ਹਾਂ ਵਿੱਚ ਗੀਤ, ਨਾਚ, ਨਾਟਕ ਤੇ ਭਾਵਨਾਤਮਕ ਭਾਸ਼ਣ ਸ਼ਾਮਲ ਸਨ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਪ੍ਰਤੀ ਪਿਆਰ ਪ੍ਰਗਟਾਇਆ। ਸਮਾਰੋਹ ਦੀ ਵਿਸ਼ੇਸ਼ ਰੌਣਕ ਐਪ੍ਰੀਸੀਏਸ਼ਨ ਸਰਟੀਫਿਕੇਟ (ਸਨਮਾਨ ਪੱਤਰ) ਦੇ ਕੇ ਸਾਰੇ ਅਧਿਆਪਕਾਂ ਨੂੰ ਸਨਮਾਨਤ ਕਰਨਾ ਸੀ।ਇਹ ਉਨ੍ਹਾਂ ਦੀ ਸਮਰਪਣ ਭਾਵਨਾ, ਮਿਹਨਤ ਤੇ ਵਿਦਿਆਰਥੀਆਂ ਦੇ ਭਵਿੱਖ ਨਿਰਮਾਣ 'ਚ ਯੋਗਦਾਨ ਦੀ ਕਦਰ ਸੀ।ਜਿਕਰਯੋਗ ਹੈ ਕਿ ਹਾਲ ਹੀ ਵਿੱਚ ਸੂਬੇ 'ਚ ਆਈ ਭਿਆਨਕ ਹੜ੍ਹ ਕਾਰਨ ਛੁੱਟੀਆਂ ਦੌਰਾਨ ਵੀ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਪੜ੍ਹਾਈ ਰੁਕਣ ਨਾ ਦੇਣ ਲਈ ਆਨਲਾਈਨ ਮੋਡ ਰਾਹੀਂ ਕਲਾਸਾਂ ਜਾਰੀ ਰੱਖੀਆਂ।ਇਸ ਵਿਲੱਖਣ ਸਮਰਪਣ ਅਤੇ ਜ਼ਿੰਮੇਵਾਰੀ ਲਈ ਵੀ ਅਧਿਆਪਕਾਂ ਦੀ ਵੱਡੀ ਸ਼ਲਾਘਾ ਕੀਤੀ ਗਈ।ਇਸ ਦਿਨ ਨੂੰ ਹੋਰ ਵੀ ਰੰਗੀਨ ਬਣਾਉਣ ਲਈ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਭੂਮਿਕਾ ਨਿਭਾਈ ਤੇ ਕਲਾਸਾਂ ਲਾਈਆਂ।ਸਕੂਲ ਦਾ ਮਾਹੌਲ ਖੁਸ਼ੀ, ਮੌਜ-ਮਸਤੀ ਅਤੇ ਕ੍ਰਿਤਜਤਾ ਨਾਲ ਭਰਪੂਰ ਰਿਹਾ।ਸਕੂਲ ਦੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਸਾਰੇ ਅਧਿਆਪਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਅਧਿਆਪਕ ਹੀ ਅਸਲ ਰਾਸ਼ਟਰ ਨਿਰਮਾਤਾ ਹਨ, ਜੋ ਸਿੱਖਿਆ, ਮੁੱਲਾਂ ਤੇ ਪ੍ਰੇਰਣਾ ਰਾਹੀਂ ਭਵਿੱਖ ਦੀ ਰਚਨਾ ਕਰਦੇ ਹਨ।

## ਕੌਸ਼ਲ ਪਰਵਾਰ ਨੇ ਮੁੱਖ ਮੰਤਰੀ ਰਾਹਤ ਫੰਡ 'ਚ ਯੋਗਦਾਨ ਪਾਇਆ



**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਰਾਜ ਬਿਜਲੀ ਬੋਰਡ ਦੇ ਸੇਵਾ ਮੁਕਤ ਜੂਨੀਅਰ ਇੰਜਨੀਅਰ ਗੋਰਾ ਲਾਲ ਕੌਸ਼ਲ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਆਪਣੀ ਇੱਕ ਮਹੀਨੇ ਦੀ ਪੈਨਸ਼ਨ ਦੇ 50 ਹਜ਼ਾਰ ਰੁਪਏ ਮੁੱਖ ਮੰਤਰੀ ਰਾਹਤ ਫੰਡ ਲਈ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੂੰ ਭੇਟ ਕੀਤੇ, ਜਦੋਂਕਿ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਮਧੂ ਸ਼ਰਮਾ, ਡਾਇਰੈਕਟਰ ਰੌਬਿਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਧੂਰੀ ਵੱਲੋਂ 25 ਹਜ਼ਾਰ ਰੁਪਏ ਦਾ ਚੈੱਕ ਘੁੱਲੀ ਨੂੰ ਰਾਹਤ ਫੰਡ ਲਈ ਸੌਂਪਿਆ ਗਿਆ।

## ਕੇਂਦਰ ਹੜ੍ਹਾਂ ਦੇ ਮੱਦੇਨਜ਼ਰ 50000 ਕਰੋੜ ਦਾ ਵਿਸ਼ੇਸ਼ ਰਾਹਤ ਪੈਕੇਜ ਦੇਵੇ : ਸ਼ਾਹਪੁਰ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ 'ਚ ਭਾਰੀ ਬਰਸਾਤ ਤੇ ਸਾਰੇ ਡੈਮਾਂ ਤੋਂ ਭਾਰੀ ਮਾਤਰਾ 'ਚ ਆ ਰਹੇ ਪਾਣੀ ਦੇ ਤੇਜ਼ ਵਹਾਅ ਨੇ ਹਰ ਪਾਸੇ ਭਾਰੀ ਤਬਾਹੀ ਕਰ ਦਿੱਤੀ ਹੈ।ਸਾਬਕਾ ਜ਼ਿਲ੍ਹਾ ਵੈਟਨਰੀ ਇੰਸਪੈਕਟਰ ਅਤੇ ਲੋਕ ਸੇਵਾ ਸੋਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸ਼ਾਹਪੁਰ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਹੜ੍ਹਾਂ ਕਾਰਨ ਫਸਲਾਂ, ਮਕਾਨਾਂ, ਪਸ਼ੂਆਂ ਤੇ ਘਰੇਲੂ ਸਮਾਨ ਦੀ ਬਿਲਕੁਲ ਬਰਬਾਦੀ ਹੋ ਗਈ ਹੈ।ਲੋਕ ਘਰੋਂ ਬੇਘਰ ਹੋ ਗਏ ਹਨ।ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਲੋਕਾਂ ਦੀ ਪੁੱਤਾਂ ਵਾਂਗ ਪਾਲੀ ਚਾਰ ਲੱਖ ਏਕੜ ਫਸਲ ਬਰਬਾਦ ਕਰ ਦਿੱਤੀ ਹੈ।ਇਸ ਤੋਂ ਇਲਾਵਾ ਮਕਾਨਾਂ, ਪਸ਼ੂਆਂ ਤੇ ਘਰੇਲੂ ਸਮਾਨ ਵੀ ਬਿਲਕੁਲ ਨਸ਼ਟ ਹੋ ਗਿਆ ਹੈ ਤੇ ਕਾਫ਼ੀ ਲੋਕਾਂ ਦੀ ਮੌਤ ਵੀ ਹੋ ਗਈ ਹੈ।ਲੋਕਾਂ ਦੇ ਘਰ ਤੇ ਖੇਤ ਵੀ ਭਾਰੀ ਗਾਰ ਦੇ ਆਉਣ ਨਾਲ ਬਰਬਾਦ ਹੋ ਗਏ ਹਨ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ 'ਚ ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨਿਆ ਜਾਵੇ, ਕਿਉਂਕਿ ਇਨ੍ਹਾਂ ਹੜ੍ਹਾਂ ਦੌਰਾਨ ਬੁਨਿਆਦੀ ਢਾਂਚਾ ਹੀ ਤਹਿਸ ਨਹਿਸ ਹੋ ਗਿਆ ਹੈ, ਜਿਸ ਦੀ ਪੂਰਤੀ ਕਰਨਾ ਤਾਂ ਬਹੁਤ ਅਸੰਭਵ ਹੈ, ਪਰ ਸੰਭਵ ਮੱਦਦ ਕਰਨਾ ਸਮੇਂ ਦੀ ਲੋੜ ਤੇ ਹਰ ਵਿਅਕਤੀ ਦਾ ਮੁਢਲਾ ਫ਼ਰਜ਼ ਹੈ।

## ਬਲਾਕ ਪੱਧਰ 'ਤੇ ਮਹਿਲਾ ਵਿੰਗ ਨੂੰ ਮਜ਼ਬੂਤ ਕੀਤਾ ਜਾਵੇਗਾ : ਅਜਿੰਦਰ ਕੌਰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਆਮ ਆਦਮੀ ਪਾਰਟੀ 2027 ਦੀਆਂ ਚੋਣਾਂ ਲਈ ਤਿਆਰੀ ਕਰ ਰਹੀ ਹੈ ਤੇ ਮਹਿਲਾ ਵਿੰਗ ਨੂੰ ਮਜ਼ਬੂਤ ??ਕਰਨ ਲਈ ਬਲਾਕ ਪੱਧਰ 'ਤੇ ਨਿਯੁਕਤੀਆਂ ਕਰ ਰਹੀ ਹੈ ਤਾਂ ਜੁ ਆਉਣ ਵਾਲੀਆਂ ਚੋਣਾਂ ਵਿੱਚ ਮਹਿਲਾ ਵਿੰਗ ਵਿਸ਼ੇਸ਼ ਭੂਮਿਕਾ ਨਿਭਾ ਸਕੇ।ਉਪਰੋਕਤ ਗੱਲ ਆਮ ਆਦਮੀ ਪਾਰਟੀ ਮਹਿਲਾ ਵਿੰਗ ਮਾਲਵਾ ਸੈਂਟਰਲ ਜ਼ੋਨ ਇੰਚਾਰਜ ਅਜਿੰਦਰ ਕੌਰ ਨੇ ਮੁੱਖ ਬਾਜ਼ਾਰ ਵਿੱਚ ਹਲਕਾ ਕੋਆਰਡੀਨੇਟਰ ਸੀਮਾ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਤ ਮਹਿਲਾ ਸੰਗਠਨ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ।ਹਲਕਾ ਵਿਧਾਇਕ ਅਮੋਲਕ ਸਿੰਘ ਅਤੇ ਅਜਿੰਦਰ ਕੌਰ ਨੂੰ ਪਾਰਟੀ ਵਰਕਰਾਂ ਵੱਲੋਂ ਸਨਮਾਨਤ ਕੀਤਾ ਗਿਆ।ਅਜਿੰਦਰ ਕੌਰ ਨੇ ਹਾਜ਼ਰ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਦੀਆਂ ਔਰਤਾਂ ਨੂੰ ਮੁਹੱਲਾ ਕਲੀਨਿਕ, ਮੁਫ਼ਤ ਬਿਜਲੀ, ਮੁਫ਼ਤ ਸਿੱਖਿਆ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਤੇ ਹਰ ਮਹੀਨੇ ਉਨ੍ਹਾਂ ਦੇ ਘਰੇਲੂ ਬਜਟ ਵਿੱਚ 10 ਤੋਂ 12000 ਰੁਪਏ ਤੱਕ ਦੀ ਕਟੌਤੀ ਕੀਤੀ ਹੈ, ਜਿਸ ਲਈ ਸੂਬੇ ਦੇ ਲੋਕ ਸਰਕਾਰ ਦੀਆਂ ਨੀਤੀਆਂ ਦੀ ਸ਼ਲਾਘਾ ਕਰ ਰਹੇ ਹਨ ਤੇ ਪਿਛਲੇ ਕੁਝ ਦਿਨਾਂ ਵਿੱਚ ਲਗਾਤਾਰ ਮੀਂਹ ਕਾਰਨ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ, ਮਹਿਲਾ ਸੰਗਠਨ ਮੰਤਰੀ, ਵਿਧਾਇਕ, ਪਾਰਟੀ ਅਧਿਕਾਰੀਆਂ ਦੇ ਨਾਲ-ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹੋਏ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦਿੱਤੀ ਤੇ ਪਹਿਲੀ ਵਾਰ ਕਿਸੇ ਸਰਕਾਰ ਦੇ ਵਰਕਰ ਹੜ੍ਹ ਦੀ ਸਥਿਤੀ ਵਿੱਚ ਲੋਕਾਂ ਵਿੱਚ ਘੁੰਮ ਰਹੇ ਹਨ।

## ਹੜ੍ਹਾਂ ਨਾਲ ਸੜਕੀ ਆਵਾਜਾਈ ਪ੍ਰਭਾਵਤ, ਬਠਿੰਡਾ ਤੋਂ ਅੰਮ੍ਰਿਤਸਰ ਜਾਣ ਵਾਲੇ ਲੋਕ ਬਦਲਵੇਂ ਰੂਟ ਲਈ ਮਜਬੂਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ 'ਚ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ। ਇਸ ਦਾ ਅਸਰ ਹਰ ਵਰਗ 'ਤੇ ਵੀ ਪੈ ਰਿਹਾ ਹੈ।ਸੜਕੀ ਆਵਾਜਾਈ ਵੀ ਪੂਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਨੈਸ਼ਨਲ ਸੜਕਾਂ 'ਤੇ ਆਉਣ ਜਾਣ ਵਾਲੇ ਰਾਹਗੀਰ ਬਦਲਵੇਂ ਰੂਟਾਂ ਲਈ ਮਜਬੂਰ ਹਨ, ਕਿਉਂਕਿ ਸੜਕਾਂ 'ਤੇ ਪਾਣੀ ਆਉਣ ਕਰਕੇ ਰਾਹਗੀਰਾਂ ਵਿੱਚ ਡਰ ਦਾ ਮਾਹੌਲ ਹੈ।ਬਠਿੰਡਾ ਅੰਮ੍ਰਿਤਸਰ ਰੋਡ 'ਤੇ ਵੀ ਅੰਮ੍ਰਿਤਸਰ ਵਾਲੇ ਪਾਸੇ ਆਏ ਹੜ੍ਹਾਂ ਦੀ ਮਾਰ ਕਰਕੇ ਹੋਏ ਨੁਕਸਾਨ ਦੇ ਮਾਰੇ ਰਾਹਗੀਰ ਦੂਜੀਆਂ ਸੜਕਾਂ 'ਤੇ ਜਾਣ ਲਈ ਮਜਬੂਰ ਹਨ।ਹੜ੍ਹਾਂ ਦੀ ਮਾਰ ਕਰਕੇ ਸੜਕਾਂ ਤੇ ਆਵਾਜਾਈ ਵੀ ਘੱਟ ਹੋਈ ਹੈ। ਇਸ ਦੇ ਨਾਲ ਟੋਲ ਪਲਾਜ਼ਿਆਂ 'ਤੇ ਵੀ ਮੰਦੀ ਦੀ ਮਾਰ ਪਈ ਹੈ, ਹਰ ਵਰਗ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। ਰਾਹਗੀਰਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਆਏ ਹੜ੍ਹਾਂ ਨੇ ਹਰ ਪਾਸੇ ਨੁਕਸਾਨ ਕੀਤਾ ਹੈ, ਜਿਸ ਕਰਕੇ ਸ਼ਹਿਰ ਤੋਂ ਦੂਰ ਜਾਣਾ ਨੁਕਸਾਨ ਦੇ ਸਾਬਤ ਹੋ ਸਕਦਾ ਹੈ, ਜਿਸ ਕਰਕੇ ਨੈਸ਼ਨਲ ਸੜਕਾਂ ਦੇ ਨਾਲ ਬਦਲਵੇਂ ਰੂਟ ਹੀ ਦੇਖ ਕੇ ਸਫ਼ਰ ਕਰਨ ਲਈ ਜਾਣਾ ਪੈ ਰਿਹਾ ਹੈ।

# ਨੌਜਵਾਨ ਭਾਰਤ ਸਭਾ ਦਾ ਜਨਰਲ ਅਜਲਾਸ ਸੰਪੰਨ

### ਰਾਜੂ ਖਾਨੇਵਾਲ ਪ੍ਰਧਾਨ ਤੇ ਗੌਰਵ ਸ਼ੁਤਰਾਣਾ ਸਕੱਤਰ ਚੁਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਨੌਜਵਾਨ ਭਾਰਤ ਸਭਾ ਵੱਲੋਂ ਜਰਨਲ ਅਜਲਾਸ ਗੁਰਦੁਆਰਾ ਰਵਿਦਾਸ ਮੰਦਰ ਵਿਖੇ ਹੋਇਆ, ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਪਿੰਡਾਂ ਦੀਆਂ ਕਮੇਟੀਆਂ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਤੇ 9 ਮੈਂਬਰੀ ਇਲਾਕਾ ਕਮੇਟੀ ਦੀ ਚੋਣ ਕੀਤੀ ਗਈ।

ਇਜਲਾਸ ਦੌਰਾਨ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਗੁਰਦੀਪ ਕਲਵਾਣੂ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਪਿਛਲੇ ਸਮੇਂ ਦੌਰਾਨ ਇਲਾਕੇ ਵਿੱਚ ਕੀਤੀਆਂ ਗਈਆਂ ਸਰਗਰਮੀਆਂ ਸਬੰਧੀ ਰਿਪੋਰਟ ਪੇਸ਼ ਕੀਤੀ।ਰਿਪੋਰਟ ਦੌਰਾਨ ਨੌਜਵਾਨਾਂ ਦੇ ਸਵਾਲਾਂ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਨੇ ਨੌਜਵਾਨਾਂ ਨਾਲ ਜਥੇਬੰਦੀ ਦੇ ਅਰਥ ਤੇ ਮਹੱਤਤਾ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ।ਉਨ੍ਹਾਂ ਪਾਤੜਾਂ ਇਲਾਕੇ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਹੱਲ ਲਈ ਪਹਿਲਕਦਮੀ ਲੈਣ ਵਾਲੀ ਸਿਆਣੀ ਲੀਡਰਸ਼ਿਪ ਉਭਾਰਨ ਦੀ ਲੋੜ 'ਤੇ ਜ਼ੋਰ ਦਿੱਤਾ।ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਵੱਲੋਂ ਨੌਜਵਾਨਾਂ ਦੇ ਉਠਾਏ ਸਵਾਲਾਂ ਦੇ ਜਵਾਬ ਦਿੱਤੇ ਗਏ।ਇਸ ਤੋਂ ਬਾਅਦ ਨੌਂ ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ, ਜਿਸ ਨੂੰ ਨੌਜਵਾਨਾਂ ਨੇ ਸਰਬਸੰਮਤੀ ਨਾਲ ਪਾਸ ਕੀਤਾ।ਕਮੇਟੀ ਦੀ ਚੋਣ ਕਰਦੇ ਹੋਏ ਰਾਜੂ ਖਾਨੇਵਾਲ ਨੂੰ ਪ੍ਰਧਾਨ, ਬਲਵਿੰਦਰ ਖਾਂਗ ਨੂੰ ਮੀਤ ਪ੍ਰਧਾਨ, ਗੌਰਵ ਸ਼ੁਤਰਾਣਾ ਨੂੰ ਸਕੱਤਰ, ਸਾਹਿਬ ਗੁਲਾੜ ਨੂੰ ਖ਼ਜ਼ਾਨਚੀ, ਗੁਰਮੀਤ ਅੰਨਦਾਨਾ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਪ੍ਰਦੀਪ ਖਨੌਰੀ, ਮਿੰਟੂ ਨਿਆਲ, ਅਮਨ ਨਾਈਵਾਲਾ ਨੂੰ ਮੈਂਬਰ ਵਜੋਂ ਚੁਣਿਆ ਗਿਆ ਤੇ ਇੱਕ ਸੀਟ ਖਾਲੀ ਰੱਖੀ ਗਈ ਹੈ।

ਇਜਲਾਸ ਵਿਚ ਭਰਾਤਰੀ ਜਥੇਬੰਦੀ ਪੰਜਾਬ ਸਟੂਡੈਂਟ ਯੂਨੀਅਨ ਦੇ ਜ਼ਿਲ੍ਹਾ ਆਗੂ ਅਕਸ਼ੈ ਘੱਗਾ ਨੇ ਵੀ ਸ਼ਿਰਕਤ ਕੀਤੀ ਅਤੇ ਨੌਜਵਾਨਾਂ ਅੱਗੇ ਸੰਗਠਨ ਦੀ ਮਹੱਤਤਾ ਉਜਾਗਰ ਕੀਤੀ।ਆਏ ਹੋਏ ਨੌਜਵਾਨਾਂ ਦਾ ਧੰਨਵਾਦ ਜ਼ਿਲ੍ਹਾ ਆਗੂ ਸੰਦੀਪ ਖੱਤਰੀ ਨੇ ਕੀਤਾ।

## 500 ਗ੍ਰਾਮ ਹੈਰੋਇਨ ਸਮੇਤ 1 ਕਾਬੂ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਜਾਰੀ ਸਖ਼ਤ ਕਾਰਵਾਈ 'ਚ ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ ਨਸ਼ਾ ਤਸਕਰੀ ਖਿਲਾਫ਼ ਵੱਡੀ ਕਾਰਵਾਈ ਕਰਦਿਆਂ 500 ਗ੍ਰਾਮ ਹੈਰੋਇਨ ਸਮੇਤ 01 ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ।ਐਸ.ਐਸ.ਪੀ. ਡਾ. ਅਖਿਲ ਚੌਧਰੀ ਆਈ.ਪੀ.ਐਸ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸਾਰੀਆਂ ਪੁਲਿਸ ਟੀਮਾਂ ਨੂੰ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਖ਼ਿਲਾਫ਼ ਤੇਜ਼ ਤੇ ਨਿਰੰਤਰ ਕਾਰਵਾਈ ਕਰਨ ਲਈ ਤਾਇਨਾਤ ਕੀਤਾ ਗਿਆ ਹੈ।ਇਨ੍ਹਾਂ ਹੀ ਦਿਸ਼ਾ-ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਸੀ.ਆਈ.ਏ-2 ਮਲੋਟ ਪੁਲਸ ਟੀਮ ਨੇ ਐਸ.ਪੀ (ਡੀ) ਤੇ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਨਾਕਾਬੰਦੀ ਦੌਰਾਨ ਇੱਕ ਅੰਤਰ-ਜ਼ਿਲ੍ਹਾ ਹੈਰੋਇਨ ਸਪਲਾਈ ਚੇਨ ਨੂੰ ਸਫ਼ਲਤਾਪੂਰਵਕ ਰੋਕਿਆ।ਕਾਰਵਾਈ ਦੌਰਾਨ 500 ਗ੍ਰਾਮ ਹੈਰੋਇਨ ਬਰਾਮਦ ਹੋਈ ਤੇ ਇੱਕ ਮਹੱਤਵਪੂਰਣ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਕਈ ਜ਼ਿਲ੍ਹਿਆਂ ਵਿੱਚ ਨਸ਼ਾ ਤਸਕਰੀ ਨਾਲ ਜੁੜਿਆ ਹੋਇਆ ਸੀ।

## 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਸ਼ਲਾਘਾਯੋਗ : ਢਿੱਲੋਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵੱਲੋ ਸੂਬੇ ਦੇ ਹੜ ਪੀੜਤ ਲੋਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤ ਵਿੱਚ ਜੋ ਫੈਸਲੇ ਲਏ ਗਏ ਹਨ, ਉਹ ਸੂਬੇ ਦੇ ਲੋਕਾਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਦਾ ਕੰਮ ਕਰਨਗੇ। ਕਿਸਾਨਾਂ ਨੂੰ ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਕਾਰਨ ਉਨ੍ਹਾਂ ਦੇ ਖੇਤਾਂ ਵਿੱਚ ਇਕੱਠੀ ਹੋਈ ਰੇਤ ਤੇ ਮਿੱਟੀ ਨੂੰ ਕੱਢਣ ਅਤੇ ਵੇਚਣ, ਫ਼ਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਦੇਣ, ਹੜ੍ਹਾਂ 'ਚ ਮਾਰੇ ਵਿਅਕਤੀਆਂ ਦੇ ਪਰਵਾਰਾਂ ਨੂੰ 4-4 ਲੱਖ ਰੁਪਏ ਦੇਣ ਦੇ ਹੋਰ ਜੋ ਫੈਸਲੇ ਲਏ ਗਏ ਹਨ, ਉਹ ਇੱਕ ਪ੍ਰਸ਼ੰਸਾਯੋਗ ਕਦਮ ਹਨ। ਕਿਸਾਨਾਂ ਨੂੰ ਖੇਤ ਵਿੱਚੋਂ ਰੇਤ ਤੇ ਮਿੱਟੀ ਕੱਢ ਕੇ ਵੇਚਣ ਦੀ ਦਿੱਤੀ ਪ੍ਰਵਾਨਗੀ ਨਾਲ ਕੁਝ ਹੱਦ ਤੱਕ ਕਿਸਾਨਾਂ ਨੂੰ ਵਿੱਤੀ ਰਾਹਤ ਮਿਲੇਗੀ ਤੇ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਫੈਸਲੇ ਸ਼ਲਾਘਾਯੋਗ ਹਨ। 'ਆਪ' ਪਟਿਆਲਾ ਲੋਕ ਸਭਾ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਪੰਜਾਬ ਮੰਤਰੀ ਮੰਡਲ ਵੱਲੋਂ ਲਏ ਫੈਸਲੇ ਨੂੰ ਸ਼ਲਾਘਾਯੋਗ ਦੱਸਿਆ ਗਿਆ। ਢਿੱਲੋਂ ਨੇ ਦਸਿਆ ਕਿ ਅੱਜ ਤੱਕ 20 ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਨੁਕਸਾਨ ਮੁਆਵਜ਼ਾ ਦੇਸ ਵਿੱਚ ਕਿਸੇ ਸੂਬੇ ਨੇ ਨਹੀਂ ਦਿੱਤਾ ਹੈ, ਜੋ ਬਹੁਤ ਹੀ ਵੱਡਾ ਕਦਮ ਹੈ।

## ਸ਼ਹਿਰਾਂ 'ਚ 447 ਇਲੈਕਟ੍ਰਿਕ ਬੱਸਾਂ ਚਲਾਵਾਂਗੇ : ਰਵਜੋਤ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮੰਗਲਵਾਰ ਦੱਸਿਆ ਕਿ ਸੂਬਾ ਸਰਕਾਰ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਪਟਿਆਲਾ ਅਤੇ ਮੁਹਾਲੀ ਵਿੱਚ ਜਲਦ ਹੀ ਆਧੁਨਿਕ ਚਾਰਜਿੰਗ ਬੁਨਿਆਦੀ ਢਾਂਚਾ ਸਥਾਪਤ ਕਰਕੇ 447 ਇਲੈਕਟ੍ਰਿਕ ਬੱਸਾਂ ਸ਼ੁਰੂ ਕਰੇਗੀ।ਇੱਥੇ 'ਈ-ਮੋਬਿਲਿਟੀ ਅਤੇ ਸਸਟੇਨੇਬਲ ਪਬਲਿਕ ਟ੍ਰਾਂਸਪੋਰਟੇਸ਼ਨ 'ਤੇ ਪੰਜਾਬ ਕਨਕਲੇਵ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਪੰਜਾਬ ਸੂਬਾ ਵਾਤਾਵਰਣ ਅਨੁਕੂਲ ਜਨਤਕ ਆਵਾਜਾਈ ਦੀ ਦਿਸ਼ਾ ਵਿੱਚ ਵੱਡੀ ਤਬਦੀਲੀ ਦਾ ਗਵਾਹ ਬਣੇਗਾ।



## ਬਾਬਾ ਬੁੱਲ੍ਹੇ ਸ਼ਾਹ ਮੇਲਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਇੱਕ ਲੱਖ ਦੀ ਰਾਸ਼ੀ ਭੇਟ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਪਿੰਡ ਕੰਧਵਾਲਾ ਹਾਜ਼ਰ ਖਾਂ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੇਲਾ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਵਾਰ 56ਵਾਂ ਸਾਈ ਬਾਬਾ ਬੁੱਲੇ ਸ਼ਾਹ ਦਾ ਮੇਲਾ 9-10 ਸਤੰਬਰ ਨੂੰ ਕੰਧ ਵਾਲਾ ਹਾਜ਼ਰ ਖਾਂ ਮਨਾਇਆ ਜਾ ਰਿਹਾ, ਪਰ ਇਸ ਵਾਰ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਨੂੰ ਲੈਕੇ ਬਾਬਾ ਬੁੱਲੇ ਸ਼ਾਹ ਜੀ ਦਾ ਮੇਲਾ ਕਮੇਟੀ ਨੇ ਫੈਸਲਾ ਲੈਂਦੇ ਹੋਏ ਇੱਕ ਲੱਖ ਦੀ ਰਾਸ਼ੀ ਹੜ੍ਹ ਪ੍ਰਭਾਵਤ ਲੋਕਾ ਨੂੰ ਦੇਣ ਦਾ ਫੈਸਲਾ ਕੀਤਾ ਅਤੇ ਬਾਬਾ ਬੁੱਲੇ ਸ਼ਾਹ ਕਮੇਟੀ ਕੰਧ ਵਾਲਾ ਹਾਜ਼ਰ ਖਾਂ ਵੱਲੋਂ ਸਰਪ੍ਰਸਤ ਰਿਟਾਇਰ ਡੀ.ਐਸ.ਪੀ ਦਰਸ਼ਨ ਸਿੰਘ ਦੀ ਆਗਵਾਈ ਵਿੱਚ ਹੜ੍ਹ ਨਾਲ ਹੋਈ ਤਬਾਹੀ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ, ਮੈਡਮ ਅਮਰਪ੍ਰੀਤ ਕੌਰ ਸੰਧੂ ਨੂੰ ਰੈਡ ਸੁਸਾਇਟੀ ਲਈ ਹੜ੍ਹ ਪੀੜਤਾਂ ਲਈ ਇੱਕ ਲੱਖ ਦੀ ਰਾਸ਼ੀ ਭੇਟ ਕੀਤੀ ਗਈ।

ਮੌਜੂਦਾ ਸਰਪੰਚ ਪ੍ਰਗਟ ਸਿੰਘ, ਸਾਬਕਾ ਸਰਪੰਚ ਜਸਵੰਤ ਸਿੰਘ ਸੰਧੂ, ਸਾਬਕਾ ਚੇਅਰਮੈਨ ਬਲਾਕ ਸੰਮਤੀ ਸੁਖਿੰਦਰ ਸਿੰਘ ਭੁੱਲਰ ਖ਼ਜ਼ਾਨਚੀ ਹਰਪ੍ਰੀਤ ਸਿੰਘ, ਪ੍ਰੋਫੈਸਰ ਸ਼ੇਰ ਸਿੰਘ, ਮਨਜੀਤ ਸਿੰਘ ਮੈਬਰ ਪੰਚਾਇਤ, ਸੁਖਵਿੰਦਰ ਸਿੰਘ ਮੇਲਾ ਕਮੇਟੀ ਪ੍ਰਧਾਨ ਮੌਜੂਦ ਸਨ। ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਪਾਣੀ ਉਤਰਨ ਤੋਂ ਬਾਅਦ ਪਿੰਡ ਕੰਧ ਵਾਲਾ ਹਾਜ਼ਰ ਖਾਂ ਹਰ ਪ੍ਰਕਾਰ ਦੀ ਸੇਵਾ ਨਿਭਾਉਣ ਵਾਸਤੇ ਹਾਜ਼ਰ ਹੈ।

## ਰਾਹਤ ਸਮੱਗਰੀ ਨਾਲ ਭਰਿਆ ਟਰੱਕ ਰਵਾਨਾ ਕੀਤਾ



**ਜਗਰਾਉਂ (ਅਮਿਤ ਖੰਨਾ)**-'ਕਰ ਭਲਾ ਹੋ ਭਲਾ' ਸੁਸਾਇਟੀ ਵੱਲੋਂ ਹੜ ਪੀੜਤ ਇਲਾਕੇ ਦੇ ਲੋਕਾਂ ਲਈ ਰਾਹਤ ਸਮੱਗਰੀ ਨਾਲ ਭਰਿਆ ਟਰੱਕ ਰਵਾਨਾ ਕੀਤਾ ਗਿਆ। ਸੁਸਾਇਟੀ ਦੇ ਚੇਅਰਮੈਨ ਰੋਹਿਤ ਅਰੋੜਾ ਵਾਈਸ ਚੇਅਰਮੈਨ ਰਜਿੰਦਰ ਜੈਨ ਕਾਕਾ ਤੇ ਪ੍ਰਧਾਨ ਮਦਨ ਲਾਲ ਅਰੋੜਾ ਨੇ ਦੱਸਿਆ ਕਿ ਸਵ: ਅਮਿਤ ਅਰੋੜਾ ਦੀ ਯਾਦ ਵਿੱਚ ਸੁਸਾਇਟੀ ਵੱਲੋਂ ਪਿਛਲੇ ਕਈ ਦਿਨਾਂ ਤੋਂ ਹੜ੍ਹ ਪੀੜਤ ਇਲਾਕੇ ਦੇ ਪਿੰਡ ਦੁੱਲਾ ਸਿੰਘ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਲੋਕਾਂ ਦੀ ਮਦਦ ਲਈ ਰਾਹਤ ਸਮੱਗਰੀ ਨਾਲ ਭਰਿਆ ਟਰੱਕ ਰਵਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰਾਹਤ ਸਮੱਗਰੀ ਵਿੱਚ ਗੱਦੇ, ਤਿਰਪਾਲਾਂ, ਦਵਾਈਆਂ ਪਸ਼ੂ ਖੁਰਾਕ, ਸੈਨਟਰੀ ਪੈਡ, ਪਾਣੀ ਦੀਆਂ ਬੋਤਲਾਂ, ਸੁੱਕਾ ਦੁੱਧ, ਸੁੱਕੇ ਰਾਸ਼ਨ ਦੀਆਂ ਕਿੱਟਾਂ ਭੇਜੀਆਂ ਗਈਆਂ ਹਨ ਤਾਂ ਜੁ ਹੜ੍ਹ ਪੀੜਤ ਲੋਕਾਂ ਦੀ ਮਦਦ ਕੀਤੀ ਜਾ ਸਕੇ।

## ਸਰਕਾਰ ਵੱਲੋਂ ਹੜ੍ਹ ਪੀੜਤ ਕਿਸਾਨਾਂ ਲਈ ਲਏ ਫ਼ੈਸਲੇ ਸ਼ਲਾਘਾਯੋਗ : ਬੰਗੜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਵੱਲੋਂ ਸੂਬੇ ਦੇ ਹੜ੍ਹ ਪੀੜਤ ਲੋਕਾਂ ਖਾਸ ਕਰਕੇ ਕਿਸਾਨਾਂ ਦੇ ਹਿੱਤ 'ਚ ਜੋ ਫ਼ੈਸਲੇ ਲਏ ਗਏ ਹਨ, ਉਹ ਸੂਬੇ ਦੇ ਲੋਕਾਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਦਾ ਕੰਮ ਕਰਨਗੇ। ਕਿਸਾਨਾਂ ਨੂੰ ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਕਾਰਨ ਉਨ੍ਹਾਂ ਦੇ ਖੇਤਾਂ ਵਿੱਚ ਇਕੱਠੀ ਹੋਈ ਰੇਤਾ ਤੇ ਮਿੱਟੀ ਨੂੰ ਕੱਢਣ ਤੇ ਵੇਚਣ, ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਦੇਣ, ਹੜ੍ਹਾਂ 'ਚ ਮਾਰੇ ਵਿਅਕਤੀਆਂ ਦੇ ਪਰਵਾਰਾਂ ਨੂੰ 4-4 ਲੱਖ ਰੁਪਏ ਦੇਣ ਦੇ ਹੋਰ ਜੋ ਫੈਸਲੇ ਲਏ ਗਏ ਹਨ, ਉਹ ਪ੍ਰਸ਼ੰਸਾ ਯੋਗ ਕਦਮ ਹਨ।

ਕਿਸਾਨਾਂ ਨੂੰ ਆਪਣੇ ਖੇਤ ਵਿੱਚੋਂ ਰੇਤ ਤੇ ਮਿੱਟੀ ਕੱਢ ਕੇ ਵੇਚਣ ਦੀ ਦਿੱਤੀ ਪ੍ਰਵਾਨਗੀ ਨਾਲ ਕੁਝ ਹੱਦ ਤੱਕ ਰਾਹਤ ਮਿਲੇਗੀ ਅਤੇ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਫੈਸਲੇ ਸ਼ਲਾਘਾਯੋਗ ਹਨ। ਆਮ ਆਦਮੀ ਪਾਰਟੀ ਐਸ ਸੀ ਵਿੰਗ ਦੇ ਸੂਬਾ ਸਕੱਤਰ ਮਾਲਵਾ ਜ਼ੋਨ ਈਸਟ ਅਮਰੀਕ ਸਿੰਘ ਬੰਗੜ ਨੇ ਦੱਸਿਆ ਕਿ ਅੱਜ ਤੱਕ 20 ਹਜ਼ਾਰ ਰੁਪਏ ਪ੍ਰਤੀ ਏਕੜ ਫਸਲ ਨੁਕਸਾਨ ਮੁਆਵਜ਼ਾ ਦੇਸ ਵਿੱਚ ਕਿਸੇ ਸੂਬੇ ਨੇ ਨਹੀਂ ਦਿੱਤਾ।

# ਤੇਰਾਪੰਥ ਯੁਵਕ ਪ੍ਰੀਸ਼ਦ ਵੱਲੋਂ 17 ਨੂੰ ਖੂਨਦਾਨ ਮੁਹਿੰਮ



**ਜਗਰਾਓਂ (ਅਮਿਤ ਖੰਨਾ)**

ਆਲ ਇੰਡੀਆ ਤੇਰਾਪੰਥ ਯੁਵਕ ਪ੍ਰੀਸ਼ਦ ਆਪਣੇ 61ਵੇਂ ਸਥਾਪਨਾ ਦਿਵਸ 'ਤੇ 17 ਸਤੰਬਰ ਨੂੰ ਦੁਨੀਆ ਦਾ ਸਭ ਤੋਂ ਵੱਡਾ ਖੂਨਦਾਨ ਮੁਹਿੰਮ ਚਲਾਏਗੀ।ਇਸ ਤਹਿਤ ਦੁਨੀਆ ਦੇ 75 ਦੇਸ਼ਾਂ ਵਿੱਚ 7,500 ਤੋਂ ਵੱਧ ਖੂਨਦਾਨ ਕੈਂਪ ਲਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਦੋਂਕਿ ਦੁਨੀਆ ਭਰ ਵਿੱਚ ਇਸ ਸਮੇਂ ਦੌਰਾਨ 3 ਲੱਖ ਯੂਨਿਟ ਖੂਨਦਾਨ ਕਰਨ ਦਾ ਟੀਚਾ ਰੱਖਿਆ ਗਿਆ ਹੈ। ਆਚਾਰੀਆ ਸ਼੍ਰੀ ਮਹਾਸ਼੍ਰਮਣ ਜੀ ਦੀ ਲੋਕ ਭਲਾਈ ਵਿਚਾਰਧਾਰਾ ਤੇ ਪਰਉਪਕਾਰੀ ਸੋਚ ਦੀ ਪਾਲਣਾ ਕਰਦੇ ਹੋਏ, ਸਾਡੇ ਆਪਣੇ ਸ਼ਹਿਰ ਜਗਰਾਉਂ ਵਿੱਚ ਤੇਰਾਪੰਥ ਯੁਵਕ ਪ੍ਰੀਸ਼ਦ ਦੇ ਅਹੁਦੇਦਾਰ ਅਤੇ ਮੈਂਬਰ ਇਸ ਖੂਨਦਾਨ ਅੰਮ੍ਰਿਤ ਮਹੋਤਸਵ 2.0 ਮੁਹਿੰਮ ਵਿੱਚ 13 ਕੈਂਪ ਲਾਉਣ ਦੀ ਤਿਆਰੀ ਵਿੱਚ ਦਿਨ-ਰਾਤ ਮਿਹਨਤ ਕਰ ਰਹੇ ਹਨ।ਇਸ ਉੱਤਮ ਪਹਿਲ ਦਾ ਉਦੇਸ਼ ਮਨੁੱਖੀ ਜਾਨਾਂ ਬਚਾਉਣ ਦੇ ਨਾਲ-ਨਾਲ ਹਾਦਸਿਆਂ, ਸਰਜਰੀਆਂ ਅਤੇ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਬਚਾਉਣ ਲਈ ਖੂਨ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੈ।

ਯੁਵਕ ਪ੍ਰੀਸ਼ਦ ਦੇ ਪ੍ਰਧਾਨ ਸ਼੍ਰੀ ਵੈਭਵ ਜੈਨ ਨੇ ਕਿਹਾ ਕਿ 17 ਸਤੰਬਰ ਨੂੰ 13 ਬਲੱਡ ਬੈਂਕ, ਡਾਕਟਰ, ਟੈਕਨੀਸ਼ੀਅਨ ਅਤੇ ਪੰਜਾਹ ਵਲੰਟੀਅਰ ਇਸ ਸੇਵਾ ਮੁਹਿੰਮ ਵਿੱਚ ਸ਼ਾਮਲ ਹੋਣਗੇ। ਖੂਨਦਾਨ ਮਨੁੱਖਤਾ ਦਾ ਮਹਾਯੱਗ ਹੈ।

ਇਹ 13 ਕੈਂਪ ਸਨਮਤੀ ਵਿਮਲ ਮੁਨੀ ਹਾਲ ਜਗਰਾਉਂ, ਮਹਾਪ੍ਰਗਯ ਸਕੂਲ, ਗੁਰਦੁਆਰਾ ਸ਼੍ਰੀ ਗ੍ਰੰਥ ਸਾਹਿਬ ਰੂੰਮੀ, ਗੁਰਦੁਆਰਾ ਜੋੜੀਆਂ ਸਾਹਿਬ ਮਾਣੂਕੇ, ਬਾਘੇ ਦੀ ਸੱਥ ਕਾਉਂਕੇ ਕਲਾਂ, ਅਜੀਤਵਾਲ ਪਿੰਡ, ਗੁਰਦੁਆਰਾ ਬਗੀਚੀ ਸਾਹਿਬ ਗਾਲਿਬ ਕਲਾਂ, ਦੁਰਗਾ ਮਾਤਾ ਮੰਦਰ ਸਿੱਧਵਾਂ ਬੇਟ, ਡਾ. ਅੰਬੇਡਕਰ ਭਵਨ ਮੁੱਲਾਂਪੁਰ, ਚੌਂਕੀਮਾਨ ਪਿੰਡ, ਸਰਕਾਰੀ ਹਸਪਤਾਲ ਬੋਪਾਰਾਏ ਕਲਾਂ, ਹੰਬੜਾਂ ਪਿੰਡ ਤੇ ਤਲਾਬ ਵਾਲਾ ਮੰਦਰ ਰਾਏਕੋਟ ਵਿਖੇ ਲਾਏ ਜਾਣਗੇ।

ਕੈਂਪ ਦਾ ਸਮਾਂ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੋਵੇਗਾ ਤੇ ਦਾਨੀ ਸੱਜਣ ਕਿਸੇ ਵੀ ਨੇੜਲੇ ਕੈਂਪ 'ਚ ਜਾ ਕੇ ਖੂਨਦਾਨ ਕਰ ਸਕਦੇ ਹਨ।ਯੁਵਕ ਪ੍ਰੀਸ਼ਦ ਦੇ ਮੰਤਰੀ ਰਵੀਨ ਗੋਇਲ ਨੇ ਕਿਹਾ ਕਿ ਇੱਕ ਯੂਨਿਟ ਖੂਨ ਤਿੰਨ ਲੋਕਾਂ ਦੀ ਜਾਨ ਬਚਾ ਸਕਦਾ ਹੈ।

# ਮੀਂਹ ਤੋਂ ਪ੍ਰਭਾਵਤ ਝੋਨੇ ਤੇ ਬਾਸਮਤੀ ਤੋਂ ਚੰਗਾ ਝਾੜ ਲੈਣ ਲਈ ਲਾਇਆ ਜਾਗਰੂਕਤਾ ਕੈਂਪ




**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਵੱਲੋਂ ਪਿੰਡ ਭੱਟੀਵਾਲ ਕਲਾਂ ਵਿਖੇ ਲਗਾਤਾਰ ਮੀਂਹ ਤੋਂ ਪ੍ਰਭਾਵਤ ਝੋਨੇ ਅਤੇ ਬਾਸਮਤੀ ਤੋਂ ਚੰਗਾ ਝਾੜ ਲੈਣ ਲਈ ਸਿਫਾਰਿਸ਼ ਨੁਕਤਿਆਂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਪਿੰਡ ਦੇ ਅਗਾਂਹਵਧੂ 30 ਤੋਂ ਵੱਧ ਕਿਸਾਨਾਂ ਨੇ ਵੱਧ ਚੜ ਕੇ ਹਿੱਸਾ ਲਿਆ।

ਕੈਂਪ ਦੀ ਅਗਵਾਈ ਕਰਦੇ ਹੋਏ ਡਾ. ਅਸ਼ੋਕ ਕੁਮਾਰ, ਜ਼ਿਲ੍ਹਾ ਪਸਾਰ ਵਿਗਿਆਨੀ (ਭੂਮੀ ਵਿਗਿਆਨ) ਨੇ ਝੋਨੇ ਵਿੱਚ ਮੀਂਹ ਦੇ ਪਾਣੀ ਜੀਰਣ ਤੋਂ ਬਾਅਦ ਖੁਰਾਕੀ ਪ੍ਰਬੰਧ ਖਾਸ ਕਰਕੇ ਨਾਈਟ੍ਰੋਜਨ ਤੱਤ ਦੀ ਘਾਟ ਨਾਲ ਪੀਲੇ ਹੋਏ ਝੋਨੇ ਦੀ ਫਸਲ ਦੀ ਸਥਿਤੀ ਠੀਕ ਹੋਣ ਤੱਕ 2% ਯੂਰੀਆ (100 ਲੀਟਰ ਪਾਣੀ ਵਿੱਚ 2 ਕਿੱਲੋ ਯੂਰੀਆ) ਦਾ ਪੱਤਿਆਂ 'ਤੇ ਛਿੜਕਾਅ ਕਰਨ ਬਾਰੇ ਦੱਸਿਆ।ਝੋਨੇ ਵਿੱਚ ਫੋਕ ਘਟਾਉਣ ਲਈ ਜਦੋਂ ਝੋਨਾ ਗੋਭ ਵਿੱਚ ਹੋਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦੇ ਛਿੜਕਾਅ ਬਾਰੇ ਸੁਝਾਅ ਦਿੱਤਾ।ਜ਼ਿੰਕ ਦੀ ਘਾਟ ਦੀਆ ਨਿਸ਼ਾਨੀਆਂ ਆਉਣ ਤੇ 0.5% ਜ਼ਿੰਕ ਸਲਫੇਟ (21%) ਜਾਂ 0.3% ਜ਼ਿੰਕ ਸਲਫੇਟ (33%) ਦੇ ਛਿੜਕਾਅ ਕਰਨ ਬਾਰੇ ਵੀ ਦੱਸਿਆ ਗਿਆ।ਉਨ੍ਹਾਂ ਨੇ ਝੋਨੇ ਅਤੇ ਬਾਸਮਤੀ ਦੇ ਕੀੜਿਆਂ ਅਤੇ ਬਿਮਾਰੀਆਂ ਜਿਵੇਂ ਪੱਤਾ ਲਪੇਟ ਸੁੰਡੀ, ਸ਼ੀਥ ਬਲਾਈਟ ਤੇ ਬਲਾਸਟ ਦੇ ਪ੍ਰਬੰਧਨ ਲਈ ਨਵੀਆਂ ਸਿਫ਼ਾਰਸ਼ਾਂ ਬਾਰੇ ਗੱਲ ਕੀਤੀ।ਝੋਨੇ ਦੀ ਪਰਾਲੀ ਦੇ ਖੇਤ ਵਿੱਚ ਹੀ ਪ੍ਰਬੰਧਨ ਲਈ ਹੈਪੀਸੀਡਰ, ਸੁਪਰ ਸੀਡਰ, ਪੀ.ਏ.ਯੂ ਸਮਾਰਟ ਸੀਡਰ ਅਤੇ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਕਣਕ ਦੀ ਬਿਜਾਈ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ।ਉਨ੍ਹਾਂ ਨੇ ਮਿੱਟੀ ਦੀ ਜੈਵਿਕ ਸਿਹਤ ਸੁਧਾਰਨ ਲਈ ਅਗਲੀ ਹਾੜੀ ਵਿੱਚ ਬੀਜੀ ਜਾਣ ਵਾਲੀ ਕਣਕ ਨੂੰ ਲੱਗਣ ਵਾਲੇ ਜੈਵਿਕ ਟੀਕੇ (ਕੰਨਸ਼ੋਰਸ਼ੀਅਮ) ਦੇ ਫਾਇਦਿਆਂ ਬਾਰੇ ਦੱਸਿਆ।

## ...ਸਫ਼ਾ 1 ਦੇ ਬਾਕੀ

### ਭਾਈਕਾ ਪਰਵਾਰ ਵੱਲੋਂ ...

ਅਤੇ ਮਾਮੂਲੀ ਵੋਟਾਂ ਦੇ ਫ਼ਰਕ ਨਾਲ ਹਾਰ ਗਿਆ ਸੀ।ਮਹਾਨ ਕਮਿਊਨਿਸਟ ਆਗੂ ਕਾਮਰੇਡ ਤੇਜਾ ਸਿੰਘ ਸੁਤੰਤਰ ਇਸ ਪਰਵਾਰ ਦੇ ਨਾਲ ਨੇੜਿਓਂ ਜੁੜੇ ਹੋਏ ਸਨ। ਆਪਣੇ ਗੁਪਤਵਾਸ ਦੌਰਾਨ ਭਾਈਕੇ ਪਰਵਾਰ ਦਾ ਘਰ ਅਤੇ ਖੇਤ ਪਸੰਦੀਦਾ ਠਹਿਰਗਾਹਾਂ 'ਚੋਂ ਇੱਕ ਸੀ। ਦੂਜੇ ਭਾਈ ਅਜਮੇਰ ਸਿੰਘ ਨੇ ਖੁਸ਼ਹੈਸੀਅਤੀ ਮੋਰਚੇ 'ਚ ਜੇਲ੍ਹ ਕੱਟੀ। ਹੋਰ ਦੋ ਭਰਾ ਬਲਬੀਰ ਸਿੰਘ ਤੇ ਨਿਰਭੈ ਸਿੰਘ ਸਾਰੀ ਉਮਰ ਕਮਿਊਨਿਸਟ ਪਾਰਟੀ ਦੇ ਹਮਦਰਦ ਰਹੇ। ਉਸ ਤੋਂ ਅਗਲੀ ਪੀੜ੍ਹੀ (ਦੂਜੀ) ਨੇ ਵੀ ਕਮਿਊਨਿਸਟ ਵਿਚਾਰਧਾਰਾ ਤੇ ਲਹਿਰ ਦਾ ਝੰਡਾ ਪਹਿਲੀ ਪੀੜ੍ਹੀ ਵਾਂਗ ਉੱਚਾ ਕਰੀ ਰੱਖਿਆ ।ਦੂਜੀ ਪੀੜ੍ਹੀ ਦੇ ਨੁਮਾਇੰਦੇ ਵੀ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਜਨਤਕ ਜਥੇਬੰਦੀਆਂ ਦੀ ਅਗਵਾਈ ਕਰਦੇ ਰਹੇ, ਜਿਨ੍ਹਾਂ 'ਚੋਂ ਵਰਨਣਯੋਗ ਹਨ ਮਰਹੂਮ ਕਾਮਰੇਡ ਰਣਧੀਰ ਸਿੰਘ ਗਿੱਲ ਸਪੁੱਤਰ ਕਾਮਰੇਡ ਸ਼ੇਰ ਸਿੰਘ, ਜੋ ਪੰਜਾਬ ਦੇ ਪ੍ਰਮੁੱਖ ਟਰੇਡ ਯੂਨੀਅਨ ਆਗੂ ਅਤੇ ਜ਼ਿਲ੍ਹਾ ਪਾਰਟੀ ਦੇ ਸਕੱਤਰ ਰਹੇ. ਕਰਮਜੀਤ ਸਿੰਘ ਕਾਨ੍ਹਾ ਪਾਰਟੀ ਦੇ ਜ਼ਿਲ੍ਹਾ ਕੌਂਸਲ ਦੇ ਮੈਂਬਰ ਰਹੇ। ਮਰਹੂਮ ਗੁਰਦੇਵ ਸਿੰਘ ਇਲਾਕਾ ਕਮੇਟੀ ਮੈਂਬਰ ਅਤੇ ਪਾਰਟੀ ਵੱਲੋਂ ਪਿੰਡ ਦੀ ਪੰਚਾਇਤ ਦੇ ਮੈਂਬਰ ਰਹੇ। ਮਰਹੂਮ ਅਰਜਨ ਸਿੰਘ ਪੀ ਆਰ ਟੀ ਸੀ ਵਰਕਰਜ਼ ਯੂਨੀਅਨ (ਏਟਕ) ਦੇ ਸੂਬਾ ਮੀਤ ਪ੍ਰਧਾਨ ਰਹੇ। ਵੀਰ ਸਿੰਘ ਇਲਾਕਾ ਕਮੇਟੀ ਮੈਂਬਰ ਹਨ (ਸਾਰੇ ਸਪੁੱਤਰ ਕਾਮਰੇਡ ਅਜਮੇਰ ਸਿੰਘ) ਮਰਹੂਮ ਕਾਮਰੇਡ ਗੁਰਮੇਲ ਸਿੰਘ (ਸਪੁੱਤਰ ਕਾਮਰੇਡ ਨਿਰਭੈ ਸਿੰਘ) 70ਵਿਆਂ ਵਿੱਚ ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਆਗੂ ਰਹੇ। ਨਿਰਭੈ ਸਿੰਘ ਦੇ ਬਦੇਸ਼ 'ਚ ਰਹਿੰਦੇ ਦੂਜੇ ਬੇਟੇ ਪ੍ਰਿਤਪਾਲ ਸਿੰਘ ਅਤੇ ਬੇਟੀਆਂ ਸੁਖਦੇਵ ਕੌਰ ਅਤੇ ਸੁਰਜੀਤ ਕੌਰ ਹਮੇਸ਼ਾ ਮਦਦ ਲਈ ਹਾਜ਼ਰ ਰਹਿੰਦੇ ਹਨ। ਤੀਜੀ ਪੀੜ੍ਹੀ 'ਚੋਂ ਪਰਮਜੀਤ ਸਿੰਘ ਪੰਮਾ ਕੋਆਪਰੇਟਿਵ ਸੁਸਾਇਟੀ ਦੇ ਮੀਤ ਪ੍ਰਧਾਨ ਹਨ। ਡਾਕਟਰ ਇੰਦਰਵੀਰ ਸਿੰਘ ਗਿੱਲ ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ ਹਨ। ਬੂਟਾ ਸਿੰਘ ਬਦੇਸ਼ ਜਾਣ ਤੋਂ ਪਹਿਲਾਂ ਏ ਆਈ ਵਾਈ ਐੱਫ ਬਲਾਕ ਕਮੇਟੀ ਦੇ ਪ੍ਰਧਾਨ ਸਨ। ਹਰਿੰਦਰਵੀਰ ਸਿੰਘ, ਗੁਰਪ੍ਰੀਤ ਸਿੰਘ ਅਤੇ ਹਰਜੋਤ ਸਿੰਘ ਵੀ ਬਦੇਸ਼ ਜਾਣ ਤੋਂ ਪਹਿਲਾਂ ਪਿੰਡਾਂ ਵਿੱਚੋਂ ਨੌਜਵਾਨਾਂ ਨੂੰ ਲਾਮਬੰਦ ਕਰਕੇ ਹਰ ਪ੍ਰੋਗਰਾਮ ਵਿੱਚ ਸ਼ਾਮਲ ਹੁੰਦੇ ਰਹੇ ਹਨ ਅਤੇ ਹੁਣ ਵੀ ਹਰ ਸਾਲ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਪਾਰਟੀ ਵੱਲੋਂ ਕੀਤੇ ਜਾਂਦੇ ਸੂਬਾ ਤੇ ਜ਼ਿਲ੍ਹਾ ਪੱਧਰੀ ਸਮਾਗਮਾਂ ਦੀ ਆਰਥਕ ਮਦਦ ਕਰਨ ਲਈ ਖਿੜੇ ਮੱਥੇ ਹਾਜ਼ਰ ਰਹਿੰਦੇ ਹਨ। ਇਨ੍ਹਾਂ ਤੋਂ ਅਗਲੀ ਪੀੜ੍ਹੀ ਵੀ ਪਾਰਟੀ ਸਕੂਲਾਂ ਵਿੱਚ ਸ਼ਮੂਲੀਅਤ ਕਰਦੀ ਰਹਿੰਦੀ ਹੈ।

ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਨੇ ਦੱਸਿਆ ਕਿ ਹੁਣ ਜਦੋਂ ਪਾਰਟੀ ਦੀ 25ਵੀਂ ਕਾਂਗਰਸ ਪੰਜਾਬ ਵਿੱਚ ਹੋਣ ਜਾ ਰਹੀ ਹੈ ਤਾਂ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਮੁੱਚੇ ਪਰਵਾਰ ਦੇ ਸਤਿਕਾਰਤ ਆਗੂ ਕਾਮਰੇਡ ਜਗਰੂਪ ਵਲੋਂ ਕੀਤੀ ਅਪੀਲ 'ਤੇ ਸਮੁੱਚੇ ਭਾਈਕੇ ਪਰਵਾਰ ਨੇ ਵਿਚਾਰ ਕਰਦਿਆਂ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਇਸ ਮਹਾਨ ਕਾਰਜ ਲਈ ਦੇਣ ਦਾ ਐਲਾਨ ਕੀਤਾ ਹੈ। ਯਾਦ ਰਹੇ ਕਿ ਮਰਹੂਮ ਕਾਮਰੇਡ ਰਣਧੀਰ ਸਿੰਘ ਗਿੱਲ ਦਾ ਪਰਵਾਰ ਵੱਖਰੇ ਤੌਰ 'ਤੇ ਪਹਿਲਾਂ ਵੀ ਇੱਕ ਲੱਖ ਰੁਪਏ 25 ਵੇਂ ਮਹਾਂ-ਸੰਮੇਲਨ ਲਈ ਦੇ ਚੁੱਕਾ ਹੈ।ਜ਼ਿਲ੍ਹਾ ਪਾਰਟੀ ਵੱਲੋਂ ਕੁਲਦੀਪ ਸਿੰਘ ਭੋਲਾ, ਸਬਰਾਜ ਸਿੰਘ ਢੁੱਡੀਕੇ ਅਤੇ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਪਾਰਟੀ ਕਾਂਗਰਸ ਵਰਗੇ ਮਹਾਨ ਕਾਰਜ ਲਈ ਵੱਡੇ ਆਰਥਕ ਸਹਿਯੋਗ ਲਈ ਭਾਈਕਾ ਪਰਵਾਰ ਦਾ ਧੰਨਵਾਦ ਕੀਤਾ ਹੈ।

### ਨੇਪਾਲ ਦਾ ਪ੍ਰਧਾਨ...

ਕੀਤੀ। ਉਨ੍ਹਾ ਕਾਠਮੰਡੂ ਦੇ ਬੁਢਾਨੀਲ ਕੰਠਾ ਵਿਖੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦਿਉਬਾ ਦੇ ਘਰ ਦੇ ਸਾਹਮਣੇ ਵੀ ਪ੍ਰਦਰਸ਼ਨ ਕੀਤਾ। ਅਧਿਕਾਰੀਆਂ ਨੇ ਕਾਠਮੰਡੂ, ਲਲਿਤਪੁਰ ਅਤੇ ਭਗਤਪੁਰ ਜ਼ਿਲ੍ਹਿਆਂ ਵਿੱਚ ਕਰਿਫਊ ਲਗਾ ਦਿੱਤਾ ਹੈ। ਕਾਠਮੰਡੂ ਜ਼ਿਲ੍ਹਾ ਪ੍ਰਸ਼ਾਸਨ ਦਫ਼ਤਰ ਨੇ ਰਾਜਧਾਨੀ ਕਾਠਮੰਡੂ ਵਿੱਚ ਸਵੇਰੇ 8:30 ਵਜੇ ਤੋਂ ਅਗਲੇ ਨੋਟਿਸ ਤੱਕ ਕਰਿਫਊ ਲਗਾ ਦਿੱਤਾ ਹੈ। ਭਗਤਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ ਮੱਧਪੁਰ ਥਿਮੀ, ਸੂਰਿਆਬਨਾਇਕ, ਚੰਗੁਨਾਰਾਇਣ ਅਤੇ ਭਗਤਪੁਰ ਨਗਰ ਪਾਲਿਕਾਵਾਂ ਵਿੱਚ ਵੀ ਸਵੇਰੇ 8:30 ਵਜੇ ਤੋਂ ਅਗਲੇ ਹੁਕਮ ਤੱਕ ਪਾਬੰਦੀਆਂ ਲਗਾਈਆਂ ਹਨ।

## ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਹੜ੍ਹ ਪੀੜਤਾਂ ਲਈ ਡੈਂਟਲ ਚੈੱਕਅੱਪ ਕੈਂਪ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਬਾਰਡਰ 'ਤੇ ਸਥਿਤ ਪੁਰਾਣਾ ਬਾਰੇ ਕੇ ਪਿੰਡ ਵਿੱਚ ਜੇਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਹੜ੍ਹ ਪੀੜਤਾਂ ਲਈ ਮੁਫ਼ਤ ਡੈਂਟਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਸੁਕਿਰਤ ਕੌਰ ਤੇ ਡਾ. ਰਾਹੁਲ ਨੇ ਮਰੀਜ਼ਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਦੰਦਾਂ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ। ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਇਸ ਕੈਂਪ ਦਾ ਲਾਭ ਲਿਆ ਤੇ ਮੁਫ਼ਤ ਜਾਂਚ ਕਰਾਈ। ਕਾਲਜ ਦੇ ਪੀਆਰਓ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਵੱਲੋਂ ਲੋੜਵੰਦਾਂ ਨੂੰ ਦਵਾਈਆਂ, ਟੂਥ ਪੇਸਟ, ਟੂੱਥ ਬੁਰਸ਼ ਆਦਿ ਵੰਡੇ ਗਏ। ਉਨ੍ਹਾਂ ਕਿਹਾ ਕਿ ਕਾਲਜ ਸਮੇਂ-ਸਮੇਂ 'ਤੇ ਅਜਿਹੇ ਸਮਾਜਿਕ ਸੇਵਾ ਦੇ ਯਤਨ ਕਰਦਾ ਰਹੇਗਾ, ਤਾਂ ਜੁ ਲੋੜਵੰਦ ਲੋਕਾਂ ਤੱਕ ਸਿਹਤ ਸਹੂਲਤਾਂ ਪਹੁੰਚ ਸਕਣ।

## ਮੋਹਿਤ ਕੁੰਦਰਾ ਨੇ ਅਮਨ ਅਰੋੜਾ ਤੋਂ ਮਾਛੀਵਾੜਾ ਵਿਕਾਸ ਲਈ ਮੰਗੀ ਗ੍ਰਾਂਟ



**ਸਮਰਾਲਾ (ਸੁਰਜੀਤ ਸਿੰਘ)**-ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮਿਲ ਕੇ ਇਤਿਹਾਸਕ ਕਸਬੇ ਦੇ ਸੁੰਦਰੀਕਰਨ ਲਈ ਗ੍ਰਾਂਟ ਦੀ ਮੰਗ ਕੀਤੀ।ਮੋਹਿਤ ਕੁੰਦਰਾ ਨੇ ਅਮਨ ਅਰੋੜਾ ਨੂੰ ਦੱਸਿਆ ਕਿ ਇਤਿਹਾਸਕ ਮਾਛੀਵਾੜਾ ਕਸਬਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ, ਲਿਹਾਜ਼ਾ ਇਤਿਹਾਸਕ ਗੁਰੂ ਘਰ ਦੇ ਦਰਸ਼ਨਾਂ ਲਈ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਅਤੇ ਹੋਰ ਸ਼ਰਧਾਲੂਆਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ।ਉਨ੍ਹਾਂ ਦੱਸਿਆ ਕਿ ਚਰਨ ਕੰਵਲ ਚੌਕ ਤੋਂ ਗੁਰੂ ਘਰ ਨੂੰ ਜਾਂਦੀ ਸੜਕ ਖਸਤਾ ਹਾਲ ਵਿਚ ਹੈ, ਉਸਦੀ ਤੁਰੰਤ ਮੁਰੰਮਤ ਦੀ ਲੋੜ ਹੈ, ਜਿਸ ਉੱਤੇ ਕਰੀਬ 90 ਲੱਖ ਰੁਪਏ ਦੀ ਲਾਗਤ ਦੀ ਤਜਵੀਜ਼ ਹੈ।ਇਸ ਮਾਰਗ ਦੇ ਸੁੰਦਰੀਕਰਨ ਲਈ ਲਾਈਟਾਂ ਲਾਈਆਂ ਜਾਣੀਆਂ ਹਨ।ਉਨ੍ਹਾਂ ਮੰਤਰੀ ਤੋਂ ਮੰਗ ਕੀਤੀ ਕਿ ਸਰਕਾਰ ਮੁੱਖ ਸੜਕ ਅਤੇ ਸਜਾਵਟੀ ਗੇਟ ਬਣਾਉਣ ਦੀ ਮਨਜ਼ੂਰੀ ਦੇਵੇ।ਅਮਨ ਅਰੋੜਾ ਨੇ ਨਗਰ ਕੌਂਸਲ ਪ੍ਰਧਾਨ ਨੂੰ ਭਰੋਸਾ ਦਿੱਤਾ ਕਿ ਵਿਕਾਸ ਕਾਰਜਾਂ ਲਈ ਸਰਕਾਰ ਫੰਡਾਂ ਦੀ ਘਾਟ ਨਹੀਂ ਆਉਣ ਦੇਵੇਗੀ।

## ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਆਪਣੇ ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਭਾਵਸ਼ਾਲੀ ਪ੍ਰਾਪਤੀਆਂ ਨੂੰ ਮਾਣ ਨਾਲ ਮਾਨਤਾ ਦਿੰਦੀ ਹੈ, ਜਿਨ੍ਹਾਂ ਨੇ ਕੌਮੀ ਤੇ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਉਚਾ ਕੀਤਾ ਹੈ।ਡੀਬੀਯੂ ਦੇ ਇਨ੍ਹਾਂ ਖੇਡ ਸਿਤਾਰਿਆਂ ਵਿਚ ਸਭ ਤੋਂ ਉਪਰ ਨਾਂਅ ਅੰਕੁਸ਼ ਰਾਣਾ (ਐਮਪੀਈਐਸ, ਪਹਿਲਾ ਸਮੈਸਟਰ) ਦਾ ਆਉਂਦਾ ਹੈ, ਜਿਸ ਨੇ ਥਾਈਲੈਂਡ ਦੀ ਅਸੰਪਸ਼ਨ ਯੂਨੀਵਰਸਿਟੀ ਵਿੱਚ ਕਰਵਾਈ ਗਈ 8ਵੀਂ ਹੀਰੋਜ਼ ਤਾਈਕਵਾਂਡੋ ਇੰਟਰਨੈਸ਼ਨਲ ਚੈਂਪੀਅਨਸ਼ਿਪ 2025 ਵਿੱਚ ਚਾਂਦੀ ਦਾ ਤਗਮਾ ਜਿੱਤਿਆ।ਉਸ ਦੇ ਸਮਰਪਣ ਅਤੇ ਹੁਨਰ ਨੇ ਦੇਸ਼ ਅਤੇ ਡੀਬੀਯੂ ਦੋਵਾਂ ਨੂੰ ਵਿਸ਼ਵ ਪੱਧਰ 'ਤੇ ਮਾਣ ਦਿਵਾਇਆ।

ਇਸੇ ਤਰ੍ਹਾਂ ਦੀਕਸ਼ਾ (ਬੀਪੀਈਐਸ, ਪਹਿਲਾ ਸਮੈਸਟਰ) ਨੇ ਹਰਿਆਣਾ ਰਾਜ ਦੀ ਨੁਮਾਇੰਦਗੀ ਕਰਦੇ ਹੋਏ 31 ਅਗਸਤ ਨੂੰ ਹੋਈ ਅਸਮਿਤਾ ਖੇਲੋ ਇੰਡੀਆ ਸਟੇਟ ਵੂਮੈਨਜ਼ ਲੀਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।ਸੋਨ ਤਮਗਾ ਜਿੱਤ ਕੇ ਉਸ ਨੇ ਅਸਾਧਾਰਨ ਪ੍ਰਤਿਭਾ ਤੇ ਖੇਡ ਭਾਵਨਾ ਦਾ ਵਧੀਆ ਪ੍ਰਦਰਸ਼ਨ ਕੀਤਾ। ਡੀਬੀਯੂ ਦੇ ਦੀਪਕ ਕੁਮਾਰ (ਬੀਪੀਈਐਸ, ਤੀਜਾ ਸਮੈਸਟਰ) ਨੇ 8 ਤੋਂ 10 ਅਗਸਤ ਤੱਕ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਕਰਾਏ ਗਏ ਆਲ ਇੰਡੀਆ ਇੰਡੀਪੈਂਡੈਂਸ ਕੱਪ ਕਰਾਟੇ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ।ਦੇਸ਼ ਭਰ ਦੇ ਭਾਗੀਦਾਰਾਂ ਵਿੱਚ ਉਸਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਸਭ ਤੋਂ ਵੱਧ ਦਿਖਾਈ ਦਿੱਤਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਯੂਨੀਵਰਸਿਟੀ ਦੇ ਤਗਮਾ ਜੇਤੂਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦੁਖੀ ਮਾਂ ਨੇ ਪੁੱਤ ਦੇ ਕਤਲ ਦਾ ਇਨਸਾਫ ਲੈਣ ਲਈ ਪ੍ਰਸ਼ਾਸਨ ਨੂੰ ਲਾਈ ਗੁਹਾਰ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਹਲਕਾ ਜੰਡਿਆਲਾ ਗੁਰੂ ਅਧੀਨ ਆਉਂਦੇ ਪਿੰਡ ਅਕਾਲਗੜ੍ਹ ਢੱਪਈਆਂ ਵਿੱਚ 20 ਮਹੀਨੇ ਪਹਿਲਾਂ ਕਤਲ ਹੋਏ ਆਪਣੇ ਬੱਚੇ ਵੀਰੱਪਨ ਸਿੰਘ ਪੁੱਤਰ ਅਵਤਾਰ ਸਿੰਘ ਨੂੰ ਇਨਸਾਫ ਦਿਵਾਉਣ ਲਈ ਪ੍ਰਸ਼ਾਸਨ ਅੱਗੇ ਗੁਹਾਰ ਲਾਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮ੍ਰਿਤਕ ਵੀਰੱਪਨ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਮੇਰਾ ਪੁੱਤਰ ਵੀਰੱਪਨ ਸਿੰਘ ਜਿਸਨੇ ਆਪਣੇ ਦੋਸਤ ਅਰਸ਼ਦੀਪ ਸਿੰਘ ਕੋਲੋਂ ਇਕ ਲੱਖ ਰੁਪਏ ਲੈਣੇ ਸੀ ਜੋ ਕਿ ਦੇਣ ਦਾ ਨਾਮ ਨਹੀਂ ਲੈ ਰਿਹਾ ਸੀ ਇੱਕ ਦਿਨ ਅਚਾਨਕ ਅਰਸ਼ਦੀਪ ਨੇ ਫੋਨ ਕਰਕੇ 28- 12-2023 ਨੂੰ ਤਕਰੀਬਨ 2.30 ਮਿੰਟ ਤੇ ਵੀਰੱਪਨ ਨੂੰ ਪੈਸੇ ਦੇਣ ਲਈ ਬਾਹਰ ਬੁਲਾਇਆ ਸੀ। ਜਦੋਂ ਕਾਫੀ ਦੇਰ ਹੋ ਗਈ ਵੀਰੱਪਨ ਸਿੰਘ ਘਰ ਵਾਪਸ ਨਹੀਂ ਆਇਆ ਤਾਂ ਮੈਂ ਫੋਨ ਕਰਕੇ ਉਸਨੂੰ ਪੁੱਛਿਆ ਤਾਂ ਉਸਨੇ ਕਿਹਾ ਕਿ ਮੈਂ ਅਰਸ਼ਦੀਪ ਸਿੰਘ ਪੁੱਤਰ ਸਰੂਪ ਸਿੰਘ ਦੇ ਨਾਲ ਹਾਂ ਬੱਸ ਥੋੜੀ ਦੇਰ ਤੱਕ ਘਰ ਵਾਪਸ ਆਉਣ ਲੱਗੇ ਹਾਂ ਪਰ ਜਦੋਂ ਕਾਫੀ ਦੇਰ ਤੱਕ ਉਹ ਘਰ ਵਾਪਸ ਨਹੀਂ ਆਇਆ ਤਾਂ ਮੈ ਫਿਰ ਆਪਣੇ ਮੁੰਡੇ ਵੀਰੱਪਨ ਨੂੰ ਫ਼ੋਨ ਕੀਤਾ ਤਾਂ ਫ਼ੋਨ ਬੰਦ ਆਇਆ ਤੇ ਅਸੀ ਓਸਨੂੰ ਦੇਖਣ ਬਾਹਰ ਚਲੇ ਗਏ ਪਰ ਉਹ ਨਹੀਂ ਮਿਲਿਆ। ਅਗਲੇ ਦਿਨ ਸਾਨੂੰ ਕੇਹਰ ਸਿੰਘ ਨੇ ਫੋਨ ਕੀਤਾ ਕਿ ਵੀਰੱਪਨ ਸਿੰਘ ਦੀ ਲਾਸ਼ ਚਾਟੀਵਿੰਡ ਸੂਏ ਵਿੱਚ ਪਈ ਹੋਈ ਹੈ, ਜਲਦੀ ਆ ਜਾਓ। ਅਸੀਂ ਮੌਕੇ 'ਤੇ ਜਾ ਕੇ ਥਾਣਾ ਇੰਚਾਰਜ ਮੁਖਤਾਰ ਸਿੰਘ ਤੇ ਚੌਕੀ ਇੰਚਾਰਜ ਨਵਾਂ ਪਿੰਡ ਰਸ਼ਪਾਲ ਸਿੰਘ ਨੂੰ ਫੋਨ ਕੀਤਾ ਤੇ ਉਹ ਮੌਕੇ ਤੇ ਪਹੁੰਚ ਗਏ। ਮੁਜਰਮ ਅਰਸ਼ਦੀਪ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਦੋ ਦਿਨ ਪਹਿਲਾਂ ਇੱਕ ਵਿਅਕਤੀ ਵੱਲੋਂ ਦਾਤ ਲੈ ਕੇ ਸਾਡੇ ਘਰ ਫਿਰ ਤੋਂ ਹਮਲਾ ਕੀਤਾ ਗਿਆ ਤੇ ਧਮਕੀ ਦਿੱਤੀ ਗਈ ਕਿ ਅਗਰ ਤੁਸੀਂ ਕੇਸ ਵਾਪਸ ਨਹੀਂ ਲਿਆ ਤਾਂ ਤੁਹਾਡੇ ਲੜਕੇ ਵਾਂਗ ਹੀ ਤੁਹਾਡਾ ਹਸ਼ਰ ਕੀਤਾ ਜਾਏਗਾ ਜਿਸ ਨੂੰ ਪਿੰਡ ਦੇ ਲੋਕਾਂ ਨੇ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਪਰ ਪੁਲਸ ਵਾਲਿਆਂ ਉਸ ਕੋਲੋਂ ਪੁੱਛਗਿੱਛ ਕਰਨ ਦੀ ਬਜਾਏ ਉਸ ਨੂੰ ਛੱਡ ਦਿੱਤਾ। ਜਿਸ ਵਿਅਕਤੀ ਨੂੰ ਫੜ ਕੇ ਪੁਲਸ ਹਵਾਲੇ ਕੀਤਾ ਸੀ ਉਸ ਨੇ ਕੈਮਰੇ ਸਾਹਮਣੇ ਇਹ ਕਬੂਲ ਕੀਤਾ ਕਿ ਅਰਸ਼ਦੀਪ ਦੇ ਨਾਲ ਅਸੀਂ ਚਾਰ ਪੰਜ ਜਣੇ ਰਲ ਕੇ ਵੀਰੱਪਨ ਸਿੰਘ ਦਾ ਕਤਲ ਕੀਤਾ ਸੀ। ਜੇ ਕਰ ਤੁਸੀਂ ਆਪਣਾ ਕੇਸ ਵਾਪਸ ਨਾ ਲਿਆ ਤਾਂ ਤੁਹਾਡਾ ਵੀ ਹਸ਼ਰ ਉਸੇ ਵਾਂਗ ਕਰ ਦਿੱਤਾ ਜਾਵੇਗਾ।ਵੀਰੱਪਨ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਮੇਰਾ ਪੁੱਤਰ ਜਿਮ ਚਲਾਉਂਦਾ ਸੀ, ਉਸ ਦੀ ਚੰਗੀ ਸਿਹਤ ਹੋਣ ਕਰਕੇ ਉਸਨੂੰ ਇੱਕ ਵਿਅਕਤੀ ਗਲਾ ਘੁੱਟ ਕੇ ਨਹੀਂ ਮਾਰ ਸਕਦਾ ਸੀ। ਜਿਹੜੇ ਅਰਸ਼ਦੀਪ ਦੇ ਨਾਲ ਹੋਰ ਮੁੰਡੇ ਸਨ ਉਨ੍ਹਾਂ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪੱਤਰਕਾਰਾਂ ਵੱਲੋਂ ਜਦੋਂ ਏਐੱਸਆਈ ਬਲਕਾਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਜਲਦ ਹੀ ਇਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਜਾਵੇਗੀ। ਜੇਕਰ ਕੋਈ ਵੀ ਤੱਥ ਸਾਹਮਣੇ ਆਉਂਦਾ ਹੈ ਤਾਂ ਉਸ ਮੁਤਾਬਕ ਇਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।




# ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਜਸਵੀਰ ਸਿੰਘ ਗੜ੍ਹੀ ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀ, ਕਮਿਸ਼ਨ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚੇ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦਾ ਦੁੱਖ ਦਰਦ ਸੁਣਿਆ।ਚੇਅਰਮੈਨ ਗੜ੍ਹੀ ਨੇ ਰਾਵੀ ਦਰਿਆ ਨੇੜਲੇ ਪਿੰਡ ਮਨਸੂਰਕੇ ਵਿਖੇ ਪਿੰਡ ਵਾਸੀਆਂ ਨਾਲ ਗੱਲ਼ਬਾਤ ਕੀਤੀ ਅਤੇ ਹੜ੍ਹ ਕਾਰਨ ਘਰਾਂ ਨੂੰ ਪੁੱਜੇ ਨੁਕਸਾਨ ਬਾਰੇ ਜਾਣਕਾਰੀ ਲਈ ਅਤੇ ਖੁਦ ਨੁਕਸਾਨੇ ਗਏ ਘਰਾਂ ਵਿੱਚ ਜਾ ਕੇ ਪੀੜਤਾਂ ਦੇ ਦਰਦ ਨੂੰ ਮਹਿਸੂਸ ਕੀਤਾ।ਇਸ ਮੌਕੇ ਪਿੰਡ ਦੇ ਸਰਪੰਚ ਵਿਕਟਰ ਸਿੰਘ ਅਤੇ ਪਿੰਡ ਵਾਸੀਆਂ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਬਹੁਤ ਧਰਵਾਸ ਮਿਲਿਆ ਹੈ।ਸਰਪੰਚ ਨੇ ਦੱਸਿਆ ਕਿ ਪਿੰਡ 'ਚ ਕਰੀਬ 30 ਘਰ ਨੁਕਸਾਨੇ ਗਏ ਹਨ।ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਪੀੜਤ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਉਹ ਸਰਕਾਰ ਦੇ ਧਿਆਨ ਵਿੱਚ ਇਨ੍ਹਾਂ ਪਰਿਵਾਰਾਂ ਦੀਆਂ ਮੁਸ਼ਕਿਲਾਂ ਲਿਆ ਕੇ ਹੱਲ ਕਰਵਾਉਣਗੇ।ਉਪਰੰਤ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਪਿੰਡ ਡਾਲਾ ਦੇ ਨੇੜੇ ਧੁੱਸੀ ਬੰਨ੍ਹ ਦਾ ਨਿਰੀਖਣ ਵੀ ਕੀਤਾ। ਪਿੰਡ ਵਾਸੀਆਂ ਨੇ ਚੇਅਰਮੈਨ ਗੜ੍ਹੀ ਦੇ ਧਿਆਨ ਵਿੱਚ ਲਿਆਦਾਂ ਕਿ ਧੁੱਸੀ ਨੇੜੇ ਲਿੰਕ ਸੜਕ ਟੁੱਟਣ ਕਾਰਨ ਆਵਾਜਾਈ ਦੀ ਬਹੁਤ ਮੁਸ਼ਕਿਲ ਆ ਰਹੀ ਹੈ ਤਾਂ ਚੇਅਰਮੈਨ ਵੱਲੋਂ ਤੁਰੰਤ ਤਹਿਸੀਲਦਾਰ ਫਤਿਹਗੜ੍ਹ ਚੂੜੀਆਂ ਨੂੰ ਸੜਕ ਵਿਚਲੇ ਟੋਟੇ ਨੂੰ ਠੀਕ ਕਰਨ ਦੀ ਹਦਾਇਤ ਕੀਤੀ ਗਈ।ਇਸ ਮੌਕੇ ਲੋੜਵੰਦ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੀ ਵੰਡੀ ਗਈ।ਚੇਅਰਮੈਨ ਗੜ੍ਹੀ ਨੇ ਕਿਹਾ ਕਿ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਮੋਢੇ ਨਾ ਮੋਢਾ ਲਾ ਕੇ ਖੜ੍ਹੀ ਹੈ।ਇਸ ਮੌਕੇ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਚਾਕਰ (ਡਾ.), ਭਾਈ ਦਵਿੰਦਰ ਸਿੰਘ ਖਾਲਸਾ, ਸੰਤ ਸਿਪਾਹੀ ਸੁਸਾਇਟੀ ਲੁਧਿਆਣਾ, ਤਹਿਸੀਲਦਾਰ ਲਛਮਣ ਸਿੰਘ, ਸੁਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫ਼ਸਰ ਅਤੇ ਸਰਪੰਚ ਵਿਕਟਰ ਸਿੰਘ ਮੌਜੂਦ ਸਨ।



# ਸੰਦੀਪ ਸਿੰਘ ਚੰਦੀ ਸਟੇਟ ਕਮੇਟੀ ਮੈਂਬਰ ਨਿਯੁਕਤ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਐਸੋਸੀਏਟ ਅਧਿਆਪਕ ਯੂਨੀਅਨ ਦੇ ਪੰਜਾਬ ਪ੍ਰਧਾਨ ਅਨੁਭਵ ਗੁਪਤਾ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂ ਸੰਦੀਪ ਸਿੰਘ ਚੰਦੀ ਨੂੰ ਉਨ੍ਹਾਂ ਦੇ ਯੂਨੀਅਨ ਪ੍ਰਤੀ ਕੀਤੇ ਗਏ ਯਤਨਾਂ ਅਤੇ ਮਿਹਨਤ ਸਦਕਾ ਐਸੋਸੀਏਟ ਅਧਿਆਪਕ ਯੂਨੀਅਨ ਦੀ ਸਟੇਟ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਸਟੇਟ ਕਮੇਟੀ ਮੈਂਬਰ ਸੰਦੀਪ ਸਿੰਘ ਚੰਦੀ ਨੇ ਪ੍ਰਧਾਨ ਅਨੁਭਵ ਗੁਪਤਾ, ਜੁਝਾਰ ਸਿੰਘ ਸੰਗਰੂਰ, ਗੁਰਦੀਪ ਸਿੰਘ ਅੰਟਾਲ, ਅਸ਼ੋਕ ਫਿਰੋਜ਼ਪੁਰ, ਸੁਖਬੀਰ ਸਿੰਘ ਸਮੇਤ ਸਾਰੇ ਸਟੇਟ ਆਗੂਆ ਦਾ ਧੰਨਵਾਦ ਕੀਤਾ ਅਤੇ ਇਹ ਵਿਸ਼ਵਾਸ ਦਿਵਾਇਆ ਕਿ ਉਹ ਯੂਨੀਅਨ ਦੀ ਬਿਹਤਰੀ ਲਈ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਸ਼ੁੱਭ ਕਾਮਨਾਵਾਂ ਦੇਣ ਵਾਲਿਆਂ ਵਿੱਚ ਰਣਜੀਤ ਸਿੰਘ ਮੁੱਛਲ ਸਟੇਟ ਆਗੂ, ਰੁਪਿੰਦਰ ਕੌਰ ਗਿੱਲ ਸਟੇਟ ਆਗੂ, ਸੁਖਵਿੰਦਰ ਸਿੰਘ ਕਾਹਲੋ ਸਟੇਟ ਕਮੇਟੀ ਮੈਂਬਰ, ਭੁਪਿੰਦਰ ਸਿੰਘ ਪ੍ਰਧਾਨ ਈਟੀਯੂ, ਗੁਰਜੀਤ ਸਿੰਘ ਸੀਐੱਚਟੀ, ਸਰਬਜੀਤ ਸਿੰਘ ਸੀਐੱਚਟੀ, ਸੁਰਜੀਤ ਸਿੰਘ ਸੀਐੱਚਟੀ, ਗੁਰਤੇਜ ਸਿੰਘ ਛਾਪਾ, ਨਵਜਿੰਦਰ ਸਿੰਘ, ਅਸ਼ੋਕ ਸਿੰਘ ਐੱਚਟੀ, ਨਵਦੀਪ ਸਿੰਘ ਕੈਨੇਡਾ, ਕੰਵਰਜੀਤ ਸਿੰਘ ਪ੍ਰਧਾਨ, ਜਗਦੇਵ ਸਿੰਘ ਮੱਲ੍ਹੀ, ਜਤਿੰਦਰ ਸਿੰਘ, ਗੁਰਪ੍ਰੀਤ ਸਿੰਘ ਗਿੱਲ, ਸਵਿੰਦਰ ਸਿੰਘ ਬਾਲੀਆਂ, ਕੰਵਲਜੀਤ ਸਿੰਘ, ਨਵਜੀਤ ਸਿੰਘ ਸਿੱਧੂ, ਜਗਦੀਪ ਸਿੰਘ ਐੱਚਟੀ, ਅਮਨਦੀਪ ਸਿੰਘ ਤਲਵੰਡੀ, ਹਰਮਨਦੀਪ ਸਿੰਘ ਚੰਦੀ, ਰਜਿੰਦਰ ਸਿੰਘ ਤਰਸਿੱਕਾ, ਜਸਵਿੰਦਰ ਸਿੰਘ ਅਜਨਾਲਾ, ਰਾਜੀਵ ਮੰਨਣ ਤਰਨਤਾਰਨ, ਜਗਤਾਰ ਸਿੰਘ, ਗੁਰਜਤਿੰਦਰ ਸਿੰਘ, ਰਾਜਵਿੰਦਰ ਕੌਰ, ਰਾਜਬੀਰ ਕੌਰ, ਗੁਰਪ੍ਰੀਤ ਕੌਰ, ਭੁਪਿੰਦਰ ਕੌਰ, ਸਵਰਾਜ ਕੌਰ, ਨਿਸ਼ਾ ਟੰਡਨ, ਸੰਦੀਪ ਕੌਰ, ਅਕਬੀਰ ਕੌਰ, ਸਰਬਰਿੰਦਰ ਕੌਰ, ਰੂਪਨਜੀਤ ਕੌਰ, ਮਨਜੀਤ ਕੌਰ, ਪਵਨਦੀਪ ਕੌਰ, ਅਮਨਦੀਪ ਬੱਲ, ਰਾਜ ਕੁਮਾਰੀ, ਕਿਰਨਜੋਤ ਕੌਰ, ਮੋਨਿਕਾ, ਰਮਨਦੀਪ ਕੌਰ ਆਦਿ ਸ਼ਾਮਲ ਹਨ।



## ਮਨਰੇਗਾ ਵਰਕਰ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਨੇ ਡੀਸੀ ਨੂੰ ਦਿੱਤਾ ਮੰਗ ਪੱਤਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰੀ ਬਾਰਿਸ਼ਾਂ ਨਾਲ ਮਜ਼ਦੂਰਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਸਬੰਧੀ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਜ਼ਦੂਰਾਂ ਦੇ ਘਰ ਢੈਣ, ਕੰਧਾਂ ਪਾਟ, ਬਾਲਿਆਂ ਵਾਲੀਆਂ ਛੱਤਾਂ ਚੋਣ ਸਬੰਧੀ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ ਦੀ ਅਗਵਾਈ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੌਲ, ਜਰਨੈਲ ਸਿੰਘ ਰਸੂਲਪੁਰ, ਦਾਰਾ ਸਿੰਘ ਮੁੰਡਾ ਪਿੰਡ, ਮੀਤਾ ਕੌਰ ਸਰਪੰਚ ਪਿੰਡ ਬੁਰਜਕਲਾਂ ਚੀਮਾ, ਕਮਲਜੀਤ ਸਿੰਘ ਨਾਗੋਕੇ ਨੇ ਕੀਤੀ।ਇਸ ਮੌਕੇ ਦੋਹਾਂ ਜਥੇਬੰਦੀਆਂ ਦੇ ਆਗੂਆਂ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ ਨੇ ਦੱਸਿਆ ਕਿ ਭਾਰੀ ਬਾਰਿਸ਼ ਹੋਣ ਕਾਰਨ ਗਰੀਬ ਪਰਿਵਾਰਾਂ ਦੇ ਕੋਠੇ ਡਿੱਗ ਚੁੱਕੇ ਹਨ ਅਤੇ ਕੰਧਾਂ ਪਾੜ ਚੁੱਕੀਆਂ ਹਨ। ਆਗੂਆਂ ਨੇ ਕਿਹਾ ਕਿ ਜਿੱਥੇ ਕਿਸਾਨੀ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ ਉਥੇ ਮਜ਼ਦੂਰ ਜਮਾਤ ਦਾ ਵੀ ਬਹੁਤ ਨੁਕਸਾਨ ਹੋਇਆ ਹੈ ਪਰ ਭਗਵੰਤ ਮਾਨ ਦੀ ਸਰਕਾਰ ਨੇ ਮਜ਼ਦੂਰਾਂ ਦੇ ਘਰਾਂ ਦਾ ਕਿਸੇ ਵੀ ਕਿਸਮ ਦਾ ਕੋਈ ਬਿਆਨ ਨਹੀਂ ਦਿੱਤਾ ਜੋ ਕਿ ਨਿੰਦਣਯੋਗ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਗਰੀਬ ਲੋਕਾਂ ਦੇ ਘਰਾਂ ਦੀ ਕਿਸੇ ਨਿਰਪੱਖ ਅਧਿਕਾਰੀ ਕੋਲੋਂ ਪੜਤਾਲ ਕਰਾ ਕੇ ਉਨ੍ਹਾਂ ਨੂੰ ਯੋਗ ਮੁਆਵਜ਼ਾ ਦੇਣ ਦੀ ਸਿਫਾਰਿਸ਼ ਕੀਤੀ ਜਾਵੇ।ਇਸ ਦਿਹ ਵੀ ਦੱਸਣਯੋਗ ਹੈ ਕਿ ਪਿੰਡ ਭੁੱਲਰ 'ਚ ਪੰਜ ਵਿਧਵਾ ਔਰਤਾਂ ਦੇ ਘਰ ਢਹਿ ਚੁੱਕੇ ਹਨ। ਇਸੇ ਤਰ੍ਹਾਂ ਪਿੰਡ ਰਟੌਲ, ਮੁੰਡਾ ਪਿੰਡ, ਜੋਲ ਢਾਏ ਵਾਲਾ ਆਦਿ ਪਿੰਡਾਂ 'ਚ ਮਜ਼ਦੂਰਾਂ ਦੇ ਘਰ ਢਹਿ ਚੁੱਕੇ ਹਨ। ਸਰਕਾਰ ਨੂੰ ਤੁਰੰਤ ਸਾਰ ਲੈਣੀ ਚਾਹੀਦੀ ਹੈ। ਇਸ ਮੌਕੇ ਕਮਲਜੀਤ ਕੌਰ ਸਾਬਕਾ ਸਰਪੰਚ ਨੌਸ਼ਹਿਰਾ ਪੰਨੂਆਂ, ਬਗੀਚਾ ਸਿੰਘ, ਪਰਮਜੀਤ ਸਿੰਘ ਗੰਡੀਵਿੰਡ, ਦਲਬੀਰ ਸਿੰਘ ਬਾਗੜੀਆਂ, ਕੁਲਦੀਪ ਸਿੰਘ ਸਾਬਕਾ ਸਰਪੰਚ ਭੁੱਲਰ, ਜਸਬੀਰ ਕੌਰ ਕੈਰੋਵਾਲ, ਬਲਵਿੰਦਰ ਕੌਰ ਰਟੌਲ ਪ੍ਰਧਾਨ, ਰਣਜੀਤ ਕੌਰ ਰਟੌਲ ਸਕੱਤਰ ਆਦਿ ਆਗੂ ਹਾਜ਼ਰ ਸਨ।



# ਕੇਂਦਰ ਸਰਕਾਰ ਪੰਜਾਬ ਨੂੰ ਕੁਦਰਤੀ ਆਫ਼ਤਾਂ ਦਾ ਘੱਟੋ-ਘੱਟ 15 ਹਜ਼ਾਰ ਕਰੋੜ ਰੁਪਏ ਦਾ ਸਪੈਸ਼ਲ ਪੈਕੇਜ ਜਾਰੀ ਕਰੇ : ਬਹਿਰੂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਇਸ ਵਾਰ ਸਾਡੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਪੈ ਰਹੀ ਬਾਰਿਸ਼ ਨੇ ਜਿੱਥੇ ਹਿਮਾਚਲ ਦੇ ਕਿਸਾਨਾਂ ਅਤੇ ਹੋਰ ਕਾਰੋਬਾਰੀਆਂ ਦਾ ਵੱਡਾ ਆਰਥਿਕ ਨੁਕਸਾਨ ਕੀਤਾ ਹੈ ਉਥੇ ਡੈਮਾਂ ਵਿੱਚ ਪਾਣੀ ਦਾ ਪੱਧਰ ਵੱਧਣ ਨਾਲ ਪੰਜਾਬ ਵੱਲ ਖੋਲ੍ਹੇ ਗਏ ਫਲੱਡ ਗੇਟਾਂ ਕਾਰਨ ਰਾਵੀ ਸਤਲੁਜ ਬਿਆਸ ਦਰਿਆਵਾਂ ਵਿੱਚ ਲੋੜ ਤੋਂ ਵੱਧ ਪਾਣੀ ਛੱਡਣ ਨਾਲ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਜਿੱਥੇ ਜਿੱਥੇ ਕਿਸਾਨਾਂ ਦੀਆਂ ਫ਼ਸਲਾਂ ਫਲੱਡ ਨੇ ਤਬਾਹ ਕਰ ਦਿੱਤੀਆਂ ਹਨ ਉਥੇ ਆਮ ਜਨ ਜੀਵਨ ਵਿੱਚ ਵੀ ਬਹੁਤ ਵੱਡਾ ਵਿਘਨ ਪਿਆ ਹੈ ਇਸ ਆਈ ਕੁਦਰਤੀ ਕਰੋਪੀ ਉੱਤੇ ਇਤਿਹਾਸ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਇੱਕ ਆਵਾਜ਼ ਬਣਾ ਕੇ ਸਾਨੂੰ ਕੇਂਦਰ ਅਤੇ ਰਾਜ ਸਰਕਾਰ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਜਿਹੜੇ ਵੀ ਇਲਾਕੇ ਦੀਆਂ ਫ਼ਸਲਾਂ ਮਾਲ ਡੰਗਰ ਘਰ ਟਿਊਬਵੈਲਾਂ ਦਾ ਫਲੱਡ ਨਾਲ ਨੁਕਸਾਨ ਹੋਇਆ ਹੈ ਉਸ ਦੀ 100 ਪ੍ਰਤੀਸ਼ਤ ਭਰਪਾਈ ਕਾਰਵਾਈ ਜਾ ਸਕੇ । ਸ੍ਰੀ ਬਹਿਰੂ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਯਾਦ ਕਰਵਾਇਆ ਹੈ ਕਿ ਜਦੋਂ ਪਿਛਲੇ ਸਮੇਂ ਤੋਂ ਪੂਰੀ ਦੁਨੀਆ ਵਿੱਚ ਮੌਸਮ ਵਿੱਚ ਵੱਡੀ ਤਬਦੀਲੀ ਆਈ ਹੈ ਤਾਂ ਕੁਦਰਤੀ ਆਫ਼ਤਾਂ ਦੇ ਢੁੱਕਵੇਂ ਪ੍ਰਬੰਧ ਕਿਉਂ ਨਹੀਂ ਕੀਤੇ ਇਸ ਲਈ ਸਰਕਾਰਾਂ ਦੀ ਸੰਵਿਧਾਨਕ ਅਤੇ ਸਮਾਜਿਕ ਇਖ਼ਲਾਕੀ ਜ਼ੁੰਮੇਵਾਰੀ ਬਣਦੀ ਹੈ ਕਿ ਦੇਸ਼ ਵਾਸੀਆਂ ਦੀ ਕੁਦਰਤੀ ਆਫ਼ਤਾਂ ਨਾਲ ਹੋਏ ਜਾਨੀ ਤੇ ਮਾਲੀ ਨੁਕਸਾਨ ਦੀ ਭਰਪਾਈ ਲਈ ਕੁਦਰਤੀ ਆਫ਼ਤਾਂ ਦਾ ਕੌਮੀ ਫੰਡ ਕੇਂਦਰ ਸਰਕਾਰ ਕਾਇਮ ਕਰੇ ਤਾਂ ਕਿ ਜਿਹੜੇ ਵੀ ਸੂਬੇ ਵਿੱਚ ਕੁਦਰਤੀ ਆਫ਼ਤਾਂ ਆਉਂਦੀ ਹੈ ਤਾਂ ਉਸ ਦੇ ਨੁਕਸਾਨ ਦੀ 100 ਪ੍ਰਤੀਸ਼ਤ ਭਰਪਾਈ ਹੋ ਸਕੇ। ਬਹਿਰੂ ਨੇ ਇਹ ਵੀ ਦੱਸਿਆ ਕਿ ਦੇਸ਼ ਦੇ ਕਿਸਾਨਾਂ ਦੀ ਮੰਗ ਹੈ ਕਿ ਕੇਂਦਰ ਸਰਕਾਰ ਨੇ ਫ਼ਸਲੀ ਬੀਮਾ ਯੋਜਨਾ ਸ਼ੁਰੂ ਕੀਤੀ ਸੀ ਉਹ ਵੀ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਕੇ ਖ਼ਤਮ ਹੋ ਗਈ ਹੈ ਅਤੇ ਕਿਸਾਨਾਂ ਦਾ ਖੇਤੀ ਕਾਰੋਬਾਰ ਕੁੱਖੋਂ ਅਸਮਾਨ ਹੋਣ ਕਾਰਨ ਕਦੇ ਹੜ੍ਹ ਕਦੇ ਸੋਕੇ ਅਤੇ ਗੜੇਮਾਰੀ ਦੀ ਲਪੇਟ ਵਿੱਚ ਆ ਕੇ ਸਾਲ ਕਿਸਾਨਾਂ ਦੀਆਂ ਪਲੀਆਂ ਪਾਲੀਆਂ ਫਸਲਾਂ ਬਰਬਾਦ ਹੋ ਜਾਂਦੀਆਂ ਹਨ ਉਨ੍ਹਾਂ ਕਿਹਾ ਕਿ ਅਜੇ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਨਾਲ ਨਾਲ ਮਾਲ ਡੰਗਰ ਘਰਾਂ ਟਿਊਬਵੈਲਾਂ ਦਾ ਕਿੰਨਾ ਨੁਕਸਾਨ ਹੋਇਆ ਹੈ ਇਸ ਲਈ ਕੇਂਦਰ ਸਰਕਾਰ ਪੰਜਾਬ ਨੂੰ ਕੁਦਰਤੀ ਆਫ਼ਤਾਂ ਦਾ ਘੱਟੋ ਘੱਟ ਪੰਦਰਾਂ ਹਜ਼ਾਰ ਕਰੋੜ ਰੁਪਏ ਦੀ ਸਪੈਸ਼ਲ ਪੈਕੇਜ ਜਾਰੀ ਕਰਕੇ ਦਾ ਐਲਾਨ ਤੁਰੰਤ ਕਰੇ ਤਾਂ ਕਿ ਫਲੱਡ ਨਾਲ ਪੀੜਤ ਲੋਕਾਂ ਦੀ 100 ਪ੍ਰਤੀਸ਼ਤ ਆਰਥਿਕ ਮੱਦਦ ਦੇ ਨਾਲ ਨਾਲ ਸੜਕਾਂ ਦੇ ਨਾਲ ਹੋਰ ਸਰਕਾਰੀ ਸੰਪਤੀ ਦੇ ਨੁਕਸਾਨ ਦੀ ਭਰਪਾਈ ਹੋ ਸਕੇ। ਸ੍ਰ ਬਹਿਰੂ ਦੇ ਨਾਲ ਫਲੱਡ ਏਰੀਆ ਦਾ ਜਾਇਜ਼ਾ ਲੈਣ ਲਈ ਬਲਿਹਾਰ ਸਿੰਘ ਫੁਗਲੀ, ਖ਼ਜ਼ਾਨਚੀ ਰਣਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਪਟਿਆਲਾ ਮੁਖਤਿਆਰ ਸਿੰਘ ਬਹਿਰੂ, ਪ੍ਰੈਸ ਸਕੱਤਰ ਦਲਜੀਤ ਸਿੰਘ ਸੰਧੂ ਅਤੇ ਭਤਿਆਵਾਲ ਤੋਂ ਕੁਲਦੀਪ ਸਿੰਘ, ਕੁਲਵੰਤ ਸਿੰਘ ਡਲਾਈਪੁਰ, ਚਰਨਜੀਤ ਸਿੰਘ ਦਿਉਲ, ਸੁਰਿੰਦਰ ਸਿੰਘ, ਰਤਨ ਸਿੰਘ ਦਿਓਲ, ਲਖਵਿੰਦਰ ਸਿੰਘ ਕਾਨੂੰਗੋ, ਚਰਨਜੀਤ ਸਿੰਘ ਬਿੱਟੂ ਦਿਉਲ, ਜਗਜੀਤ ਸਿੰਘ ਕਾਲੂ, ਬਲਦੇਵ ਸਿੰਘ ਜੇ ਈ, ਰਜਿੰਦਰ ਸਿੰਘ ਰਾਜੂ, ਅੰਗਰੇਜ ਸਿੰਘ ਮਹੀਵਾਲ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਜਾਰੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਇੰਦਰਬੀਰ ਸਿੰਘ ਜੀ ਨਿੱਜਰ ਪ੍ਰਧਾਨ ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਜ਼ਰੂਰਤਮੰਦ ਪਰਿਵਾਰਾਂ ਨੂੰ ਰੋਜ਼ਾਨਾ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ।ਇਸ ਮੌਕੇ ਪੱਤਰਕਾਰ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਹੋਇਆਂ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਸਰਦਾਰ ਦਰਸ਼ਨ ਸਿੰਘ ਨਿੱਜਰ, ਇੰਦਰਜੀਤ ਸਿੰਘ ਅੜੀ, ਗੁਰਤੇਜ ਸਿੰਘ, ਭਰਪੂਰ ਸਿੰਘ, ਪ੍ਰਿੰ. ਮੁਕਤਾ ਤ੍ਰੇਹਨ ਨੇ ਦੱਸਿਆ ਕਿ ਰਾਹਤ ਸਮੱਗਰੀ ਵਿੱਚ ਲੰਗਰ, ਪੱਕਿਆ ਹੋਇਆ ਰਾਸ਼ਨ ਜਿਵੇਂ ਕਿ ਪੂੜੀਆਂ, ਪ੍ਰਸ਼ਾਦੇ, ਸਬਜ਼ੀ ਤੋਂ ਇਲਾਵਾ ਬਿਸਕੁਟ, ਰਸ, ਭੁੱਜੇ ਹੋਏ ਛੋਲੇ, ਸੁੱਕਾ ਦੁੱਧ, ਖੰਡ, ਪਾਣੀ ਆਦਿ ਮੁਹੱਈਆ ਕਰਵਾਇਆ ਜਾ ਰਿਹਾ ਹੈ।ਇਸ ਦੇ ਨਾਲ-ਨਾਲ ਮੈਡੀਕਲ ਕੈਂਪਾਂ ਰਾਹੀਂ ਬਿਮਾਰ ਲੋਕਾਂ ਦੀ ਸਹਾਇਤਾ ਤੋਂ ਇਲਾਵਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵਿਖੇ ਜ਼ਰੂਰਤਮੰਦ ਪਰਿਵਾਰਾਂ ਲਈ ਰਹਿਣ ਦਾ ਇੰਤਜ਼ਾਮ ਵੀ ਕੀਤਾ ਗਿਆ ਹੈ।ਇਸ ਪ੍ਰਕਾਰ ਚੀਫ ਖਾਲਸਾ ਦੀਵਾਨ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿਆਲ ਭੱਟੀ 'ਚ ਲਗਾਇਆ ਮੁਫਤ ਮੈਡੀਕਲ ਕੈਂਪ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਜਨਾਲਾ ਦੇ ਪਿੰਡ ਦਿਆਲ ਭੱਟੀ ਵਿਚ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਐੱਸ. ਕੇ. ਐੱਸ. ਹਸਪਤਾਲ ਦੇ ਸਹਿਯੋਗ ਨਾਲ ਡਾਕਟਰਾਂ ਨੇ ਮਰੀਜ਼ਾਂ ਦਾ ਮੁਫਤ ਚੈੱਕਅਪ ਕੀਤਾ ਤੇ ਦਵਾਈਆਂ ਪ੍ਰਦਾਨ ਕੀਤੀਆਂ।ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕਮੇਟੀ ਵੱਲੋਂ ਦੋ ਥਾਵਾਂ 'ਤੇ ਮੁਫਤ ਮੈਡੀਕਲ ਕੈਂਪ ਲਗਾਏ ਗਏ ਸਨ ਤੇ ਇਹ ਦਿਆਲ ਭੱਟੀ ਤੀਜਾ ਪਿੰਡ ਹੈ ਜਿਥੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਹੈ।ਇਸ ਉਪਰੰਤ ਪਿੰਡ ਗੁਲਾਬ, ਗੱਗੋਮਾਲ ਆਦਿ ਪਿੰਡਾਂ ਵਿਚ ਮੁਫਤ ਮੈਡੀਕਲ ਕੈਂਪ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਕੈਂਪਾਂ ਵਿਚ ਮੁਫਤ ਚੈੱਕਅਪ ਤੇ ਮੁਫਤ ਦਵਾਈਆਂ ਦੇਣ ਤੋਂ ਇਲਾਵਾ ਖ਼ੂਨ, ਪਿਸ਼ਾਬ ਨਾਲ ਸਬੰਧਤ ਬਿਮਾਰੀਆਂ ਦੇ ਟੈਸਟ ਵੀ ਮੁਫਤ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਇਲਾਕਾ ਪੂਰਨ ਤੌਰ 'ਤੇ ਬਿਮਾਰੀਆਂ ਮੁਕਤ ਨਹੀਂ ਹੋ ਜਾਂਦਾ, ਕਮੇਟੀ ਦੀਆਂ ਮੈਡੀਕਲ ਟੀਮਾਂ ਇਹਨਾਂ ਇਲਾਕਿਆਂ ਵਿਚ ਸੇਵਾਵਾਂ ਦਿੰਦੀਆਂ ਰਹਿਣਗੀਆਂ।ਇਸ ਮੌਕੇ ਜਗਦੀਪ ਸਿੰਘ ਕਾਹਲੋਂ ਦੇ ਨਾਲ ਦਿੱਲੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਗਿਣਨੀ, ਰਾਜਿੰਦਰ ਸਿੰਘ ਖਿਆਲਾ ਅਤੇ ਪੰਜਾਬ ਵਿੱਚ ਧਰਮ ਪ੍ਰਚਾਰ ਚੇਅਰਮੈਨ ਮਨਜੀਤ ਸਿੰਘ ਭੋਮਾ ਮੌਜੂਦ ਰਹੇ।



# ਕੁਦਰਤੀ ਆਫ਼ਤ ਪ੍ਰਬੰਧਨ ਹੇਠ ਦਿੱਤੇ ਜਾਣ ਵਾਲੇ ਫੰਡ ਤੁਰੰਤ ਰਿਲੀਜ਼ ਕਰੇ ਕੇਂਦਰ ਸਰਕਾਰ : ਪੀਰ ਮੁਹੰਮਦ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਕਿਹਾ ਕਿ ਪੰਜਾਬ ਨੂੰ ਬੇਗਾਨਗੀ ਦੀ ਨਜ਼ਰ ਨਾਲ ਨਾ ਵੇਖਿਆ ਜਾਵੇ।ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅੱਜ ਪੰਜਾਬ ਹੜ੍ਹ ਤੋਂ ਪ੍ਰਭਾਵਿਤ ਹੋ ਕੇ ਗਹਿਰੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ।ਇਸ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਕੇਂਦਰ ਸਰਕਾਰ ਤੁਰੰਤ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕਰਦੇ ਹੋਏ ਪ੍ਰਭਾਵਿਤ ਇਲਾਕਿਆਂ ਲਈ ਬਿਨਾਂ ਦੇਰੀ ਕੀਤੇ ਵਿੱਤੀ ਮਦਦ ਦਾ ਐਲਾਨ ਕਰੇ।ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਨੇ ਆਰਥਿਕ ਤੌਰ ਤੇ ਵੱਡੀ ਸੱਟ ਮਾਰੀ ਹੈ।ਉਨ੍ਹਾਂ ਨੇ ਕਿਹਾ ਕਿ ਮੰਚ ਤੋਂ ਸਿਰਫ ਮੁਆਵਜ਼ੇ ਦੇ ਐਲਾਨ ਕਰਨ ਨਾਲ ਕੁੱਝ ਨਹੀਂ ਬਣਨਾ, ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਪ੍ਰਭਾਵਿਤ ਇਲਾਕਿਆਂ ਵਿੱਚ ਹੋਏ ਮਾਲੀ ਨੁਕਸਾਨ ਦੀ ਭਰਪਾਈ ਪੂਰੇ ਰੂਪ ਵਿੱਚ ਹੋਵੇ।ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਨੂੰ ਹਰ ਸਾਲ ਹੜ੍ਹਾਂ ਦੀ ਮਾਰ ਝੱਲਣੀ ਪੈਂਦੀ ਹੈ।ਪਿਛਲੇ ਤਿੰਨ ਦਹਾਕਿਆਂ ਤੋਂ ਵੱਡਾ ਨੁਕਸਾਨ ਹੜ੍ਹਾਂ ਦੇ ਚਲਦੇ ਹੋ ਚੁੱਕਾ ਹੈ।ਇਨ੍ਹਾਂ ਤਿੰਨ ਦਹਾਕਿਆਂ ਦੌਰਾਨ ਕਿਸੇ ਵੀ ਸਰਕਾਰ ਨੇ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਠੋਸ ਕਦਮ ਨਹੀਂ ਉਠਾਏ।ਕੰਢੀ ਖੇਤਰ ਤੋਂ ਲੈ ਕੇ ਦਰਿਆ ਨਾਲ ਲੱਗਦੇ ਇਲਾਕੇ ਅਤੇ ਸਰਹੱਦੀ ਇਲਾਕਿਆਂ ਦੇ ਹੁੰਦੇ ਨੁਕਸਾਨ ਲਈ ਸਰਕਾਰਾਂ ਨੇ ਅੱਖਾਂ ਬੰਦ ਰੱਖੀਆਂ ਹੋਈਆਂ ਹਨ।ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਦੀ ਇਸ ਨਾਜ਼ੁਕ ਸਥਿਤੀ ਨੂੰ ਵੇਖਦੇ ਹੋਏ ਸਾਰਿਆਂ ਨੂੰ ਆਮ ਜੀਵਨ ਲਈ ਜ਼ਰੂਰੀ ਵਸਤਾਂ ਦੀ ਸੇਵਾ ਦੇ ਨਾਲ ਨਾਲ ਪਸ਼ੂ ਧਨ ਲਈ ਚਾਰੇ ਦਾ ਪ੍ਰਬੰਧ ਕਰਨ ਲਈ ਟੀਮਾਂ ਦੇ ਰੂਪ ਵਿੱਚ ਜੁਟ ਜਾਣ ਦੀ ਬੇਹੱਦ ਲੋੜ ਹੈ।



# ਦਮਦਮੀ ਟਕਸਾਲ ਨੇ ਹੜ੍ਹ ਪੀੜਤਾਂ ਲਈ ਰਾਹਤ ਕੈਂਪ ਤੇ ਗੁਰੂ ਕਾ ਲੰਗਰ ਲਗਾਇਆ




**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਅਤੇ ਪ੍ਰਧਾਨ ਸੰਤ ਸਮਾਜ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ, ਦਵਾਈਆਂ ਆਦਿ ਅਤੇ ਹੋਰ ਜ਼ਰੂਰੀ ਵਰਤੋਂ ਦੀਆਂ ਵਸਤੂਆਂ ਤੋਂ ਇਲਾਵਾ ਅੱਡਾ ਪਿੰਡ ਬਾਜਵਾ ਗੱਗੋਮਾਹਲ ਤੋਂ ਰਮਦਾਸ ਰੋਡ ਤੇ ਪੱਕੇ ਕੈਂਪ ਦਾ ਆਰੰਭ ਕੀਤਾ ਗਿਆ ਹੈ।ਇਸ ਸਬੰਧੀ ਗੱਲ ਕਰਦਿਆਂ ਗੁਰਮੁਖ ਸਿੰਘ ਮੋਹਣ ਭੰਡਾਰੀਆਂ ਨੇ ਦੱਸਿਆ ਕਿ ਹਰ ਜ਼ਰੂਰਤਮੰਦ ਇਸ ਕੈਂਪ ਵਿੱਚੋਂ ਲੋੜ ਅਨੁਸਾਰ ਸਹਾਇਤਾ ਲੈ ਸਕਦਾ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਇਹ ਕੈਂਪ 24 ਘੰਟੇ ਚੱਲੇਗਾ।ਜਥੇਦਾਰ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਗੁਰਮੁਖ ਸਿੰਘ ਮੋਹਣ ਭੰਡਾਰੀਆ, ਡਾ: ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ, ਰਮਿੰਦਰਜੀਤ ਸਿੰਘ ਜਲਾਲ ਉਸਮਾ, ਪਰਮਿੰਦਰ ਸਿੰਘ ਮਹਿਤਾ, ਹਰਜਿੰਦਰ ਸਿੰਘ, ਅਬੇਦੀਪ ਸਿੰਘ ਮਹਿਤਾ, ਹਰਪਾਲ ਸਿੰਘ, ਹਰਪਾਲ ਸਿੰਘ ਰਾਜਸਥਾਨੀ ਅਤੇ ਰਾਜਵਿੰਦਰ ਸਿੰਘ ਸੰਗਰੂਰ ਆਦਿ ਨੇ ਹੜ੍ਹ ਪੀੜਤਾਂ ਦੀ ਤਨਦੇਹੀ ਨਾਲ ਸੇਵਾ ਕੀਤੀ।

# ਭਾਰਤੀ ਹਾਕੀ ਟੀਮ ਨੂੰ ਏਸ਼ੀਆ ਕੱਪ ਜਿੱਤਣ 'ਤੇ ਵਧਾਈ

● ਹਾਕੀ ਟੀਮ ਦੀ ਜਿੱਤ 'ਤੇ ਪੰਜਾਬੀਆਂ ਨੂੰ ਮਾਣ : ਡਾ. ਨਿੱਜਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੇ ਭਾਰਤੀ ਹਾਕੀ ਟੀਮ ਨੂੰ ਏਸ਼ੀਆ ਚੈਂਪੀਅਨ ਬਣ ਕੇ ਦੇਸ਼ ਦਾ ਨਾਮ ਰੌਸ਼ਨ ਕਰਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਧਾਈ ਦਿੱਤੀ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਪੰਜਾਬੀ ਖਿਡਾਰੀਆਂ ਦੇ ਯੋਗਦਾਨ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਜਿੱਤ ਪੂਰੇ ਦੇਸ਼ ਖਾਸ ਕਰ ਹਾਕੀ ਦਾ ਗੜ੍ਹ ਮੰਨੇ ਜਾਂਦੇ ਪੰਜਾਬ ਲਈ ਬਹੁਤ ਮਾਣ ਅਤੇ ਗੌਰਵ ਦੀ ਗੱਲ ਹੈ।ਉਨ੍ਹਾਂ ਨੇ ਕਿਹਾ ਕਿ ਹਾਕੀ ਸਿਰਫ ਖੇਡ ਨਹੀਂ ਪੰਜਾਬੀ ਸੱਭਿਆਚਾਰ ਦਾ ਅਟੁੱਟ ਹਿੱਸਾ ਵੀ ਹੈ। ਭਾਰਤੀ ਹਾਕੀ ਦੇ ਇਤਿਹਾਸਕ ਸੁਨਹਿਰੀ ਪੰਨਿਆਂ ਵਿਚ ਪੰਜਾਬੀ ਖਿਡਾਰੀਆਂ ਦਾ ਯੋਗਦਾਨ ਮਹੱਤਵਪੂਰਨ ਹੈ ਅਤੇ ਹਮੇਸ਼ਾ ਤੋਂ ਹੀ ਪੰਜਾਬੀਆਂ ਨੇ ਆਪਣੀ ਖੇਡ ਕਲਾ, ਦਲੇਰੀ ਅਤੇ ਜਜ਼ਬੇ ਨਾਲ ਟੀਮ ਨੂੰ ਮਜ਼ਬੂਤ ਕੀਤਾ ਹੈ।ਦੀਵਾਨ ਪ੍ਰਬੰਧਕਾਂ ਨੇ ਭਾਰਤੀ ਹਾਕੀ ਟੀਮ ਨੂੰ ਆਉਣ ਵਾਲੇ ਵਰਲਡ ਕੱਪ ਲਈ ਵੀ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਆਸ ਕੀਤੀ ਕਿ ਭਾਰਤੀ ਹਾਕੀ ਟੀਮ ਏਸ਼ੀਆਈ ਪੱਧਰ ਦੀ ਤਰ੍ਹਾਂ ਵਿਸ਼ਵ ਪੱਧਰ ਤੇ ਵੀ ਵਰਲਡ ਕੱਪ ਜਿੱਤ ਕੇ ਆਪਣੇ ਦੇਸ਼ ਅਤੇ ਪੰਜਾਬ ਦਾ ਨਾਮ ਰੋਸ਼ਨ ਕਰਕੇ ਇਤਿਹਾਸ ਰਚੇਗੀ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਤਰਲੋਚਨ ਸਿੰਘ, ਸਰਜੋਤ ਸਿੰਘ ਸਾਹਨੀ, ਤਜਿੰਦਰ ਸਿੰਘ ਖਾਲਸਾ ਆਦਿ ਹਾਜ਼ਰ ਸਨ।



# ਰੰਧਾਵਾ ਵੱਲੋਂ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ; ਪੀੜਤਾਂ ਨੂੰ ਦਿੱਤਾ ਹਰ ਸੰਭਵ ਮਦਦ ਦਾ ਭਰੋਸਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਦੇ ਪਿੰਡ ਸਿੰਘਪੁਰਾ, ਸ਼ਾਮਪੁਰਾ, ਗੁਰਚੱਕ ਤੇ ਤਲਵੰਡੀ ਹਿੰਦੂਆਂ ਵਿਖੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮੁਲਾਕਾਤ ਕਰਕੇ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੂੰ ਹੌਂਸਲਾ ਦਿੰਦੇ ਹੋਏ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।ਜਿਨ੍ਹਾਂ ਪਰਿਵਾਰਾਂ ਦੇ ਮਕਾਨ ਡਿੱਗ ਗਏ ਹਨ, ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।ਰੰਧਾਵਾ ਨੇ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਰਾਹਤ ਸਮੱਗਰੀ ਵੀ ਵੰਡੀ ਗਈ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਰਜਤ ਮਰਵਾਹਾ ਤੇ ਹੋਰ ਆਗੂ ਵੀ ਹਾਜ਼ਰ ਸਨ।ਇਸ ਮੌਕੇ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਹੜ੍ਹਾਂ ਪੀੜ੍ਹਤਾਂ ਦੇ ਨਾਲ ਖੜੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਜਿਨ੍ਹਾਂ ਪਰਿਵਾਰਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ।ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰਦਾਸਪੁਰ ਤੇ ਪਠਾਨਕੋਟ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆ ਰਹੇ ਹਨ ਅਤੇ ਉਨ੍ਹਾਂ ਵੱਲੋਂ ਹੜ੍ਹਾਂ ਨਾਲ ਜੂਝ ਰਹੇ ਪੰਜਾਬ ਨੂੰ ਜ਼ਰੂਰ ਕੋਈ ਰਾਹਤ ਪੈਕੇਜ ਦੇ ਕੇ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕੇਂਦਰ ਸਰਕਾਰ ਪੰਜਾਬ ਦੀ 50,000 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਵੀ ਤੁਰੰਤ ਜਾਰੀ ਕਰੇ।



# ਹੜ੍ਹ ਪੀੜਤਾਂ ਲਈ ਪਿੰਡ ਮਾਕੋਵਾਲ ਅਤੇ ਸੁਧਾਰ ਵਿਖੇ ਬੇਸ ਕੈਂਪ ਸਥਾਪਤ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਪਿੰਡ ਮਾਕੋਵਾਲ ਅਤੇ ਸੁਧਾਰ ਵਿਖੇ ਬੇਸ ਕੈਂਪ ਸਥਾਪਤ ਕੀਤੇ ਗਏ।ਇਸ ਬੇਸ ਕੈਂਪਾਂ ਵਿੱਚ ਮੈਡੀਕਲ ਕੈਂਪ ਤੋਂ ਇਲਾਵਾ ਮਾਕੋਵਾਲ ਵਿਖੇ ਮਰੀਜ਼ਾਂ ਦੀ ਸਹੂਲਤ ਲਈ ਆਈਸੀਯੂ ਵੀ ਸਥਾਪਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਰਮਦਾਸ ਦੇ ਆਲੇ ਦੁਆਲੇ ਦੇ ਇਲਾਕਿਆਂ ਦਾ ਸਰਵੇ ਕੀਤਾ ਗਿਆ ਹੈ ਅਤੇ ਗੁਰਦੁਆਰਿਆਂ ਰਾਹੀਂ ਮੈਡੀਕਲ ਕੈਂਪ ਦੀ ਲਗਾਤਾਰ ਘੋਸ਼ਣਾ ਵੀ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਕਰੀਬ 750 ਮਰੀਜ਼ਾਂ ਦਾ ਇਲਾਜ ਕੀਤਾ ਗਿਆ ਹੈ ਅਤੇ 6 ਪਿੰਡਾਂ ਮਾਕੋਵਾਲ, ਕੋਟ ਗੁਰਬਖਸ਼, ਗੱਗੋਮਾਹਲ, ਮਾਛੀਵਾਲ, ਮੱਧੂਛਾਂਗਾ ਵਿੱਚ ਮੁਫਤ ਦਵਾਈਆਂ ਦੀ ਵੰਡ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਖੂਨ ਦੇ ਟੈਸਟ ਵੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਬੇਸ ਕੈਂਪ ਵਿੱਚ ਫੌਜ ਦੇ ਜਵਾਨਾਂ ਦਾ ਇਲਾਜ ਵੀ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸੁਧਾਰ ਬੇਸ ਕੈਂਪ ਵਿਖੇ ਵੀ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਮਾਹਿਰਾਂ ਵੱਲੋਂ ਵੀ ਇਕ ਵਿਸ਼ੇਸ਼ ਮੈਡੀਕਲ ਕੈਂਪ ਜ਼ਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਨਾਲ ਸਥਾਪਤ ਕੀਤਾ ਗਿਆ ਹੈ ਜਿਥੇ ਹੜ੍ਹ ਪੀੜਤ ਪਰਿਵਾਰਾਂ ਦੀ ਮੈਡੀਕਲ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਿੰਡ ਘੋਨੇਵਾਲ ਅਤੇ ਮਾਛੀਵਾਲ ਵਿਖੇ ਐਂਟੀ ਲਾਰਵਾ ਸਪਰੇਅ ਵੀ ਲਗਾਤਾਰ ਕਰਵਾਈ ਜਾ ਰਹੀ ਹੈ ਤਾਂ ਜੋ ਡੇਂਗੂ ਜਾਂ ਮਲੇਰੀਆ ਵਰਗੀ ਬਿਮਾਰੀ ਦਾ ਪਸਾਰ ਨਾ ਹੋਵੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਦੋਂ ਤੱਕ ਸਾਰੇ ਹਲਾਤ ਠੀਕ ਨਹੀਂ ਹੋ ਜਾਂਦੇ ਜ਼ਿਲ੍ਹਾ ਪ੍ਰਸ਼ਾਸ਼ਨ ਇਨ੍ਹਾਂ ਹੜ੍ਹ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰੇਗਾ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਮੁੜ ਖੜ੍ਹਾ ਕਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਵੀ ਦੇਵੇਗਾ।



# ਮਾਤਾ ਆਸ਼ਾ ਰਾਣੀ ਨੂੰ ਵੱਖ-ਵੱਖ ਸਿਆਸੀ ਤੇ ਸਮਾਜ ਸੇਵੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕੈਟਰਿੰਗ ਠੇਕੇਦਾਰ ਰਜਿੰਦਰ ਸਿੰਘ ਮਿੱਠੂ ਦੇ ਮਾਤਾ ਆਸ਼ਾ ਰਾਣੀ (68) ਪਤਨੀ ਸਵ. ਤੀਰਥ ਰਾਮ ਵਾਸੀ ਡੇਰਾ ਬਾਬਾ ਨਾਨਕ ਜੋ ਕੁਝ ਦਿਨ ਪਹਿਲਾਂ ਸੰਖੇਪ ਬਿਮਾਰੀ ਦੇ ਚੱਲਦਿਆਂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਗਲੀ ਮਾਹੀ ਪੱਤ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਸਥਾਨਕ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਕਰਵਾਇਆ ਗਿਆ। ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਮਾਤਾ ਆਸ਼ਾ ਰਾਣੀ ਨੂੰ ਸ਼ਰਧਾਂਜਲੀ ਦਿੰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਮਾਤਾ ਆਸ਼ਾ ਰਾਣੀ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਹੋ ਸਕਦਾ ।ਉਨ੍ਹਾਂ ਕਿਹਾ ਕਿ ਮਾਤਾ ਦੇ ਅਸ਼ੀਰਵਾਦ ਸਦਕਾ ਅੱਜ ਉਨ੍ਹਾਂ ਦੇ ਸਪੁੱਤਰ ਰਜਿੰਦਰ ਸਿੰਘ ਮਿੱਠੂ ਅਤੇ ਗੋਬਿੰਦ ਵਧਨ ਸਿੰਘ ਸਮਾਜ ਭਲਾਈ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ ।ਇਸ ਮੌਕੇ ਰਜਿੰਦਰ ਸਿੰਘ ਮਿੱਠੂ, ਗੋਬਿੰਦ ਵਧਨ ਸਿੰਘ, ਬਾਬਾ ਅਵਤਾਰ ਸਿੰਘ ਬੇਦੀ ਸ੍ਰੀ ਚੋਲਾ ਸਾਹਿਬ ਵਾਲੇ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਹਰਮੀਤ ਸਿੰਘ ਮਾਨ, ਹਰਜੀਤ ਸਿੰਘ ਬੇਦੀ, ਕੁਲਵਿੰਦਰ ਸਿੰਘ ਬੇਦੀ, ਹਰਜੀਤ ਸਿੰਘ ਠੇਠਰਕੇ, ਦਵਿੰਦਰ ਪਾਲ ਸਿੰਘ ਪਾਲੀ, ਗਿਆਨੀ ਮਹਿੰਦਰ ਸਿੰਘ, ਰਵਿੰਦਰ ਸਿੰਘ ਹੈਪੀ, ਬਿੱਲੂ ਕਰਿਆਨੇ ਵਾਲੇ, ਮਾਸਟਰ ਚਰਨਜੀਤ ਸਿੰਘ ਬੇਦੀ, ਮਾਸਟਰ ਅਸ਼ੋਕ ਕੁਮਾਰ, ਪਵਨ ਕੁਮਾਰ ਪੰਮਾ, ਅਸ਼ਵਨੀ ਬੇਦੀ, ਕੁਲਬੀਰ ਸਿੰਘ ਬੇਦੀ, ਰਾਕੇਸ਼ ਮਹਾਜਨ, ਦੀਪਕ ਸ਼ਰਮਾ, ਅਵਤਾਰ ਸਿੰਘ, ਬਲਦੇਵ ਰਾਜ ਜੇ ਈ, ਮਾਸਟਰ ਜੁਗਲ ਕਿਸ਼ੋਰ, ਮਾਸਟਰ ਤੇਜਿੰਦਰ ਸਿੰਘ ਪੂੰਨੀ ਤੋਂ ਇਲਾਵਾ ਇਲਾਕੇ ਦੇ ਪੰਚ ਸਰਪੰਚ ਤੇ ਮੋਹਤਬਰ ਹਾਜ਼ਰ ਸਨ ।






# ਦਰਸ਼ਪ੍ਰੀਤ ਦੇ ਪਰਿਵਾਰ ਨਾਲ ਐੱਸ ਜੀ ਪੀ ਸੀ ਮੈਂਬਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੁਲਸ ਥਾਣਾ ਭੈਣੀ ਮੀਆਂ ਖਾਂ ਦੇ ਅਧੀਨ ਪੈਂਦੇ ਪਿੰਡ ਨਾਨੋਵਾਲ ਜੀਂਦੜ ਦੇ ਨੌਜਵਾਨ ਦੀ ਸ਼ਨੀਵਾਰ ਨੂੰ ਰਮਦਾਸ ਨੇੜਲੇ ਪਿੰਡ ਘੋਨੇਵਾਲ ਵਿਖੇ ਭੇਤ ਭਰੇ ਹਾਲਾਤ ਵਿੱਚ ਮੌਤ ਹੋ ਗਈ ਸੀ, ਦਾ ਪਿੰਡ ਨਾਨੋਵਾਲ ਜਿੰਦੜ ਦੇ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਦਰਸ਼ਪ੍ਰੀਤ ਸਿੰਘ ਪੁੱਤਰ ਲਖਵੀਰ ਸਿੰਘ ਕੁਝ ਨੌਜਵਾਨਾਂ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਕਰਨ ਲਈ ਗਿਆ ਸੀ ਕਿ ਸੇਵਾ ਕਰਦੇ ਸਮੇਂ ਅਚਾਨਕ ਪਾਣੀ ਵਿੱਚ ਡਿੱਗ ਗਿਆ। ਉਪਰੰਤ ਪਿੰਡ ਦੇ ਨੌਜਵਾਨਾਂ ਹਸਪਤਾਲ ਵਿਚ ਲਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪਿਤਾ ਲਖਵੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਉਸ ਦੇ ਸੰਸਕਾਰ ਦੇ ਮੌਕੇ ਸੀਨੀਅਰ ਅਕਾਲੀ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ ਵੱਲੋਂ ਪੁੱਜ ਕੇ ਉਸਦੀ ਮਾਤਾ ਨੂੰ ਗੁਰੂ ਦਾ ਭਾਣਾ ਮੰਨਣ ਦੀ ਅਪੀਲ ਕੀਤੀ ਗਈ।

# ਸਕੂਲਾਂ ਦੀ ਸਥਿਤੀ ਜਾਣਨ ਲਈ ਜ਼ਿਲ੍ਹਾ ਸਿੱਖਿਆ ਅਫਸਰ ਨੇ ਸਕੂਲ ਮੁਖੀਆਂ ਨਾਲ ਕੀਤੀ ਮੀਟਿੰਗ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਰਾਵੀ ਦਰਿਆ ਦੇ ਧੁੱਸੀ ਬੰਨ੍ਹ ਟੁੱਟਣ ਕਾਰਨ ਸਰਹੱਦੀ ਖੇਤਰ ਵਿੱਚ ਆਏ ਹੜ੍ਹਾਂ ਤੇ ਪਾਣੀ ਘਟਣ ਤੋਂ ਬਾਅਦ ਸਰਕਾਰੀ ਸਕੂਲਾਂ ਦੀ ਸਥਿਤੀ ਜਾਨਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਜੇਸ਼ ਕੁਮਾਰ ਨੇ ਪ੍ਰਭਾਵਿਤ ਇਲਾਕੇ ਦੇ ਬਲਾਕ ਅਜਨਾਲਾ ਇੱਕ ਅਜਨਾਲਾ ਦੋ ਚੁਗਾਵਾਂ ਇਕ ਅਤੇ ਚੁਗਾਵਾਂ ਦੋ ਅਧੀਨ ਪੈਂਦੇ ਸਾਰੇ ਸਰਕਾਰੀ ਸਕੂਲਾਂ ਦੇ ਮੁਖੀਆਂ ਦੀ ਅਹਿਮ ਮੀਟਿੰਗ ਸਕੂਲ ਆਫ ਐਮੀਨੈਂਸ ਅਜਨਾਲਾ ਵਿੱਚ ਕੀਤੀ ਗਈ ਜਿਸ ਵਿੱਚ ਉਨ੍ਹਾਂ ਨੇ ਇਕੱਲੇ ਸਕੂਲ ਮੁਖੀ ਤੋਂ ਸਕੂਲ ਦੀ ਇਮਾਰਤ ਸਕੂਲ ਵਿੱਚ ਹੜ੍ਹਾਂ ਉਪਰੰਤ ਸਕੂਲਾਂ ਦੀ ਇਮਾਰਤ, ਵਿਦਿਆਰਥੀਆਂ ਦੀ ਸੁਰੱਖਿਆ ਅਤੇ ਬੱਚਿਆਂ ਦੇ ਬੈਠਣ ਲਈ ਸੁਰੱਖਿਅਤ ਸਥਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ।ਉਪਰੰਤ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਰਜੇਸ਼ ਕੁਮਾਰ ਨੇ ਕਿਹਾ ਕਿ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਸਭ ਤੋਂ ਪਹਿਲਾਂ ਹੈ ਅਤੇ ਇਸ ਸਬੰਧ ਵਿੱਚ ਸਕੂਲ ਮੁਖੀ ਆਪਣੇ ਆਪਣੇ ਸਕੂਲਾਂ ਵਿੱਚ ਸਾਰੇ ਪ੍ਰਬੰਧ ਕਰਨ।ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਨਾਲ ਸਕੂਲੀ ਇਮਾਰਤਾਂ ਨੂੰ ਨੁਕਸਾਨ ਹੋਣ ਦੇ ਨਾਲ ਨਾਲ ਜ਼ਹਿਰੀਲੇ ਜਾਨਵਰ ਸੱਪ ਆਦਿ ਕਮਰਿਆਂ ਵਿੱਚ ਛੁਪੇ ਹੋਏ ਹੋ ਸਕਦੇ ਹਨ ਜਿਨ੍ਹਾਂ ਬਾਰੇ ਸਾਵਧਾਨੀ ਵਰਤਦਿਆਂ ਆਪਣੇ ਪੱਧਰ ਤੇ ਪ੍ਰਬੰਧ ਕਰ ਲਏ ਜਾਣ ਤਾਂ ਜੋ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਮੌਕੇ ਉਨ੍ਹਾਂ ਨੇ ਸਕੂਲਾਂ ਨੂੰ ਜਾਂਦੇ ਰਸਤਿਆਂ ਵਿੱਚ ਪਾਣੀ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਕਈ ਸਕੂਲਾਂ ਦੇ ਮੁਖੀਆਂ ਨੇ ਦੱਸਿਆ ਕਿ ਸਕੂਲਾਂ ਵਿੱਚ ਪਾਣੀ ਹੋਣ ਦੇ ਨਾਲ ਨਾਲ ਸਕੂਲ ਨੂੰ ਜਾਂਦੇ ਸਾਰੇ ਰਸਤਿਆਂ ਤੇ ਹੜ੍ਹਾਂ ਦਾ ਪਾਣੀ ਅਜੇ ਵੀ ਚੱਲ ਰਿਹਾ ਹੈ ਜਿਸ ਕਾਰਨ ਉਥੋਂ ਦੀ ਲੰਘਣਾ ਬਹੁਤ ਮੁਸ਼ਕਿਲ ਹੈ ਅਤੇ ਇਹੋ ਜਿਹੀਆਂ ਸਮੱਸਿਆਵਾਂ ਸਕੂਲ ਮੁਖੀਆਂ ਵੱਲੋਂ ਜ਼ਿਲ੍ਹਿਆਂ ਸਿੱਖਿਆ ਅਫਸਰ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਰਕੇਸ਼ ਕੁਮਾਰ, ਪ੍ਰਿੰ. ਸੁਦੇਸ਼ ਕੁਮਾਰ, ਪ੍ਰਿੰ. ਹਰਵਿੰਦਰ ਸਿੰਘ, ਆਤਮਜੀਤ ਸਿੰਘ, ਸੁਖਦੇਵ ਸਿੰਘ ਤਲਵੰਡੀ ਅਤੇ ਪ੍ਰਿੰ. ਸਰਬਜੀਤ ਕੌਰ ਮਲਕਪੁਰ ਆਦਿ ਹਾਜ਼ਰ ਸਨ।



# ਸਿੱਖ ਚਿੰਤਕ ਦਿਲਜੀਤ ਸਿੰਘ ਬੇਦੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ

**ਅੰਮ੍ਰਿਤਸਰ (ਜਸਸਬੀਰ ਸਿੰਘ ਪੱਟੀ)**- ਉੱਘੇ ਸਿੱਖ ਚਿੰਤਕ, ਲੇਖਕ ਤੇ ਸਾਹਿਤਕਾਰ ਸ. ਦਿਲਜੀਤ ਸਿੰਘ ਬੇਦੀ ਨਮਿਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਧਾਰਮਿਕ ਸਮਾਗਮ ਗੁਰਦੁਆਰਾ ਅਕਾਲੀ ਫੂਲਾ ਸਿੰਘ ਵਿਖੇ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਰਵਾਇਆ ਗਿਆ।ਇਸ ਮੌਕੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਨਾਮ ਸਿਮਰਨ ਗੁਰਬਾਣੀ ਕੀਰਤਨ ਦਾ ਪ੍ਰਵਾਹ ਵੀ ਚਲਿਆ।ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਭਾਈ ਜਰਨੈਲ ਸਿੰਘ ਦੇ ਜਥੇ ਅਤੇ ਬੁੱਢਾ ਦਲ ਦੇ ਧਰਮ ਪ੍ਰਚਾਰ ਵਿੰਗ ਦੇ ਮੁਖੀ ਸੰਤ ਬਾਬਾ ਮਨਮੋਹਨ ਸਿੰਘ ਬਾਰਨਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਸੰਤ ਮਹਾਪੁਰਸ਼ਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।ਭਾਈ ਸੁਖਦੇਵ ਸਿੰਘ ਅਰਦਾਸੀਆ ਦਰਬਾਰ ਸਾਹਿਬ ਵੱਲੋਂ ਅਰਦਾਸ ਕੀਤੀ ਗਈ।ਅਰਦਾਸ ਉਪਰੰਤ ਸਿੰਘ ਸਾਹਿਬ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਹੋਰਾਂ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਬੁੱਢਾ ਦਲ ਦੇ ਸਕੱਤਰ ਰਹੇ ਸ. ਦਿਲਜੀਤ ਸਿੰਘ ਬੇਦੀ ਹੋਰਾਂ ਨੂੰ ਸ਼ਰਧਾ ਸਤਿਕਾਰ ਭੇਟ ਕੀਤਾ, ਉਥੇ ਹੀ ਉਨ੍ਹਾਂ ਨੇ ਇਹ ਕਿਹਾ ਕਿ ਜਿੱਥੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਉੱਥੇ ਹੀ ਪੰਥ ਦੀ ਨੁਮਾਇੰਦਾ ਜਥੇਬੰਦੀ ਬੁੱਢਾ ਦਲ ਨੂੰ ਹਮੇਸ਼ਾ ਉਨ੍ਹਾਂ ਦੀ ਘਾਟ ਮਹਿਸੂਸ ਰਹੇਗੀ ਕਿ ਸ. ਦਿਲਜੀਤ ਸਿੰਘ ਬੇਦੀ ਦਾ ਸਦੀਵੀ ਵਿਛੋੜਾ ਅਕਿਹ ਤੇ ਅਸਿਹ ਹੈ।ਸ. ਦਿਲਜੀਤ ਸਿੰਘ ਬੇਦੀ ਆਪਣੀਆਂ ਅਮੁੱਲਵਾਨ ਰਚਨਾਵਾਂ, ਲੇਖ ਅਤੇ ਬੁੱਢਾ ਦਲ ਨਾਲ ਸੰਬੰਧਿਤ ਇਤਿਹਾਸਿਕ ਜਾਣਕਾਰੀਆਂ ਨੂੰ ਕਲਮਬੰਦ ਕੀਤਾ ।ਉਨ੍ਹਾਂ ਦੀਆਂ ਰਚਨਾਵਾਂ ਤੇ ਲਿਖਤਾਂ ਹਮੇਸ਼ਾ ਹੀ ਬੁੱਢਾ ਦਲ ਲਈ ਪ੍ਰੇਰਣਾ ਅਤੇ ਮਾਰਗ ਦਰਸ਼ਨ ਬਣੀਆਂ ਰਹਿਣਗੀਆਂ।ਸ਼੍ਰੋਮਣੀ ਗੁਰਦੁਆਰਾ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਦੇ ਨਿੱਜੀ ਸਹਾਇਕ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ ਹੋਰਾਂ ਨੇ ਵੀ ਐਡਵੋਕੇਟ ਧਾਮੀ ਵੱਲੋਂ ਭੇਜਿਆ ਸੋਗ ਸੁਨੇਹਾ ਪੜ੍ਹਿਆ। ਇਸ ਮੌਕੇ ਬਾਬਾ ਬਿਧੀਚੰਦ ਸੰਪਰਦਾਇ ਤਰਨਾਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਾਹਰ ਸਿੰਘ ਸਾਧ ਹਰੀਆਂ ਬੇਲਾਂ, ਬਾਬਾ ਮੇਜਰ ਸਿੰਘ ਸੋਢੀ ਦਸ਼ਮੇਸ਼ ਤਰਨਾਦਲ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲੇ, ਡਾ. ਇੰਦਰ ਸਿੰਘ ਨਿੱਝਰ ਪ੍ਰਧਾਨ ਚੀਫ ਖਾਲਸਾ ਦੀਵਾਨ, ਸਾਬਕਾ ਚੇਅਰਮੈਨ ਸ. ਸੁਰਜੀਤ ਸਿੰਘ ਅਬਲੋਵਾਲ, ਸ. ਪ੍ਰਤਾਪ ਸਿੰਘ ਸਕੱਤਰ, ਸ. ਰਘਬੀਰ ਸਿੰਘ ਸਾਬਕਾ ਸਕੱਤਰ ਤੋਂ ਇਲਾਵਾ ਹੋਰ ਵੀ ਕਈ ਸੱਜਣ ਹਾਜ਼ਰ ਸਨ।



10-Sep-PAGE-4.qxd 9/9/2025 10:31 PM Page 1

ਨਵਾਂ ਜ਼ਮਾਨਾ

ਬੁੱਧਵਾਰ 10 ਸਤੰਬਰ 2025

# ਵਿਦਿਆਰਥੀ ਯੂਨੀਅਨ ਚੋਣਾਂ

*ਵਿਦਿਆਰਥੀ ਯੂਨੀਅਨ ਚੋਣਾਂ ਵਿਦਿਆਰਥੀ ਜੀਵਨ ਦਾ ਨਾ ਸਿਰਫ ਰਸਮੀ ਹਿੱਸਾ ਹੁੰਦੀਆਂ ਹਨ, ਸਗੋਂ ਇਹ ਜਮਹੂਰੀਅਤ ਦੀ ਬੁਨਿਆਦ ਨੂੰ ਮਜ਼ਬੂਤ ਕਰਨ ਵਾਲਾ ਪ੍ਰਯੋਗਾਤਮਕ ਮੰਚ ਵੀ ਹੁੰਦੀਆਂ ਹਨ। ਇਹ ਚੋਣ ਪ੍ਰਕਿਰਿਆ ਨਾ ਸਿਰਫ ਵਿਦਿਆਰਥੀਆਂ ਦੇ ਨੁਮਾਇੰਦਿਆਂ ਦੀ ਚੋਣ ਤੱਕ ਸੀਮਤ ਹੁੰਦੀ ਹੈ, ਸਗੋਂ ਵਿਦਿਆਰਥੀਆਂ ਨੂੰ ਜ਼ਿੰਮੇਵਾਰੀ, ਸੰਵਾਦ, ਅਗਵਾਈ ਤੇ ਸਮਾਜੀ ਭਾਈਵਾਲੀ ਦੀ ਅਮਲੀ ਸਿੱਖਿਆ ਵੀ ਦਿੰਦੀ ਹੈ। ਵਿਦਿਆਰਥੀ ਯੂਨੀਅਨਾਂ ਦੀ ਇਤਿਹਾਸਕ ਪਿੱਠ-ਭੂਮੀ ਆਜ਼ਾਦੀ ਅੰਦੋਲਨ ਨਾਲ ਜੁੜੀ ਹੋਈ ਹੈ, ਜਦ ਯੂਨੀਵਰਸਿਟੀ ਕੈਂਪਸਾਂ ਵਿੱਚ ਵਿਦਿਆਰਥੀਆਂ ਨੇ ਬ੍ਰਿਟਿਸ਼ ਰਾਜ ਵਿਰੁੱਧ ਜਥੇਬੰਦ ਮੁਜ਼ਾਹਮਤ ਪੈਦਾ ਕੀਤੀ ਸੀ। ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਇਨਕਲਾਬੀ ਵਿਦਿਆਰਥੀ ਜੀਵਨ ਵਿੱਚ ਹੀ ਸਿਆਸੀ ਚੇਤਨਾ ਨਾਲ ਲੈਸ ਹੋਏ ਸਨ ਤੇ ਅੱਗੇ ਚੱਲ ਕੇ ਆਜ਼ਾਦ ਭਾਰਤ ਵਿੱਚ ਵਿਦਿਆਰਥੀ ਸਿਆਸਤ ਦੀ ਇਹ ਵਿਰਾਸਤ ਸੰਸਥਾਗਤ ਰੂਪ ਨਾਲ ਵਿਦਿਆਰਥੀ ਯੂਨੀਅਨਾਂ ਦੇ ਰੂਪ 'ਚ ਵਿਕਸਤ ਹੋਈ। ਵੀਹਵੀਂ ਸਦੀ ਦੇ ਸੱਠ ਤੇ ਸੱਤਰ ਦੇ ਦਹਾਕੇ ਵਿੱਚ ਗੁਜਰਾਤ ਦਾ ਨਵ-ਨਿਰਮਾਣ ਅੰਦੋਲਨ, ਬਿਹਾਰ ਵਿੱਚ ਜੇ ਪੀ ਅੰਦੋਲਨ, ਆਸਾਮ ਅੰਦੋਲਨ, ਚਿਪਕੋ ਅੰਦੋਲਨ, ਦਲਿਤ ਅੰਦੋਲਨ ਮਿਸਾਲਾਂ ਹਨ ਕਿ ਵਿਦਿਆਰਥੀ ਸਿਆਸਤ ਸਿਰਫ ਕੈਂਪਸਾਂ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਇਹ ਰਾਸ਼ਟਰ ਦੇ ਜਮਹੂਰੀ ਢਾਂਚੇ ਨੂੰ ਵੀ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੀ ਹੈ। ਵਿਦਿਆਰਥੀ ਯੂਨੀਅਨ ਚੋਣਾਂ ਰਾਹੀਂ ਵਿਦਿਆਰਥੀ ਲੀਡਰਸ਼ਿਪ ਕੌਸ਼ਲ, ਨੁਮਾਇੰਦਗੀ ਦੀ ਸਮਝ, ਵਿਚਾਰਾਂ ਦੇ ਆਦਾਨ-ਪ੍ਰਦਾਨ ਤੇ ਜਥੇਬੰਦੀ ਦੀਆਂ ਬਾਰੀਕੀਆਂ ਸਿੱਖਦੇ ਹਨ। ਕਈ ਆਗੂ ਵਿਦਿਆਰਥੀ ਯੂਨੀਅਨ ਤੋਂ ਸ਼ੁਰੂਆਤ ਕਰਕੇ ਹੀ ਕੌਮੀ ਅਗਵਾਈ ਕਰਨ ਤੱਕ ਪੁੱਜੇ।*

*ਸਮੇਂ-ਸਮੇਂ 'ਤੇ ਵਿਦਿਆਰਥੀ ਯੂਨੀਅਨ ਚੋਣਾਂ ਵਿੱਚ ਹਿੰਸਾ, ਜਾਤੀਗਤ ਧਰੁਵੀਕਰਨ, ਬਾਹਰੀ ਸਿਆਸੀ ਦਖਲ ਤੇ ਅਨੁਸ਼ਾਸਨਹੀਣਤਾ ਵਰਗੇ ਦੋਸ਼ ਵੀ ਲੱਗੇ। ਇਨ੍ਹਾਂ ਸਮੱਸਿਆਵਾਂ ਨੂੰ ਦੇਖਦਿਆਂ 2006 ਵਿੱਚ ਸੁਪਰੀਮ ਕੋਰਟ ਨੇ ਜੇ ਐੱਮ ਲਿੰਗਦੋਹ ਕਮੇਟੀ ਦਾ ਗਠਨ ਕੀਤਾ, ਜਿਸ ਨੇ ਉਮੀਦਵਾਰਾਂ ਦੀ ਉਮਰ ਹੱਦ, ਖਰਚ ਦੀ ਹੱਦ, ਅਪਰਾਧਕ ਪਿਛੋਕੜ ਵਾਲਿਆਂ 'ਤੇ ਰੋਕ ਅਤੇ ਧਨ-ਬਲ ਦੀ ਵਰਤੋਂ 'ਤੇ ਕੰਟਰੋਲ ਵਰਗੀਆਂ ਸਿਫਾਰਸ਼ਾਂ ਕੀਤੀਆਂ। ਇਨ੍ਹਾਂ ਸਿਫਾਰਸ਼ਾਂ ਨੇ ਚੋਣਾਂ ਨੂੰ ਵਧੇਰੇ ਪਾਰਦਰਸ਼ੀ ਤੇ ਅਨੁਸ਼ਾਸਤ ਬਣਾਉਣ ਦਾ ਮੌਕਾ ਦਿੱਤਾ, ਪਰ ਬਦਕਿਸਮਤੀ ਨਾਲ ਕਈ ਯੂਨੀਵਰਸਿਟੀਆਂ ਨੇ ਇਨ੍ਹਾਂ ਨੂੰ ਲਾਗੂ ਕਰਨ ਦੀ ਥਾਂ ਚੋਣਾਂ ਕਰਾਉਣੀਆਂ ਹੀ ਬੰਦ ਕਰ ਦਿੱਤੀਆਂ। ਇਨ੍ਹਾਂ ਵਿੱਚ ਪੰਜਾਬ ਦੀਆਂ ਯੂਨੀਵਰਸਿਟੀਆਂ ਵੀ ਸ਼ਾਮਲ ਹਨ। ਅੱਜ ਜਦੋਂ ਯੂਨੀਵਰਸਿਟੀਆਂ ਵਿੱਚ ਟੀਚਰਾਂ ਨੂੰ ਸਿਆਸੀ ਵਿਚਾਰਧਾਰਾ ਅਪਣਾਉਣ, ਉਸ ਨੂੰ ਪ੍ਰਗਟ ਕਰਨ, ਚੋਣ ਲੜਨ ਤੇ ਸਮਾਂਤਰ ਤੌਰ 'ਤੇ ਅਧਿਆਪਨ ਕਰਨ ਦੀ ਆਜ਼ਾਦੀ ਹੈ ਤਾਂ ਵਿਦਿਆਰਥੀਆਂ ਨੂੰ ਜਮਹੂਰੀ ਪ੍ਰਣਾਲੀ ਵਿੱਚ ਭਾਗੀਦਾਰੀ ਤੋਂ ਕਿਉਂ ਵਿਰਵੇ ਰੱਖਿਆ ਜਾਵੇ? ਲੋੜ ਹੈ ਕਿ ਵਿਦਿਆਰਥੀ ਯੂਨੀਅਨ ਚੋਣਾਂ ਨੂੰ ਪਾਰਦਰਸ਼ੀ, ਸਮਾਵੇਸ਼ੀ ਰੂਪ ਵਿੱਚ ਮੁੜ ਸਥਾਪਤ ਕੀਤਾ ਜਾਵੇ। ਇਨ੍ਹਾਂ ਨੂੰ ਸਿਰਫ ਸਿਆਸੀ ਔਜ਼ਾਰ ਨਾ ਮੰਨਿਆ ਜਾਵੇ, ਸਗੋਂ ਨੀਤੀ-ਨਿਰਮਾਣ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਦਾ ਸ਼ਕਤੀਸ਼ਾਲੀ ਮਾਧਿਅਮ ਸਮਝਿਆ ਜਾਵੇ। ਜਮਹੂਰੀਅਤ ਤਦੇ ਜਿਊਂਦੀ ਰਹਿੰਦੀ ਹੈ, ਜਦ ਉਸ ਦੀਆਂ ਜੜ੍ਹਾਂ ਵਿਦਿਅਕ ਅਦਾਰਿਆਂ ਵਿੱਚ ਮਜ਼ਬੂਤ ਹੁੰਦੀਆਂ ਹਨ ਅਤੇ ਵਿਦਿਆਰਥੀ ਯੂਨੀਅਨ ਚੋਣਾਂ ਉਨ੍ਹਾਂ ਜੜ੍ਹਾਂ ਨੂੰ ਸਿੰਜਣ ਦਾ ਕੰਮ ਕਰਦੀਆਂ ਹਨ।*

# ਕੁਦਰਤ, ਹੜ੍ਹ, ਸਰਕਾਰਾਂ ਤੇ ਲੋਕ



ਮਹਾਂਬੀਰ ਸਿੰਘ ਗਿੱਲ

ਹਿਮਾਲਿਆ ਪਰਬਤ ਅਣਵੰਡੇ ਭਾਰਤ ਦੇ ਇਲਾਕੇ ਪਿਸ਼ਾਵਰ ਤੋਂ ਲੈ ਕੇ ਕਲਕੱਤਾ ਤੱਕ ਸਮੁੱਚੇ ਉੱਤਰੀ ਭਾਰਤ ਲਈ ਕੁਦਰਤ ਵੱਲੋਂ ਦਿੱਤਾ ਗਿਆ ਬੜਾ ਵੱਡਾ ਵਰਦਾਨ ਹੈ। ਹਿਮਾਲਾ ਤੋਂ ਪੂਰਬ ਨੂੰ ਜਾਂਦੀਆਂ ਗੰਗਾ, ਜਮਨਾ ਅਤੇ ਬ੍ਰਹਮਪੁੱਤਰ ਆਦਿ ਨਦੀਆਂ ਤੋਂ ਬਣਿਆ 'ਗੰਗਾ ਦਾ ਮੈਦਾਨ' ਅਤੇ ਇਸ ਦੇ ਲਹਿੰਦੇ ਪਾਸੇ ਦੱਖਣ -ਪੱਛਮ ਨੂੰ ਜਾਂਦੀਆਂ ਸਿੰਧ, ਜੇਹਲਮ, ਚਨਾਬ, ਰਾਵੀ, ਸਤਲੁਜ ਅਤੇ ਬਿਆਸ ਨਦੀਆਂ ਤੋਂ ਬਣਿਆ 'ਸਿੰਧ ਦਾ ਮੈਦਾਨ', ਜਿਸ ਨੂੰ ਇਸ ਖਿੱਤੇ ਵਿੱਚ ਵਹਿੰਦੇ ਪੰਜ ਦਰਿਆਵਾਂ ਦੇ ਪਵਿੱਤਰ ਪਾਣੀਆਂ ਕਰਕੇ ਪੰਜਾਬ ਦਾ ਨਾਂਅ ਦਿੱਤਾ ਗਿਆ। ਉੱਤਰੀ ਭਾਰਤ ਦੀਆਂ ਨਦੀਆਂ ਦੀ ਦੱਖਣੀ ਭਾਰਤ ਦੀਆਂ ਨਦੀਆਂ ਨਾਲੋਂ ਵਿਲੱਖਣਤਾ ਇਹ ਹੈ ਕਿ ਹਿਮਾਲਿਆ ਪਰਬਤ 'ਤੇ ਜੰਮੀ ਹੋਈ ਬਰਫ਼ ਕਾਰਨ ਇਹ ਸਾਰਾ ਸਾਲ ਵਗਦੀਆਂ ਰਹਿੰਦੀਆਂ ਹਨ, ਜਿਸ ਕਾਰਨ ਇਹ ਸਾਰਾ ਖਿੱਤਾ ਸੰਸਾਰ ਦੇ ਸਭ ਤੋਂ ਵੱਧ ਉਪਜਾਊ ਖੇਤਰਾਂ ਵਿੱਚੋਂ ਇੱਕ ਅਹਿਮ ਖਿੱਤਾ ਹੈ। ਇਸੇ ਕਰਕੇ ਮੱਧ ਏਸ਼ੀਆ ਤੋਂ ਆਉਣ ਵਾਲੇ ਹਮਲਾਵਰ ਵਾਰ-ਵਾਰ ਇਸ ਖਿੱਤੇ 'ਤੇ ਹਮਲੇ ਕਰਦੇ ਰਹੇ।

ਕੁਦਰਤ ਦਾ ਅਸੂਲ ਹੈ ਕਿ ਉਸ ਦੇ ਜਿਸ ਵਰਤਾਰੇ ਨਾਲ ਫਾਇਦਾ ਹੁੰਦਾ ਹੈ, ਉਸ ਨਾਲ ਨੁਕਸਾਨ ਵੀ ਹੁੰਦਾ ਹੈ। ਜਿੱਥੇ ਇਨ੍ਹਾਂ ਦਰਿਆਵਾਂ ਨੇ ਪਹਾੜਾਂ ਤੋਂ ਉਪਜਾਊ ਮਿੱਟੀ ਲਿਆ ਕੇ ਇਸ ਖਿੱਤੇ ਵਿੱਚ ਵਿਛਾ ਕੇ ਇਸ ਨੂੰ ਜ਼ਰਖੇਜ਼ ਬਣਾਇਆ, ਫ਼ਸਲਾਂ ਅਤੇ ਬਨਸਪਤੀ ਵਾਸਤੇ ਪਾਣੀ ਦਿੱਤਾ, ਉੱਥੇ ਬਰਸਾਤਾਂ ਦੇ ਮੌਸਮ ਵਿੱਚ ਮੌਨਸੂਨ ਕਾਰਨ ਜ਼ਿਆਦਾ ਬਰਸਾਤਾਂ ਹੋਣ ਕਰਕੇ ਇਨ੍ਹਾਂ ਦਰਿਆਵਾਂ ਦੇ ਮੈਦਾਨੀ ਇਲਾਕਿਆਂ ਵਿੱਚ ਹੜ੍ਹ ਆ ਜਾਂਦੇ ਹਨ ਅਤੇ ਇਨ੍ਹਾਂ ਦਰਿਆਵਾਂ ਦੇ ਕਿਨਾਰਿਆਂ ਦੇ ਨੇੜੇ ਵੱਸਣ ਵਾਲੇ ਲੋਕਾਂ ਵਾਸਤੇ ਹੜ੍ਹਾਂ ਦਾ ਬੇਕਾਬੂ ਪਾਣੀ ਉਨ੍ਹਾਂ ਦੀਆਂ ਜ਼ਮੀਨਾਂ, ਫਸਲਾਂ ਅਤੇ ਘਰਾਂ 'ਤੇ ਕਹਿਰ ਬਣ ਕੇ ਆਉਂਦਾ ਹੈ ਅਤੇ ਉਨ੍ਹਾਂ ਦਾ ਸਭ ਕੁੱਝ ਬਰਬਾਦ ਕਰ ਦਿੰਦਾ ਹੈ।

ਮੌਜੂਦਾ ਸਮੇਂ ਵਿੱਚ ਇਸ ਵਾਧੂ ਪਾਣੀ ਨੂੰ ਵੱਡੇ-ਛੋਟੇ ਡੈਮ ਬਣਾ ਕੇ ਇਸ ਤੋਂ ਬੜੀ ਸਸਤੀ ਬਿਜਲੀ ਪੈਦਾ ਕੀਤੀ ਜਾਂਦੀ ਹੈ ਅਤੇ ਫਿਰ ਉਹੋ ਪਾਣੀ ਨਹਿਰਾਂ ਰਾਹੀਂ ਜ਼ਮੀਨ ਦੀ ਸਿੰਜਾਈ ਅਤੇ ਹੋਰ ਕਈ ਕੰਮਾਂ ਲਈ ਵਰਤਿਆ ਜਾਂਦਾ ਹੈ।

ਇਨ੍ਹਾਂ ਡੈਮਾਂ ਦੇ ਮੌਜੂਦਾ ਪ੍ਰਬੰਧਾਂ ਦੇ ਹੋਣ ਦੇ ਬਾਵਜੂਦ ਜਦੋਂ ਇੰਦਰ ਦੇਵਤਾ ਕੁੱਝ ਜ਼ਿਆਦਾ ਹੀ 'ਮਿਹਰਬਾਨ' ਹੋਵੇ ਤਾਂ ਇਨ੍ਹਾਂ ਡੈਮਾਂ ਨੂੰ ਭਰਨ ਉਪਰੰਤ ਡੈਮਾਂ ਦੀ ਸਮਰੱਥਾ ਤੋਂ ਵਾਧੂ ਪਾਣੀ ਵੱਡੀ ਪੱਧਰ 'ਤੇ ਤਬਾਹੀ ਮਚਾ ਦਿੰਦਾ ਹੈ। ਇਹ ਵਰਤਾਰਾ ਹਰ ਦੂਜੇ-ਤੀਜੇ ਸਾਲ ਵਰਤਦਾ ਹੀ ਰਹਿੰਦਾ ਹੈ, ਪਰ ਕੁੱਝ ਵਰਨਣਯੋਗ ਤਬਾਹਕੁੰਨ ਮੌਕੇ ਸੰਨ 1988, 1995, 2011, 2023 ਵਿੱਚ ਸਮੇਂ ਦਾ ਕਹਿਰ ਬਣ ਕੇ ਸਾਹਮਣੇ ਆਏ, ਜਿਨ੍ਹਾਂ ਦੀਆਂ ਦਰਦਨਾਕ ਯਾਦਾਂ ਇਨ੍ਹਾਂ ਦਰਿਆਵਾਂ ਦੇ ਕਿਨਾਰਿਆਂ ਦੇ ਨੇੜੇ ਵੱਸਣ ਵਾਲੇ ਲੋਕਾਂ ਨੂੰ ਅੱਜ ਵੀ ਸਤਾਉਂਦੀਆਂ ਹਨ ਅਤੇ ਸਿਵਿਆਂ ਦੀ ਸਵਾਹ ਬਣਨ ਤੱਕ ਸਤਾਉਂਦੀਆਂ ਰਹਿਣਗੀਆਂ।

ਹੜ੍ਹਾਂ ਦੌਰਾਨ ਇਹ ਦਰਿਆ ਅਕਸਰ ਆਪਣਾ ਰਸਤਾ ਬਦਲਦੇ ਰਹਿੰਦੇ ਹਨ ਅਤੇ ਇਹ ਅੰਤਰ ਕਈ ਵਾਰ ਦੋ ਕਿਲੋਮੀਟਰ ਤੱਕ ਵੀ ਹੋ ਜਾਂਦਾ ਹੈ। ਇਸ ਕਰਕੇ ਦਰਿਆਵਾਂ ਦੀ ਕੋਈ ਪੱਕੀ ਨਿਸ਼ਾਨਦੇਹੀ ਨਹੀਂ ਕੀਤੀ ਜਾ ਸਕਦੀ। ਇਸ ਗੱਲ ਦਾ ਸਭ ਤੋਂ ਵੱਧ ਦੁੱਖਦਾਈ ਪਹਿਲੂ ਇਹ ਹੈ ਕਿ ਬਹੁਤੇ ਸਰਕਾਰੀ ਤੰਤਰ, ਸੰਬੰਧਤ ਵਿਭਾਗਾਂ, ਅਫ਼ਸਰਸ਼ਾਹੀ ਅਤੇ ਰਾਜਸੀ ਤੇ ਸਿਆਸੀ ਆਗੂਆਂ ਨੂੰ ਅਜੇ ਤੱਕ ਇਹ ਪਤਾ ਹੀ ਨਹੀਂ ਲੱਗ ਸਕਿਆ ਕਿ ਦਰਿਆ ਦੀ ਕੋਈ ਆਪਣੀ ਮਾਲਕੀ ਹੁੰਦੀ ਹੈ ਜਾਂ ਨਹੀਂ। ਬਹੁਤੇ ਲੋਕਾਂ ਦਾ ਇਹ ਮੰਨਣਾ ਹੈ ਕਿ ਜਿੱਥੇ ਦਰਿਆ ਵਗਦਾ ਹੈ, ਇਹ ਸਰਕਾਰੀ ਰਕਬਾ ਹੀ ਹੁੰਦਾ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਹੈੱਡ ਵਰਕਸ ਦੀਆਂ ਝੀਲਾਂ ਨੂੰ ਛੱਡ ਕੇ ਬਾਕੀ ਸਾਰੀ ਜ਼ਮੀਨ ਕਿਸਾਨਾਂ ਦੀ ਜਾਤੀ ਮਲਕੀਅਤ ਹੁੰਦੀ ਹੈ, ਜਿਹੜੀ ਲੱਖਾਂ ਏਕੜਾਂ ਵਿੱਚ ਹੈ, ਜਿਸ ਦਾ ਉਨ੍ਹਾਂ ਬਦਨਸੀਬ ਲੋਕਾਂ ਨੂੰ ਕੋਈ ਮੁਆਵਜ਼ਾ ਜਾਂ ਕੋਈ ਹੋਰ ਸਹੂਲਤ ਸਰਕਾਰਾਂ ਕੋਲੋਂ ਕਦੇ ਵੀ ਨਹੀਂ ਮਿਲਦੀ। ਉਲਟਾ ਜਦੋਂ ਉਹ ਕਿਸਾਨ ਦਰਿਆ ਦੀ ਧੁੰਨੀ ਵਿੱਚ ਬਣੇ ਹੋਏ ਆਰਜ਼ੀ ਟਾਪੂਆਂ, ਜੋ ਉਨ੍ਹਾਂ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਬਣੇ ਹੁੰਦੇ ਹਨ, ਵਿੱਚ ਫ਼ਸਲ ਬੀਜਦੇ ਹਨ ਤਾਂ ਜ਼ਿਆਦਾਤਰ ਲੋਕ ਇਹ ਸਮਝਦੇ ਹਨ ਕਿ ਇਹ ਕਿਸਾਨ ਪਹਿਲਾਂ ਤਾਂ ਦਰਿਆ ਵਾਲੀ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕਰਕੇ ਫ਼ਸਲ ਬੀਜਦੇ ਹਨ ਅਤੇ ਫਿਰ ਜਦੋਂ ਉਹ ਦਰਿਆ ਵਿੱਚ ਹੜ੍ਹ ਆ ਜਾਣ ਕਾਰਨ ਤਬਾਹ ਹੋ ਜਾਂਦੀ ਹੈ ਤਾਂ ਕਿਸਾਨ ਬਿਨਾਂ ਮਤਲਬ ਤੋਂ ਹਾਲ-ਦੁਹਾਈ ਪਾ ਦਿੰਦੇ ਹਨ। ਲੋਕ ਸਮਝਦੇ ਹਨ ਕਿ ਇਨ੍ਹਾਂ ਦੀਆਂ ਫ਼ਸਲਾਂ ਬੀਜਣ ਕਰਕੇ ਦਰਿਆਵਾਂ ਦੇ ਪਾਣੀਆਂ ਨੂੰ ਰੁਕਾਵਟ ਪੈਦਾ ਹੋ ਜਾਂਦੀ ਹੈ ਅਤੇ ਉਹ ਰੁਕਾਵਟ ਹੜ੍ਹ ਦਾ ਕਾਰਨ ਬਣਦੀ ਹੈ, ਜਦੋਂਕਿ ਗੱਲ ਇਸ ਤੋਂ ਬਿਲਕੁਲ ਉਲਟ ਹੈ। ਕਿਸਾਨਾਂ ਪ੍ਰਤੀ ਲੋਕਾਂ ਦਾ ਇਹ ਨਜ਼ਰੀਆ ਬਣਿਆ ਹੋਣ ਕਰਕੇ ਸਮਾਜ ਵਿੱਚ ਉਨ੍ਹਾਂ ਦਾ ਅਕਸ ਧੁੰਦਲਾ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਹਾਲਤ ਕਿਸੇ ਫ਼ਿਲਮ ਦੇ ਖਲਨਾਇਕ ਵਰਗੀ ਬਣ ਜਾਂਦੀ ਹੈ, ਜਦੋਂਕਿ ਦਰਿਆਵਾਂ ਦੀ ਮਾਰ ਹੇਠ ਆਈ ਹੋਈ ਇਸ ਜ਼ਮੀਨ ਦੇ ਅਸਲ ਮਾਲਕ, ਕਿਸਾਨ ਜ਼ਿੰਦਗੀ ਦੀ ਜੰਗ ਦੇ ਅਸਲ ਨਾਇਕ ਹਨ।

ਚੰਡੀਗੜ੍ਹ ਦੇ ਆਸ-ਪਾਸ ਵੱਸੇ ਨਵਾਂ ਸ਼ਹਿਰ, ਮੁਹਾਲੀ, ਖਰੜ ਅਤੇ ਜ਼ੀਰਕਪੁਰ ਦੇ ਇਲਾਕਿਆਂ ਵਿੱਚ ਜਿੱਥੇ 2023 ਵਿੱਚ ਆਏ ਹੜ੍ਹਾਂ ਦੌਰਾਨ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ ਅਤੇ ਬਹੁਮੰਜ਼ਲੀ ਇਮਾਰਤਾਂ ਦੀਆਂ ਬੇਸਮੈਂਟਾਂ ਤੇ ਹੇਠਲੀਆਂ ਮੰਜ਼ਲਾਂ ਪਾਣੀ ਵਿੱਚ ਡੁੱਬ ਗਈਆਂ ਤਾਂ ਜਿੱਥੇ ਲੋਕਾਂ ਦਾ ਬੇਹਿਸਾਬ ਨੁਕਸਾਨ ਹੋਇਆ, ਉੱਥੇ ਇਹ ਬਹਿਸ ਵੀ ਛਿੜ ਪਈ ਕਿ ਪਾਣੀ ਦੇ ਕੁਦਰਤੀ ਵਹਾਅ ਨੂੰ ਲੋਕਾਂ ਅਤੇ ਪ੍ਰਾਪਰਟੀ ਡੀਲਰਾਂ ਨੇ ਬੰਦ ਕਰਕੇ ਉਸ ਜਗ੍ਹਾ ਉੱਪਰ ਉਸਾਰੀਆਂ ਕਰ ਲਈਆਂ ਸਨ ਤਾਂ ਉਸ ਨਾਲ ਨੁਕਸਾਨ ਹੋਣਾ ਤਾਂ ਕੁਦਰਤੀ ਗੱਲ ਹੀ ਸੀ, ਪਰ ਜੇਕਰ ਇਸ ਦੀ ਬਾਰੀਕੀ ਨਾਲ ਘੋਖ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪੁਰਾਣੇ ਸਮਿਆਂ ਤੋਂ ਜਦੋਂ ਇਹ ਜ਼ਮੀਨਾਂ ਵਿਹਲੀਆਂ ਪਈਆਂ ਸਨ ਜਾਂ ਕਿਸਾਨ ਇਨ੍ਹਾਂ ਜ਼ਮੀਨਾਂ 'ਤੇ ਖੇਤੀ ਕਰਦੇ ਸਨ ਤਾਂ ਪਹਾੜੀ ਚੋਆਂ ਦਾ ਪਾਣੀ ਨਿਵਾਣਾਂ ਵੱਲ ਵਹਿਣ ਕਾਰਨ ਇਹ ਕੁਦਰਤੀ ਵਹਾਅ ਬਣ ਚੁੱਕੇ ਸਨ, ਪਰ ਅਸਲੀਅਤ ਫਿਰ ਉਹੋ ਹੈ ਕਿ ਇਹ ਸਭ ਨੰਬਰੀ ਜ਼ਮੀਨ ਸੀ ਅਤੇ ਵੱਖ-ਵੱਖ ਕਿਸਾਨਾਂ ਦੀ ਮਲਕੀਅਤ ਸੀ। ਜਦੋਂ ਚੰਡੀਗੜ੍ਹ ਨੇੜਲੇ ਸ਼ਹਿਰਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ ਤਾਂ ਇਨ੍ਹਾਂ ਜ਼ਮੀਨਾਂ ਦੇ ਭਾਅ ਅਸਮਾਨੀਂ ਜਾ ਚੜ੍ਹੇ ਤਾਂ ਕਿਸਾਨਾਂ ਨੇ ਆਪਣੀਆਂ ਉਹ ਜ਼ਮੀਨਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਕਾਨੂੰਨੀ ਤੌਰ 'ਤੇ ਵੀ ਮਾਲ ਮਹਿਕਮਾ ਉਨ੍ਹਾਂ ਕਿਸਾਨਾਂ ਨੂੰ ਰਜਿਸਟਰੀਆਂ ਕਰਨ ਤੋਂ ਰੋਕ ਨਹੀਂ ਸਕਦਾ, ਕਿਉਂਕਿ ਕਿਸਾਨ ਉਨ੍ਹਾਂ ਜ਼ਮੀਨਾਂ ਦੇ ਕਾਨੂੰਨੀ ਤੌਰ 'ਤੇ ਮਾਲਕ ਸਨ।

ਫੇਰ ਉਨ੍ਹਾਂ ਜ਼ਮੀਨਾਂ 'ਤੇ ਉਸਾਰੀਆਂ ਹੋਣ ਲੱਗ ਪਈਆਂ, ਜਿਸ ਉਪਰੰਤ ਕੁੱਝ ਸਾਲ ਬਾਅਦ ਜਦੋਂ ਜ਼ਿਆਦਾ ਮੀਂਹ ਪਏ ਤਾਂ ਕੁਦਰਤੀ ਰਸਤਿਆਂ ਦੇ ਰੁਕਣ ਕਾਰਨ ਉੱਥੇ ਬਹੁਤ ਜ਼ਿਆਦਾ ਤਬਾਹੀ ਹੋਈ। ਇਹ ਤਬਾਹੀ ਹੋਣ ਦੀ ਜ਼ਿੰਮੇਵਾਰੀ ਸਰਕਾਰੀ ਤੰਤਰ ਦੀ ਬਣਦੀ ਹੈ, ਕਿਉਂਕਿ ਜਦੋਂ ਕਿਸੇ ਇਲਾਕੇ ਦਾ ਸ਼ਹਿਰੀਕਰਨ ਸ਼ੁਰੂ ਹੁੰਦਾ ਹੈ ਤਾਂ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਪਾਣੀ ਦੇ ਕੁਦਰਤੀ ਵਹਾਅ ਦੀ ਨਿਸ਼ਾਨਦੇਹੀ ਕਰਕੇ ਉਸ ਜ਼ਮੀਨ ਨੂੰ ਕਿਸਾਨਾਂ ਕੋਲੋਂ ਇਕਵਾਇਰ ਕਰਕੇ ਉੱਥੇ ਪਾਣੀ ਦੇ ਨਿਕਾਸ ਲਈ ਲੋੜੀਂਦੇ ਨਿਕਾਸੀ ਨਾਲੇ ਬਣਾ ਕੇ ਇਸ ਮੁਸ਼ਕਲ ਦਾ ਹੱਲ ਕੀਤਾ ਜਾਵੇ, ਪਰ ਸਰਕਾਰਾਂ ਦੀ ਗ਼ੈਰ ਯੋਜਨਾਬੰਦੀ, ਅਣਗਹਿਲੀ ਅਤੇ ਅਵੇਸਲੇਪਣ ਕਾਰਨ ਅੱਜ ਤੱਕ ਇਸ ਮਸਲੇ ਨੂੰ ਹੱਲ ਕਰਨ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਪਰ ਕਈ ਕਿਸਾਨ ਜਥੇਬੰਦੀਆਂ ਅਤੇ ਹੜ੍ਹਾਂ ਨਾਲ ਸੰਬੰਧਤ ਤਕਨੀਕੀ ਮਾਹਰਾਂ ਨੇ ਵੱਖੋ-ਵੱਖਰੇ ਸੁਝਾਅ ਦਿੱਤੇ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਦਰਿਆਵਾਂ ਨੂੰ ਨਹਿਰੀ ਕਰਨ ਦਾ ਰੂਪ ਦਿੱਤਾ ਜਾਵੇ। ਮਿਸਾਲ ਵਜੋਂ ਉਸ ਦਰਿਆ ਵਿੱਚੋਂ ਵਗਣ ਵਾਲੇ ਵੱਧ ਤੋਂ ਵੱਧ ਪਾਣੀ ਦੀ ਮਾਤਰਾ ਤੋਂ ਦੁੱਗਣੀ ਮਾਤਰਾ ਦਾ ਹਿਸਾਬ ਲਾ ਕੇ ਓਨੀ ਚੌੜੀ ਜ਼ਮੀਨ ਨੂੰ 20 ਤੋਂ 30 ਫੁੱਟ ਡੂੰਘਾ ਪੁੱਟ ਕੇ ਉਹੀ ਮਿੱਟੀ ਦਰਿਆ ਦੇ ਦੋਵਾਂ ਕੰਢਿਆਂ 'ਤੇ ਲਾ ਕੇ ਅਤੇ ਚੌੜੇ ਬੰਨ੍ਹ ਬਣਾ ਕੇ ਉਸ ਉੱਪਰ ਸੰਘਣੇ ਰੁੱਖ ਲਗਾ ਕੇ ਜੰਗਲ ਬਣਾ ਦਿੱਤਾ ਜਾਵੇ। ਇਸ ਵਰਤੋਂ ਲਈ ਜਿੰਨੀ ਵੀ ਲੋੜੀਂਦੀ ਜ਼ਮੀਨ 10 ਜਾਂ ਵੀਹ ਏਕੜ ਚੌੜਾਈ ਦਾ ਰਕਬਾ ਸਰਕਾਰ ਵੱਲੋਂ ਇਕਵਾਇਰ ਕਰਕੇ ਇਹ ਪ੍ਰੋਜੈਕਟ ਹੋਂਦ ਵਿੱਚ ਲਿਆਂਦੇ ਜਾ ਸਕਦੇ ਹਨ। ਇਸ ਯੋਜਨਾ ਨਾਲ ਪਾਣੀ ਦੇ ਵਗਣ ਲਈ ਡੂੰਘੀ ਤੇ ਚੌੜੀ ਜਗ੍ਹਾ ਹੋਣ ਕਰਕੇ ਇਸ ਵਿੱਚ ਕੋਈ ਵੀ ਰੁਕਾਵਟ ਨਹੀਂ ਆਏਗੀ ਅਤੇ ਹੜ੍ਹਾਂ ਦਾ ਵਾਧੂ ਪਾਣੀ ਬਿਨਾਂ ਕਿਸੇ ਰੁਕਾਵਟ ਦੇ ਅੱਗੇ ਲੰਘਦਾ ਜਾਵੇਗਾ। ਇਹ ਡੂੰਘਾਈ ਜ਼ਿਆਦਾ ਹੋਣ ਕਾਰਨ ਪਾਣੀ ਵੀ ਜ਼ਮੀਨ ਵਿੱਚ ਵੱਧ ਰਿਸਣ ਲੱਗ ਪਵੇਗਾ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਸਾਂਵਾਂ ਹੋ ਜਾਏਗਾ ਅਤੇ ਹਰ ਸਾਲ ਲੋਕਾਂ ਦੀ ਬੇਹਿਸਾਬੀ ਤਬਾਹੀ ਤੇ ਜ਼ਮੀਨਾਂ ਅਤੇ ਫ਼ਸਲਾਂ ਦਾ ਨੁਕਸਾਨ ਹੋਣੋਂ ਬਚਾਇਆ ਜਾ ਸਕਦਾ ਹੈ।

ਸਰਕਾਰਾਂ ਇਹ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਇਹ ਤਾਂ ਕੁਦਰਤੀ ਕਰੋਪੀ ਹੈ। ਦਰਅਸਲ ਕੁਦਰਤੀ ਕਰੋਪੀ ਉਹ ਹੁੰਦੀ ਹੈ, ਜੋ ਅਚਾਨਕ ਵਾਪਰ ਗਈ ਕੋਈ ਤ੍ਰਾਸਦੀ ਹੋਵੇ, ਜਿਵੇਂ ਬੱਦਲਾਂ ਦਾ ਫਟਣਾ, ਭੁਚਾਲ ਦਾ ਆਉਣਾ ਜਾਂ ਸੁਨਾਮੀ ਦਾ ਅਚਨਚੇਤ ਆ ਜਾਣਾ, ਪਰ ਇਹ ਤਾਂ ਪਤਾ ਹੀ ਹੁੰਦਾ ਹੈ ਕਿ ਜੁਲਾਈ ਤੋਂ ਸਤੰਬਰ ਤੱਕ ਤਿੰਨ ਮਹੀਨੇ ਬਰਸਾਤ ਦੇ ਹੁੰਦੇ ਹਨ ਅਤੇ ਹਰ ਦੋ-ਤਿੰਨ ਸਾਲ ਬਾਅਦ ਬਰਸਾਤ ਬਹੁਤ ਜ਼ਿਆਦਾ ਹੁੰਦੀ ਹੈ ਇਸ ਨੂੰ ਕੁਦਰਤੀ ਕਰੋਪੀ ਨਹੀਂ ਆਖਿਆ ਜਾ ਸਕਦਾ, ਬਲਕਿ ਇਹ ਤਾਂ ਸਰਕਾਰਾਂ ਦੀ ਅਣਗਹਿਲੀ, ਬਦਇੰਤਜ਼ਾਮੀ ਅਤੇ ਇੱਛਾ ਸ਼ਕਤੀ ਦੀ ਘਾਟ ਕਾਰਨ ਪੈਦਾ ਕੀਤੀ ਗਈ ਕਰੋਪੀ ਹੈ। ਇਸ ਕਰੋਪੀ ਦੀਆਂ ਜ਼ਿੰਮੇਵਾਰ ਕੇਂਦਰ ਅਤੇ ਪੰਜਾਬ ਦੀਆਂ ਦੋਵੇਂ ਸਰਕਾਰਾਂ ਹਨ।

ਕੇਂਦਰ ਸਰਕਾਰ ਕੋਲ ਤਿੰਨ ਮੁੱਖ ਡੈਮ, ਸਤਲੁਜ 'ਤੇ ਬਣਿਆ ਭਾਖੜਾ ਡੈਮ, ਬਿਆਸ 'ਤੇ ਪੌਂਗ ਡੈਮ, ਅਤੇ ਰਾਵੀ 'ਤੇ ਰਣਜੀਤ ਸਾਗਰ ਡੈਮ ਅਤੇ ਰੋਪੜ, ਮਾਧੋਪੁਰ, ਹਰੀਕੇ ਹੈੱਡ ਵਰਕਸ ਦਾ ਕੰਟਰੋਲ ਹੈ। ਹੜ੍ਹ ਦੇ ਪਾਣੀ ਨੂੰ ਤਕਨੀਕੀ ਤਰਤੀਬ ਨਾਲ ਡੈਮ ਵਿੱਚ ਜਮ੍ਹਾਂ ਕਰਨਾ ਤੇ ਛੱਡਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਜੁਲਾਈ ਸ਼ੁਰੂ ਤੋਂ ਹੀ ਬਿਆਸ ਦਰਿਆ ਵਿੱਚ ਪਾਣੀ ਦੀ ਆਮਦ ਵਧਣ ਨਾਲ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਤਸੱਲੀਬਖ਼ਸ਼ ਹੋਣ ਕਾਰਨ ਉਸ ਸਮੇਂ ਡੈਮ ਦੇ ਅਧਿਕਾਰੀਆਂ ਨੂੰ ਡੈਮ ਵਿੱਚੋਂ ਥੋੜ੍ਹਾ ਥੋੜ੍ਹਾ ਪਾਣੀ ਛੱਡਣਾ ਸ਼ੁਰੂ ਕਰ ਦੇਣਾ ਚਾਹੀਦਾ ਸੀ ਅਤੇ ਇਸੇ ਤਰਤੀਬ ਨਾਲ ਹੀ ਦੂਸਰੇ ਡੈਮਾਂ ਤੋਂ ਪਾਣੀ ਨੂੰ ਛੱਡਣਾ ਚਾਹੀਦਾ ਸੀ ਤਾਂ ਜੋ ਬਾਅਦ ਵਿੱਚ ਹੜ੍ਹਾਂ ਵਾਲੀ ਸਥਿਤੀ ਨਾ ਪੈਦਾ ਹੁੰਦੀ।

ਪੰਜਾਬ ਸਰਕਾਰ ਇਕੱਲੇ ਕੇਂਦਰ ਸਿਰ ਜ਼ਿੰਮੇਵਾਰੀ ਸੁੱਟ ਕੇ ਸੁਰਖ਼ਰੂ ਨਹੀਂ ਹੋ ਸਕਦੀ। ਪੰਜਾਬ ਦੀ ਮੌਜੂਦਾ ਸਰਕਾਰ ਐਨੀ ਨਿਕੰਮੀ ਹੋ ਗਈ ਹੈ ਕਿ ਪੰਜਾਬ ਵਿੱਚ ਵਾਰ-ਵਾਰ ਆਉਂਦੇ ਹੜ੍ਹਾਂ ਨਾਲ ਹੁੰਦੀ ਤਬਾਹੀ ਦਾ ਇਸ 'ਤੇ ਕੋਈ ਅਸਰ ਨਹੀਂ ਹੋ ਰਿਹਾ। ਸੱਤਾਧਾਰੀ ਸਿਆਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸ਼ਾਇਦ ਸਿਰਫ ਇਹ ਹੀ ਜ਼ਿੰਮੇਵਾਰੀ ਰਹਿ ਗਈ ਹੈ ਕਿ ਉਹ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਦਾ ਦੌਰਾ ਕਰਨ ਤੇ ਉਨ੍ਹਾਂ ਨੂੰ ਝੂਠੇ ਵਾਅਦਿਆਂ ਦੇ ਸਬਜ਼ਬਾਗ ਵਿਖਾ ਕੇ ਝੂਠੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਫੋਟੋ ਸ਼ੈਸ਼ਨ ਕਰਵਾਉਣ ਅਤੇ ਰਾਤ ਨੂੰ ਪੰਜ ਤਾਰਾ ਹੋਟਲਾਂ ਦੇ ਸਵੀਟ ਰੂਮਾਂ ਵਿੱਚ ਜਾ ਕੇ ਆਨੰਦਮਈ ਰਾਤਾਂ ਗੁਜ਼ਾਰਨ।

ਹੜ੍ਹਾਂ ਤੋਂ ਬਚਾਅ ਲਈ ਲੋੜੀਂਦੇ ਕਾਰਜ ਹੁੰਦੇ ਜ਼ਰੂਰ ਹਨ, ਪਰ ਉਹ ਸਿਰਫ ਸਰਕਾਰਾਂ ਦੇ ਰਜਿਸਟਰਾਂ ਵਿੱਚ ਹੁੰਦੇ ਹਨ। ਮਿਸਾਲ ਦੇ ਤੌਰ 'ਤੇ ਮੌਜੂਦਾ ਜਲ ਸਰੋਤ ਮੰਤਰੀ ਸ੍ਰੀ ਵਰਿੰਦਰ ਕੁਮਾਰ ਗੋਇਲ ਦੇ ਬਿਆਨ ਅਨੁਸਾਰ ਇਸ ਸਾਲ ਹੜ੍ਹ ਕੰਟਰੋਲ ਕਰਨ ਲਈ ਕੀਤੇ ਗਏ ਪ੍ਰਬੰਧਾਂ 'ਤੇ 276 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ, ਪਰ ਜ਼ਮੀਨੀ ਪੱਧਰ 'ਤੇ ਇਸ ਰਕਮ ਨਾਲ ਕੀਤਾ ਗਿਆ ਕੋਈ ਜ਼ਿਕਰਯੋਗ ਕੰਮ ਨਜ਼ਰ ਨਹੀਂ ਆ ਰਿਹਾ। ਹੜ੍ਹਾਂ ਸੰਬੰਧੀ ਕਰਨ ਵਾਲੇ ਮੁੱਖ ਕੰਮਾਂ ਵਿੱਚ ਦਰਿਆ ਤੋਂ ਜ਼ਰਖੇਜ਼ ਜ਼ਮੀਨ ਨੂੰ ਬਚਾਉਣ ਲਈ ਉਸ ਦੇ ਕਿਨਾਰਿਆਂ ਦੇ ਨਾਲ-ਨਾਲ ਪੱਥਰਾਂ ਵਾਲਾ ਜਾਲ ਬਣਾ ਕੇ ਲਾਉਣ ਦੀ ਲੋੜ ਹੈ। ਧੁੱਸੀ ਬੰਨ੍ਹ ਦੀ ਉਚਾਈ ਤੇ ਚੌੜਾਈ ਨੂੰ ਲੋੜ ਅਨੁਸਾਰ ਬਣਾਈ ਰੱਖਣ ਅਤੇ ਉਸ ਦੀ ਮੁਰੰਮਤ ਕਰਨ ਜਾਂ ਦਰਿਆ ਦੇ ਵਿੱਚ ਵਾਧੂ ਜਮ੍ਹਾਂ ਹੋਈ ਰੇਤ ਜਾਂ ਮਿੱਟੀ ਨੂੰ ਕੱਢਣ ਅਤੇ ਡੈਮ 'ਤੇ ਪੁਲਾਂ ਨੂੰ ਨਿਯਮਤ ਰੂਪ ਵਿੱਚ ਮੁਰੰਮਤ ਕਰਦੇ ਰਹਿਣਾ ਹੈ।

ਵਾਰ-ਵਾਰ ਹੜ੍ਹਾਂ ਦੀ ਮਾਰ ਹੇਠ ਆਏ ਦਰਿਆਵਾਂ ਕਿਨਾਰੇ ਵੱਸਦੇ ਲੋਕਾਂ ਦੀ ਹਾਲਤ ਦਿਨੋਂ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਵਿਸਾਰੀ ਬੈਠੀਆਂ ਹਨ। ਇਨ੍ਹਾਂ ਲੋਕਾਂ ਦੀਆਂ ਫ਼ਸਲਾਂ ਅਤੇ ਜ਼ਮੀਨਾਂ ਬਰਬਾਦ ਹੋ ਜਾਣ ਕਾਰਨ ਇਹ ਬੈਂਕਾਂ, ਸੁਸਾਇਟੀਆਂ, ਆੜ੍ਹਤੀਆਂ ਅਤੇ ਸ਼ਾਹੂਕਾਰਾਂ ਦੇ ਕਰਜ਼ ਹੇਠ ਗਲ-ਗਲ ਤੱਕ ਡੁੱਬੇ ਹੋਏ ਹਨ। ਇਸ ਜ਼ਲਾਲਤ ਭਰੀ ਜ਼ਿੰਦਗੀ ਵਿੱਚੋਂ ਨਿਕਲਣ ਲਈ ਇਨ੍ਹਾਂ ਪੀੜਤ ਲੋਕਾਂ ਕੋਲ ਇਕ ਹੀ ਰਸਤਾ ਰਹਿ ਗਿਆ ਹੈ ਕਿ ਉਹ ਆਪਣੀ ਇੰਨੀ ਵੱਡੀ ਗਿਣਤੀ ਨੂੰ ਜਥੇਬੰਦ ਕਰਕੇ ਡੂੰਘੀ ਨੀਂਦ ਸੁੱਤੀ ਸਰਕਾਰ ਨੂੰ ਤਕੜਾ ਹਲੂਣਾ ਦੇ ਕੇ ਇਹ ਮਸਲਾ ਹੱਲ ਕਰਵਾਉਣ ਲਈ ਮਜਬੂਰ ਕਰਨ।.

**ਕਾਰਜਕਾਰੀ ਪ੍ਰਧਾਨ, ਕੁੱਲ ਹਿੰਦ ਕਿਸਾਨ ਸਭਾ ਪੰਜਾਬ (ਐੱਸ ਕੇ ਐੱਮ)**

**# ਸੰਪਰਕ : 98155 - 92811**

# ਰਿਸ਼ਤਿਆਂ ਦੀ ਹੁਸੀਨ ਦੁਨੀਆ ਤੋਂ ਲਾਂਭੇ ਹੋ ਰਿਹਾ ਮਨੁੱਖ



ਸੰਜੀਵ ਸਿੰਘ ਸੈਣੀ

ਅੱਜ ਵਿਗਿਆਨ ਨੇ ਬਹੁਤ ਜ਼ਿਆਦਾ ਤਰੱਕੀ ਕਰ ਲਈ ਹੈ।ਚੰਨ ਤੱਕ ਭਾਰਤ ਦੇ ਕਦਮ ਪੁੱਜ ਚੁੱਕੇ ਹਨ। ਚੰਨ 'ਤੇ ਕਈ ਪਰਵਾਰਾਂ ਨੇ ਜ਼ਮੀਨ ਖ਼ਰੀਦ ਵੀ ਲਈ ਹੈ। ਜਿੰਨੀ ਜ਼ਿਆਦਾ ਵਿਗਿਆਨ ਨੇ ਤਰੱਕੀ ਕੀਤੀ ਹੈ, ਓਨਾ ਹੀ ਜ਼ਿਆਦਾ ਇਨਸਾਨੀ ਜ਼ਿੰਦਗੀ ਵਿੱਚੋਂ ਸਕੂਨ ਜਿਹਾ ਖ਼ਤਮ ਹੋ ਗਿਆ ਹੈ। ਸਮੇਂ ਦੀ ਇਨਸਾਨੀ ਜ਼ਿੰਦਗੀ ਵਿੱਚ ਘਾਟ ਹੋ ਗਈ ਹੈ। ਦੁੱਖ-ਸੁੱਖ ਵੀ ਫੋਨ 'ਤੇ ਸਾਂਝਾ ਕਰ ਲਿਆ ਜਾਂਦਾ ਹੈ। ਭਰਾ-ਭਰਾ ਦਾ ਦੁਸ਼ਮਣ ਬਣਦਾ ਜਾ ਰਿਹਾ ਹੈ। ਔਲਾਦ ਹੱਥੋਂ ਮਾਂ-ਪਿਓ ਦੇ ਕਤਲ ਹੋ ਰਹੇ ਹਨ।ਇਨਸਾਨ ਨੇ ਆਪਣੇ ਆਪ ਨੂੰ ਆਪਣੇ ਵਿੱਚ ਹੀ ਜਕੜ ਕੇ ਰੱਖ ਲਿਆ ਹੈ। ਆਪਣੇ ਤੱਕ ਹੀ ਸੀਮਿਤ ਰਹਿ ਚੁੱਕਿਆ ਹੈ। ਕਿਸੇ ਨਾਲ ਆਪਣਾ ਦੁੱਖ-ਸੁੱਖ ਸਾਂਝਾ ਹੀ ਨਹੀਂ ਕਰਨਾ ਚਾਹੁੰਦਾ। ਆਪਣਿਆਂ ਤੋਂ ਸਲਾਹਾਂ ਲੈਣ ਦੀ ਬਜਾਏ ਦੂਜਿਆਂ ਤੋਂ ਸਲਾਹਾਂ ਲੈਣਾ ਪਸੰਦ ਕਰਦਾ ਹੈ। ਉਸ ਨੂੰ ਆਪਣੇ ਦੁਸ਼ਮਣ ਲੱਗਣ ਲੱਗ ਪਏ ਹਨ ਤੇ ਬਾਹਰਲੇ ਬੰਦੇ ਆਪਣੇ ਦਿਲੋਂ ਗਰੀਬ ਮੰਨ ਲਏ ਹਨ, ਇਕੱਲਾ ਜਿਹਾ ਰਹਿ ਚੁੱਕਿਆ ਹੈ। ਆਪਣੀ ਕੋਈ ਵੀ ਸਮੱਸਿਆ ਰਿਸ਼ਤੇਦਾਰ ਜਾਂ ਦੋਸਤਾਂ ਨਾਲ ਸਾਂਝੀ ਨਹੀਂ ਕਰਦਾ। ਮੋਬਾਇਲ ਨੂੰ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ। ਇੰਟਰਨੈੱਟ 'ਤੇ ਤਰ੍ਹਾਂ-ਤਰ੍ਹਾਂ ਦੀਆਂ ਸੋਸ਼ਲ ਨੈੱਟਵਰਕਿੰਗ ਸਾਈਟਸ ਡਾਊਨਲੋਡ ਕਰਕੇ ਉੱਥੇ ਆਪਣੇ ਮਨਪਸੰਦ ਪ੍ਰੋਗਰਾਮ ਸੰਗੀਤ ਸੁਣ ਕੇ ਆਪਣੇ ਮਨ ਨੂੰ ਹੌਲਾ ਕਰ ਰਿਹਾ ਹੈ। ਬਾਹਰ ਜਾਣਾ ਪਸੰਦ ਹੀ ਨਹੀਂ ਕਰਦਾ। ਰਿਸ਼ਤੇਦਾਰ ਕੋਲ ਬੈਠਣਾ ਉਸ ਨੂੰ ਬੁਰਾ ਲੱਗਦਾ ਹੈ। ਅਜਿਹਾ ਸਮਾਂ ਆ ਚੁੱਕਿਆ ਹੈ ਕਿ ਆਪਣੇ ਸਕੇ-ਸਬੰਧੀਆਂ ਤੋਂ ਮੂੰਹ ਮੋੜ ਲਿਆ ਹੈ। ਕਿਸੇ ਸੱਜਣ ਨੇ ਰਾਹ ਜਾਂਦਿਆਂ ਤੁਹਾਡੇ ਨਾਲ ਦੋ ਗੱਲਾਂ ਜੇ ਚੰਗੀਆਂ ਕਰ ਲਈਆਂ, ਤੁਹਾਡਾ ਹਾਲ-ਚਾਲ ਪੁੱਛ ਲਿਆ ਤਾਂ ਉਹ ਤੁਹਾਡਾ ਦਿਲੋਂ ਕਰੀਬੀ ਬਣ ਜਾਂਦਾ ਹੈ। ਤੁਸੀਂ ਉਸ ਨੂੰ ਆਪਣਾ ਦੋਸਤ ਕਹਿਣ ਲੱਗ ਜਾਂਦੇ ਹੋ। ਤੁਸੀਂ ਕਹਿੰਦੇ ਹੋ ਕਿ ਤੂੰ ਹੀ ਮੇਰਾ ਸਭ ਕੁਝ ਹੈਂ। ਪੈਸੇ ਦੀ ਲਾਲਸਾ ਨੇ ਅੱਜ 20-20 ਸਾਲ ਪੁਰਾਣੀ ਦੋਸਤੀਆਂ ਤੋੜ ਦਿੱਤੀਆਂ ਹਨ।ਆਪਣਿਆਂ ਤੋਂ ਅਜਿਹੀ ਗੱਲਾਂ ਨੂੰ ਲੁਕੋ ਕੇ ਰੱਖਣਾ ਤੇ ਬਾਹਰਲੇ ਬੰਦਿਆਂ ਤੋਂ ਸਲਾਹਾਂ ਲੈਣੀਆਂ ਸਾਡੀ ਫ਼ਿਤਰਤ ਬਣ ਚੁੱਕਿਆ ਹੈ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਮਿਲਦਾ ਹੈ ਕਿ ਜੇ ਕੋਈ ਖੁਸ਼ੀ ਦੀ ਗੱਲ ਹੁੰਦੀ ਹੈ, ਉਹ ਵੀ ਅਸੀਂ ਆਪਣੇ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰਾਂ ਨਾਲ ਸਾਂਝੀ ਨਹੀਂ ਕਰਦੇ, ਉਹ ਖੁਸ਼ੀ ਵੀ ਅਸੀਂ ਬਾਹਰਲੇ ਲੋਕਾਂ ਨਾਲ ਸਾਂਝੀ ਕਰ ਲੈਂਦੇ ਹਾਂ। ਅਕਸਰ ਸਿਆਣੇ ਕਹਿੰਦੇ ਹਨ ਕਿ ਖੁਸ਼ੀ ਆਪਣਿਆਂ ਨਾਲ ਵੰਡਣ ਨਾਲ ਦੁਗਣੀ ਹੁੰਦੀ ਹੈ ਤੇ ਦੁੱਖ ਦੱਸਣ ਨਾਲ ਘਟਦਾ ਹੈ।

ਅੱਜਕੱਲ੍ਹ ਲੋਕਾਂ ਨੂੰ ਦੂਜਿਆਂ ਦੇ ਘਰ ਵਿੱਚ ਲੜਾਈ-ਝਗੜਾ ਕਰਾਉਣ ਵਿੱਚ ਬਹੁਤ ਸਵਾਦ ਆਉਂਦਾ ਹੈ।ਅਸੀਂ ਆਪਣਿਆਂ ਨੂੰ ਤਾਹਨੇ-ਮੇਹਣੇ ਦੇਣੋਂ ਨਹੀਂ ਹਟਦੇ, ਸਗੋਂ ਪੂਰੀ ਵਾਹ ਲਗਾ ਦਿੰਦੇ ਹਨ। ਜਖਮਾਂ 'ਤੇ ਲੂਣ ਛਿੜਕਦੇ ਹਾਂ। ਅੱਜਕੱਲ੍ਹ ਜਿਆਦਾ ਘਰਾਂ ਵਿੱਚ ਕਲੇਸ਼ ਦੂਜਿਆਂ ਦੀ ਚੱਕ ਕਾਰਨ ਹੁੰਦਾ ਹੈ। ਦੂਜਿਆਂ ਦੀ ਚੱਕ ਵਿੱਚ ਆ ਕੇ ਅਸੀਂ ਆਪਣੇ ਘਰ ਕਲੇਸ਼ ਦਾ ਕਾਰਨ ਬਣ ਰਹੇ ਹਾਂ।ਦੂਜਿਆਂ ਦੀ ਦਖਲ-ਅੰਦਾਜ਼ੀ ਕਾਰਨ ਸਾਡੇ ਪਰਵਾਰ ਟੁੱਟ ਰਹੇ ਹਨ। ਦੇਖੋ ! ਜਿਹੜਾ ਤੁਹਾਡੇ ਘਰ ਵਿੱਚ ਪੁਆੜਾ ਪਵਾ ਰਿਹਾ, ਉਹ ਤਾਂ ਅੱਗ ਲਵਾ ਕੇ ਇੱਕ ਪਾਸੇ ਹੋ ਜਾਏਗਾ, ਉਸ ਦਾ ਕਿਸੇ ਨੂੰ ਵੀ ਪਤਾ ਨਹੀਂ ਚੱਲੇਗਾ, ਜਿਹੜਾ ਮੈਂਬਰ ਹੁਣ ਤੁਹਾਡੇ ਘਰ ਵਿੱਚ ਲੜ ਰਿਹਾ ਹੈ, ਅਸਲ ਦੋਸ਼ੀ ਉਹੀ ਹੋਵੇਗਾ। ਘਰ ਵਿੱਚ ਕੋਈ ਵੀ ਗੱਲ ਹੈ, ਹਰ ਜੀਅ ਨੂੰ ਸਾਂਝੀ ਕਰਨੀ ਚਾਹੀਦੀ ਹੈ। ਗੱਲਾਂ 'ਤੇ ਪਰਦੇ ਨਹੀਂ ਪਾਉਣੇ ਚਾਹੀਦੇ।ਆਪਣੇ ਘਰ ਦੀ ਗੱਲ ਕਦੇ ਵੀ ਬਾਹਰ ਨਹੀਂ ਜਾਣੀ ਚਾਹੀਦੀ। ਜਦੋਂ ਤੱਕ ਗੱਲ ਘਰ ਵਿੱਚ ਰਹਿੰਦੀ ਹੈ, ਉਹ ਇੱਕ ਤਰ੍ਹਾਂ ਨਾਲ ਰਾਜ਼ ਰਹਿੰਦੀ ਹੈ। ਜਦੋਂ ਉਹ ਗੱਲ ਬਾਹਰ ਚਲੀ ਗਈ, ਉਸ ਗੱਲ ਦਾ ਫ਼ਿਰ ਢੰਡੋਰਾ ਪਿੱਟਿਆ ਜਾਂਦਾ ਹੈ। ਘਰ ਵਿੱਚ ਹਰ ਗੱਲ ਸਾਂਝੀ ਕਰੋ। ਕੋਈ ਤੁਸੀਂ ਚੰਗਾ ਕੰਮ ਕਰਨਾ ਹੈ, ਹਰ ਮੈਂਬਰ ਨੂੰ ਪਤਾ ਹੋਣਾ ਚਾਹੀਦਾ ਹੈ, ਖਾਸ ਕਰਕੇ ਵੱਡੇ, ਬਜ਼ੁਰਗ ਮੈਂਬਰਾਂ ਨੂੰ। ਵੱਡੇ ਮੈਂਬਰਾਂ ਤੋਂ ਅਜਿਹੇ ਕੰਮ ਲਈ ਕਦੇ ਵੀ ਪਰਦਾ ਨਾ ਰੱਖੋ। ਕੱਲ੍ਹ ਨੂੰ ਜੇ ਤੁਹਾਡੇ ਤੋਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਵੱਡੇ ਮੈਂਬਰ ਹੀ ਤੁਹਾਡੀ ਮਦਦ ਕਰਨਗੇ। ਉਸ ਤੋਂ ਬਾਅਦ ਜਿਹੜਾ ਤੁਹਾਡਾ ਖਾਸ ਰਿਸ਼ਤੇਦਾਰ ਹੈ, ਉਸ ਨਾਲ ਉਹ ਕੰਮ ਦੀ ਸਲਾਹ ਲਵੋ ਕਿ ਮੈਂ ਇਹ ਕੰਮ ਕਰਨ ਜਾ ਰਿਹਾ। ਉਸ ਨੂੰ ਵੀ ਪਤਾ ਹੋਣਾ ਚਾਹੀਦਾ ਹੈ। ਕਈ ਵਾਰ ਅਸੀਂ ਦੱਸਣਾ ਹੀ ਨਹੀਂ ਚਾਹੁੰਦੇ ਫਿਰ ਸਾਡੀ ਰਿਸ਼ਤੇਦਾਰੀ ਵਿੱਚ ਫਿੱਕ ਜਿਹੀ ਪੈਣ ਲੱਗ ਜਾਂਦੀ ਹੈ।ਰਿਸ਼ਤੇਦਾਰ ਸਾਡੇ ਤੋਂ ਮੂੰਹ ਮੋੜਨੇ ਸ਼ੁਰੂ ਹੋ ਜਾਂਦੇ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ। ਹਰ ਇਨਸਾਨ ਤੋਂ ਗਲਤੀ ਹੁੰਦੀ ਹੈ। ਹਰ ਪਰਿਵਾਰ ਵਿੱਚ ਕੁੱਝ ਨਾ ਕੁੱਝ ਚਲਦਾ ਰਹਿੰਦਾ ਹੈ।

ਆਪਣਾ ਕੌਣ ਹੈ ਤੇ ਬੇਗਾਨਾ ਕੌਣ ਹੈ, ਸਾਨੂੰ ਪਹਿਚਾਣ ਹੋਣੀ ਚਾਹੀਦੀ ਹੈ। ਰਿਸ਼ਤਿਆਂ ਦੀ ਉਲਝੀ ਹੋਈ ਤਾਣੀ ਨੂੰ ਸੁਲਝਾਇਆ ਜਾ ਸਕਦਾ ਹੈ। ਪੁਰਾਣੇ ਵੇਲਿਆਂ ਵਿੱਚ ਸਾਡੇ ਬਜ਼ੁਰਗ ਬਹੁਤ ਦੂਰ ਤੱਕ ਰਿਸ਼ਤੇਦਾਰੀ ਨਿਭਾਉਂਦੇ ਸਨ। ਅੱਜਕੱਲ੍ਹ ਦੀ ਰਿਸ਼ਤੇਦਾਰੀ ਤਾਂ ਸਿਰਫ ਭਾਈ, ਭੈਣਾਂ ਵਿੱਚ ਹੀ ਰਹਿ ਚੁੱਕੀ ਹੈ। ਉਸ ਵਿੱਚ ਵੀ ਭਾਈ-ਭੈਣ ਨਹੀਂ ਨਿਭਾਉਣਾ ਚਾਹੁੰਦੇ। ਹੁਣ ਜੇ ਰਿਸ਼ਤੇਦਾਰ ਵੀ ਤੁਹਾਡੇ ਨਾਲ ਨਹੀਂ ਨਿਭਾਉਣਾ ਚਾਹੁੰਦਾ ਤਾਂ ਤੁਸੀਂ ਵੀ ਇੱਕ ਪਾਸੇ ਹੋ ਜਾਓ। ਅਜਿਹੀ ਮਰ ਚੁੱਕੇ ਰਿਸ਼ਤਿਆਂ ਨੂੰ ਅਲਵਿਦਾ ਕਹਿ ਕੇ ਅੱਗੇ ਵਧ ਜਾਣਾ ਚਾਹੀਦਾ ਹੈ।

**# ਸੰਪਰਕ : 78889-66168**

# ਹਿਟਲਰ ਨੇ ਕੀਤੀ ਸੀ ਵੋਟਾਂ ਕੱਟਣ ਦੀ ਸ਼ੁਰੂਆਤ

ਪਿਰਥੀਪਾਲ ਸਿੰਘ ਮਾੜੀਮੇਘਾ

ਵੋਟਰਾਂ ਦੇ ਵੋਟਰ ਸੂਚੀਆਂ 'ਚੋਂ ਨਾਂਅ ਕਟਵਾਉਣ ਦੀ ਸ਼ੁਰੂਆਤ ਹਿਟਲਰ ਦੀ ਫਾਸ਼ੀਵਾਦੀ ਹਕੂਮਤ ਤੋਂ ਸ਼ੁਰੂ ਹੋਈ। ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਵੀ ਫਾਸ਼ੀਵਾਦੀ ਨੀਤੀ 'ਤੇ ਚੱਲ ਰਹੀ ਹੈ ਅਤੇ ਇਹ ਸਰਕਾਰ ਚਲਾਉਣ ਵਾਲਿਆਂ ਨੂੰ ਲੋਕ ਪੱਖੀ ਜਮਹੂਰੀਅਤ ਵੱਢ-ਵੱਢ ਖਾ ਰਹੀ ਹੈ। ਫਾਸ਼ੀਵਾਦੀ ਨੀਤੀ ਵਾਲਿਆਂ ਨੂੰ ਪਤਾ ਹੈ ਕਿ ਸਾਡਾ ਹਾਲ ਵੀ ਅੰਤ ਹਿਟਲਰ ਵਾਲਾ ਹੀ ਹੋਣਾ ਹੈ, ਇਸ ਲਈ ਉਹ ਆਪਣੀ ਉਮਰ ਲੰਬੀ ਕਰ ਰਹੇ ਹਨ। ਉਂਝ ਫਾਸ਼ੀਵਾਦੀ ਨੂੰ ਹਰਾਉਣਾ ਕੋਈ ਸੌਖਾ ਕੰਮ ਨਹੀਂ ਹੈ, ਹਿਟਲਰ ਨੂੰ ਹਰਾਉਣ ਵਾਲੀ ਜੰਗ ਵਿੱਚ 5 ਕਰੋੜ ਦੇ ਕਰੀਬ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ, ਜਿਸ ਵਿੱਚ ਇਕੱਲੇ ਸੋਵੀਅਤ ਯੂਨੀਅਨ ਦੇ ਦੋ ਕਰੋੜ ਸਨ।

ਹਿਟਲਰ ਨੇ ਰਾਜ 'ਤੇ ਕਾਬਜ਼ ਹੋਣ ਤੋਂ ਬਾਅਦ ਯਹੂਦੀਆਂ, ਕਮਿਊਨਿਸਟਾਂ, ਸਮਾਜਵਾਦੀਆਂ ਅਤੇ ਹੋਰ ਵਿਰੋਧੀਆਂ ਲਈ ਨਾਗਰਿਕਤਾ ਕਾਨੂੰਨ ਬਦਲ ਕੇ ਉਨ੍ਹਾਂ ਦੇ ਨਾਂਅ ਵੋਟਰ ਸੂਚੀਆਂ 'ਚੋਂ ਬਾਹਰ ਕਰ ਦਿੱਤੇ ਤੇ ਉਨ੍ਹਾਂ ਕੋਲੋਂ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ, ਇਹ ਹੀ ਕੰਮ ਮੋਦੀ-ਸ਼ਾਹ ਜੁੰਡਲੀ ਕਰ ਰਹੀ ਹੈ। ਜਰਮਨੀ ਵਿੱਚ 'ਨਿਊਰੇਮਬਰਗ ਕਾਨੂੰਨਾਂ' ਦੇ ਅਧੀਨ 1935 ਵਿੱਚ ਲੱਖਾਂ ਲੋਕਾਂ ਨੂੰ ਵੋਟਾਂ ਪਾਉਣ ਦੇ ਅਧਿਕਾਰ ਤੋਂ ਵਾਂਝਿਆਂ ਕਰ ਦਿੱਤਾ ਗਿਆ ਸੀ। ਹਕੀਕਤ ਇਹ ਹੈ ਕਿ ਤਾਨਾਸ਼ਾਹੀ ਹਿਟਲਰ 1933 ਵਿੱਚ ਰਾਜ ਸੱਤਾ 'ਤੇ ਕਾਬਜ਼ ਹੋਇਆ ਅਤੇ 1935 ਵਿੱਚ 'ਗੈਰ ਆਰੀਆ' ਕਾਨੂੰਨ ਰਾਹੀਂ ਜਰਮਨ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਤੋਂ ਫ਼ਾਰਗ ਕਰ ਦਿੱਤਾ। ਇਸ ਕਾਨੂੰਨ ਦਾ ਮਕਸਦ ਇਹ ਸੀ ਕਿ ਜੋ ਮੂਲ ਨਾਗਰਿਕ ਹਨ, ਉਹ ਆਰੀਅਨ ਹਨ ਅਤੇ ਵੋਟ ਦਾ ਅਧਿਕਾਰ 'ਰੀਚ ਨਾਗਰਿਕਾਂ' ਦਾ ਹੈ ਅਤੇ ਯਹੂਦੀਆਂ ਨੂੰ ਨਾਗਰਿਕ ਨਹੀਂ ਮੰਨਿਆ ਜਾ ਸਕਦਾ। ਰੀਚ ਨਾਗਰਿਕ ਉਹ ਹੀ ਹੋ ਸਕਦੇ ਹਨ, ਜਿਨ੍ਹਾਂ ਦਾ ਜਾਤੀ ਅਤੇ ਰਾਜਨੀਤਕ ਤੌਰ 'ਤੇ ਆਰੀਅਨ ਹੋਣਾ ਪ੍ਰਮਾਣਿਤ ਕੀਤਾ ਗਿਆ ਹੋਵੇ। ਇਸ ਕਾਨੂੰਨ ਨਾਲ ਯਹੂਦੀਆਂ, ਰੋਮਾਂ (ਜਿਪਸੀਆਂ), ਰਾਜਨੀਤਕ ਵਿਰੋਧੀਆਂ ਅਤੇ ਅਪੰਗ ਵਿਅਕਤੀਆਂ ਨੂੰ ਵੋਟਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ। ਯੋਜਨਾਬੱਧ ਢੰਗ ਨਾਲ ਇੱਕ ਲੋਕ ਸਰਵੇਖਣ ਕਰਵਾ ਕੇ 99 ਫੀਸਦੀ ਲੋਕਾਂ ਨੂੰ ਇਸ ਕਾਨੂੰਨ ਦੇ ਹੱਕ ਵਿੱਚ ਵਿਖਾਇਆ ਗਿਆ, ਜੋ ਅਸਲੀਅਤ ਤੌਰ 'ਤੇ ਗਲਤ ਸੀ। ਇਸ ਤਰ੍ਹਾਂ ਬੇਈਮਾਨ ਹਿਟਲਰ ਨੇ ਜਰਮਨੀ ਤੇ ਰਾਜ ਕੀਤਾ।

ਅਮਰੀਕਾ ਵਿੱਚ ਵੀ ਇਹ ਵਰਤਾਰਾ ਸਰਮਾਏਦਾਰੀ ਪ੍ਰਬੰਧ ਤੋਂ ਚਲਦਾ ਆ ਰਿਹਾ ਹੈ। ਅਮਰੀਕਾ ਵਿੱਚ ਵਿਰੋਧੀਆਂ ਦੇ ਨਾਵਾਂ ਨੂੰ ਵੋਟਰ ਸੂਚੀਆਂ 'ਚੋਂ ਬਾਹਰ ਕਰਨ ਲਈ ਦੱਖਣੀ ਰਾਜਾਂ ਵਿੱਚ ਸਾਖਰਤਾ ਪ੍ਰੀਖਿਆ, ਪੋਲ ਟੈਕਸ ਅਤੇ 'ਕਲੈਰੀਕਲ ਤਰੁੱਟੀ' ਵਾਲੀਆਂ ਵੱਡੇ ਪੱਧਰ 'ਤੇ ਚਾਲਾਂ ਚੱਲੀਆਂ ਗਈਆਂ। ਉਸ ਸਮੇਂ ਦੀ ਮੌਜੂਦਾ ਹਕੂਮਤ ਵੱਲੋਂ ਵੋਟਾਂ ਦੀ ਕਟਾਈ ਬਾਬਤ ਭਾਸ਼ਾ ਇਹ ਸੀ ਕਿ 'ਵੋਟਰ ਰੋਲ ਮੈਂਟੀਨਸ' । ਅਫ਼ਰੀਕੀ ਅਮਰੀਕੀਆਂ ਨੂੰ ਘਰੇਲੂ ਯੁੱਧ ਤੋਂ ਬਾਅਦ 15ਵੀਂ ਸੋਧ ਵਿੱਚ ਵੋਟਾਂ ਪਾਉਣ ਦਾ ਅਧਿਕਾਰ ਮਿਲਿਆ ਸੀ, ਪਰ ਦੱਖਣੀ ਰਾਜਾਂ ਵਿੱਚ ਗੋਰੇ ਨਸਲਵਾਦੀ ਰਾਜ ਪ੍ਰਬੰਧ ਨੇ ਅਫ਼ਰੀਕੀ ਅਮਰੀਕੀਆਂ ਦੇ ਵੋਟ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਦੇ ਲਈ ਕਈ ਕਾਨੂੰਨੀ ਤੇ ਪ੍ਰਸ਼ਾਸਨਿਕ ਰੋਕਾਂ ਲਾਈਆਂ। ਵੋਟਾਂ ਦੇ ਪੋਲ 'ਤੇ ਟੈਕਸ ਲਾ ਦਿੱਤਾ ਗਿਆ, ਜਿਸ ਨੂੰ ਅਮਰੀਕਾ ਦੇ ਕਾਲੇ ਗਰੀਬ ਲੋਕ ਨਹੀਂ ਦੇ ਸਕਦੇ ਸਨ।

ਵੋਟਰਾਂ ਨੂੰ ਵੋਟ ਬਣਾਉਣ ਤੋਂ ਪਹਿਲਾਂ ਇਮਤਿਹਾਨ ਦੇਣਾ ਪੈਂਦਾ ਸੀ। ਵੋਟਰ ਦੀ ਇਹ ਪ੍ਰੀਖਿਆ ਲੈਣ ਵਾਲੇ ਅਧਿਕਾਰੀ ਜਾਣਬੁੱਝ ਕੇ ਕਾਲੇ ਵੋਟਰਾਂ ਨੂੰ ਅਸਫਲ ਘੋਸ਼ਿਤ ਕਰ ਦਿੰਦੇ ਸਨ। ਦੱਖਣੀ ਰਾਜਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਨੇ ਆਪਣੀਆਂ ਪਹਿਲੀਆਂ ਚੋਣਾਂ ਵਿੱਚ ਸਿਰਫ਼ ਗੋਰੇ ਲੋਕਾਂ ਨੂੰ ਵੋਟ ਪਾਉਣ ਦਿੱਤੇ। ਵੋਟਰ ਸੂਚੀਆਂ ਦੀ ਸੁਧਾਈ ਦੇ ਨਾਂਅ 'ਤੇ ਕਾਲੇ ਲੋਕਾਂ ਦੇ ਨਾਂਅ ਇਸ ਕਰਕੇ ਹਟਾ ਦਿੱਤੇ ਜਾਂਦੇ ਕਿ ਉਨ੍ਹਾਂ ਦੇ ਐਡਰੈੱਸ ਗਲਤ ਹਨ। ਨਤੀਜਾ ਇਹ ਨਿਕਲਿਆ ਕਿ ਅਫ਼ਰੀਕੀ ਅਮਰੀਕੀਆਂ ਦੇ ਵੋਟਾਂ ਪਾਉਣ ਦੇ ਅਧਿਕਾਰ ਖੋਹ ਲਏ ਗਏ। ਰਾਜ ਕਰਦੀ ਧਿਰ ਦੀ ਇਹ ਪ੍ਰਕਿਰਿਆ 1965 ਤੱਕ ਜਾਰੀ ਰਹੀ।

ਚਿੱਲੀ ਇੱਕ ਲਾਤੀਨੀ ਅਮਰੀਕੀ ਦੇਸ਼ ਹੈ। ਦੇਸ਼ ਵਿੱਚ ਤਾਨਾਸ਼ਾਹੀ ਪਿਨੋਸ਼ੇ ਦੀ ਸਾਮਰਾਜੀ ਅਮਰੀਕਾ ਪੱਖੀ ਹਕੂਮਤ ਦੌਰਾਨ ਵਿਰੋਧੀ ਪਾਰਟੀਆਂ ਦੇ ਵੋਟਰਾਂ ਦੇ ਵੋਟਰ ਸੂਚੀਆਂ 'ਚੋਂ ਨਾਂਅ ਕੱਟ ਕੇ ਉਨ੍ਹਾਂ ਨੂੰ ਚੋਣਾਂ ਵਿੱਚ ਹਿੱਸਾ ਲੈਣ ਤੋਂ ਵੰਚਿਤ ਕਰ ਦਿੱਤਾ ਗਿਆ। ਸਤੰਬਰ 11,1973 ਨੂੰ ਪਿਨੋਸ਼ੇ ਨੇ ਅਮਰੀਕਾ ਦੀ ਹਮਾਇਤ ਨਾਲ ਰਾਸ਼ਟਰਪਤੀ ਸਾਲਵਾਦੋਰ ਅਲੇਂਦੇ ਦੀ ਸਮਾਜਵਾਦੀ ਸਰਕਾਰ ਦਾ ਰਾਜਪਲਟਾ ਕਰ ਕੇ ਚਿੱਲੀ ਵਿੱਚ ਫੌਜੀ ਸ਼ਾਸਨ ਕਾਇਮ ਕਰ ਦਿੱਤਾ ਸੀ। ਸਾਰੀਆਂ ਰਾਜਨੀਤਕ ਪਾਰਟੀਆਂ 'ਤੇ ਪਾਬੰਦੀ ਲਾ ਕੇ ਪਬਲਿਕ ਅਦਾਰੇ ਤੋੜ ਦਿੱਤੇ ਗਏ।

ਪਿਨੋਸ਼ੇ ਰਾਜ ਨੇ ਵਿਰੋਧੀ ਕਾਰਜਕਰਤਾਵਾਂ, ਕਮਿਊਨਿਸਟਾਂ, ਟਰੇਡ ਯੂਨੀਅਨ ਆਗੂਆਂ ਅਤੇ ਰਾਜਨੀਤਕ ਰੂਪ ਵਿੱਚ ਵਿਰੋਧੀ ਨਾਗਰਿਕਾਂ ਦੇ ਨਾਂਅ ਵੋਟਰ ਸੂਚੀਆਂ 'ਚੋਂ ਗਾਇਬ ਕਰਨੇ ਸ਼ੁਰੂ ਕਰ ਦਿੱਤੇ। ਕਈਆਂ ਨੂੰ ਅਯੋਗ ਘੋਸ਼ਿਤ ਕਰ ਦਿੱਤਾ ਅਤੇ ਯੋਜਨਾਬੱਧ ਤਰੀਕੇ ਨਾਲ ਪਿਨੋਸ਼ੇ ਵੱਲੋਂ ਨਵਾਂ ਸੰਵਿਧਾਨ 1980 ਵਿੱਚ ਲਿਆਉਣ ਲਈ ਲੋਕਮੱਤ ਸਿਰਵੇਖਣ ਕਰਾਇਆ ਗਿਆ। ਜਨਮਤ ਦੇ ਹੱਕ ਵਿੱਚ 67 ਫੀਸਦੀ ਲੋਕਾਂ ਨੇ ਵੋਟ ਦਿੱਤੀ। ਇਹ ਨਕਲੀ ਲੋਕਮੱਤ ਸਰਵੇਖਣ ਸੀ।

ਪਿਨੋਸ਼ੇ ਰਾਜ ਨੇ 15 ਲੱਖ ਲੋਕਾਂ ਨੂੰ ਆਪਣੇ ਸਰਕਾਰੀ ਤੰਤਰ ਰਾਹੀਂ ਵੋਟਾਂ ਪਾਉਣ ਤੋਂ ਵਾਂਝਿਆਂ ਕੀਤਾ ਸੀ। ਵਿਰੋਧੀ ਦਲ ਪਿਨੋਸ਼ੇ ਦੌਰ ਵਿੱਚ 15 ਸਾਲ ਤੱਕ ਚੋਣ ਪ੍ਰਕਿਰਿਆ ਤੋਂ ਬਾਹਰ ਰਹੇ।ਪਿਨੋਸ਼ੇ ਨੇ ਆਪਣਾ ਰਾਜ 8 ਸਾਲ ਵਧਾਉਣ ਵਾਸਤੇ ਇੱਕ ਹੋਰ ਲੋਕਮੱਤ ਸਰਵੇਖਣ 1988 ਵਿੱਚ ਕਰਵਾਇਆ। ਇਸ ਸਰਵੇਖਣ ਵਿੱਚ ਪਿਨੋਸ਼ੇ ਹਾਰ ਗਿਆ। ਪਿਨੋਸ਼ੇ ਰਾਜ ਨੂੰ ਖਤਮ ਕਰਨ ਲਈ 55 ਫੀਸਦੀ ਲੋਕਾਂ ਨੇ ਵਿਰੋਧ ਵਿੱਚ ਵੋਟ ਪਾਈ। ਇਸ ਤਰ੍ਹਾਂ ਲੋਕਤੰਤਰ ਦੀ ਬਹਾਲੀ ਲਈ 1990 ਵਿੱਚ ਚੋਣ ਹੋਈ।

ਜ਼ਿੰਬਾਬਵੇ ਦੇ ਰਾਬਰਟ ਮੁਗਾਬੇ ਦੇ ਦੌਰ ਵਿੱਚ ਮਹੱਤਵਪੂਰਨ ਚੋਣਾਂ ਤੋਂ ਪਹਿਲਾਂ ਚੋਣ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਬਦਲਾਵ ਕਰ ਕੇ ਵਿਰੋਧੀ ਗੜ੍ਹਾਂ ਵਿੱਚੋਂ ਸਰਕਾਰ ਵਿਰੁੱਧ ਵੋਟ ਪਾਉਣ ਵਾਲਿਆਂ ਦੇ ਨਾਂਅ ਵੋਟਰ ਸੂਚੀਆਂ 'ਚੋਂ ਹਟਾ ਦਿੱਤੇ ਜਾਂ ਉਨ੍ਹਾਂ ਨੂੰ ਦੂਰ-ਦਰਾਜ ਇਲਾਕਿਆਂ ਵਿੱਚ ਸ਼ਿਫਟ ਕਰ ਦਿੱਤਾ ਗਿਆ।

ਦੱਖਣੀ ਅਫ਼ਰੀਕਾ ਵਿੱਚ ਚੋਣਾਂ ਨੂੰ ਨਸਲ ਦੇ ਆਧਾਰ 'ਤੇ ਵਰਤਿਆ ਗਿਆ। ਨੈਸ਼ਨਲ ਪਾਰਟੀ ਨੇ 1948 ਵਿੱਚ ਰਾਜ ਸੱਤਾ ਸੰਭਾਲਣ ਤੋਂ ਬਾਅਦ ਰੰਗਭੇਦ ਵਾਲੀ ਨੀਤੀ ਲਾਗੂ ਕਰਦਿਆਂ 1910 ਤੋਂ ਹੀ 'ਕਾਮਨ ਵੋਟਰਜ਼ ਰੋਲ' ਵਿੱਚ ਵੋਟਾਂ ਪਾਉਣ ਲਈ ਸਿਰਫ਼ ਗੋਰਿਆਂ ਨੂੰ ਦਰਜ ਕੀਤਾ ਜਾਂਦਾ ਸੀ, ਦੂਜੀਆਂ ਜਾਤਾਂ ਨੂੰ ਵੋਟ ਪਾਉਣ ਦਾ ਕੋਈ ਵੀ ਅਧਿਕਾਰ ਨਹੀਂ ਸੀ। ਇਸ ਤੋਂ ਬਾਅਦ 'ਪਾਪੂਲੇਸ਼ਨ ਰਜਿਸਟ੍ਰੇਸ਼ਨ ਐਕਟ 1950' ਨੇ ਹਰ ਨਾਗਰਿਕ ਨੂੰ ਨਸਲ ਦੇ ਖੇਤਰ ਦੇ ਪੱਖ ਤੋਂ ਦਰਜ ਕੀਤਾ ਅਤੇ ਉਸ ਆਧਾਰ 'ਤੇ ਤਹਿ ਹੋਇਆ ਕਿ ਕੌਣ ਵੋਟਾਂ ਪਾ ਸਕਦਾ ਹੈ। ਇਸ ਨੀਤੀ ਨੇ ਵੀ ਕਾਲੇ ਰੰਗ ਦੇ ਲੋਕਾਂ ਨੂੰ ਵੋਟਾਂ ਪਾਉਣ ਤੋਂ ਬਾਹਰ ਕਰ ਦਿੱਤਾ। ਅੰਤਰਰਾਸ਼ਟਰੀ ਦਬਾਅ ਦੇ ਕਾਰਨ 1994 ਵਿੱਚ ਕਾਲੇ ਰੰਗੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ ਅਤੇ 1994 ਵਿੱਚ ਇਸ ਆਧਾਰ 'ਤੇ ਮਹਾਨ ਮਨੁੱਖ ਨੈਲਸਨ ਮੰਡੇਲਾ ਚੋਣਾਂ ਰਾਹੀਂ ਰਾਸ਼ਟਰਪਤੀ ਚੁਣਿਆ ਗਿਆ।

ਹਕੀਕਤਨ ਸਰਮਾਏਦਾਰੀ ਧਿਰ ਦੁਨੀਆ ਪੱਧਰ ਤੇ ਵੱਖ-ਵੱਖ ਮੁਲਕਾਂ ਵਿੱਚ ਆਪਣੇ ਰਾਜ ਦੀ ਉਮਰ ਲੰਬੀ ਕਰਨ ਵਾਸਤੇ ਇਹ ਕੁਚਾਲਾਂ ਚੱਲਦੀ ਆ ਰਹੀ ਹੈ, ਜਿਸ ਵਿੱਚ ਫਾਸ਼ੀਵਾਦ ਵਾਲਾ ਯੁੱਗ ਵੀ ਹੈ। ਇਸੇ ਤਰ੍ਹਾਂ ਫਾਸ਼ੀਵਾਦ ਦੇ ਰਾਹ ਵਾਲੀ ਬੀਜੇਪੀ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਆਪਣੇ ਰਾਜ ਦੀ ਉਮਰ ਲੰਬੀ ਕਰਨ ਦੀ ਤਾਂਘ ਵਿੱਚ ਹੈ। ਉਸ ਨੇ ਸ਼ੁਰੂਆਤ ਬਿਹਾਰ ਦੀਆਂ ਅਸੈਂਬਲੀ ਚੋਣਾਂ ਜੋ ਹੋਣ ਜਾ ਰਹੀਆਂ ਹਨ, ਉਸ ਤੋਂ ਕੀਤੀ ਹੈ। ਵਿਰੋਧੀ ਦਲਾਂ ਦੇ ਵਿਰੋਧ ਕਾਰਨ ਸੁਪਰੀਮ ਕੋਰਟ ਨੇ ਦਖਲ ਦੇ ਕੇ ਕੁੱਝ ਫੈਸਲੇ ਦਿੱਤੇ ਹਨ ਪਰ ਉਹ ਫੈਸਲੇ ਵੀ ਲਾਗੂ ਹਕੂਮਤ ਨੇ ਹੀ ਕਰਨੇ ਹਨ। ਹਕੂਮਤ ਕਰਦੀ ਹੈ ਕਿ ਨਹੀਂ, ਇਹ ਭਵਿੱਖ ਦੀ ਕੁੱਖ ਵਿੱਚ ਹੈ।

**ਕੌਮੀ ਕੌਂਸਲ ਮੈਂਬਰ ਸੀ ਪੀ ਆਈ**

**# ਸੰਪਰਕ : 98760-78731**

CMYK

10-SEP-PAGE-5.qxd 9/9/2025 10:20 PM Page 1



# ਇਕੋ ਪਰਵਾਰ ਦੇ ਦੋ ਬੱਚਿਆਂ ਦੀ ਹਫ਼ਤੇ 'ਚ ਮੌਤ, ਸਹਿਮ ਦਾ ਮਾਹੌਲ



ਮਿਤ੍ਰਕ ਬੱਚਿਆਂ ਦੀ ਫਾਈਲ ਫੋਟੋ।

ਖੰਨਾ (ਸੁਖਵਿੰਦਰ ਸਿੰਘ ਭਾਦਲਾ)

ਵਾਰਡ ਨੰਬਰ 24 ਧਰਮਸ਼ਾਲਾ ਵਾਲੀ ਗਲੀ ਵਿੱਚ ਸਥਿਤ ਘਰ 'ਚ ਪੰਜ ਦਿਨਾਂ ਵਿੱਚ ਦੋ ਬੱਚਿਆਂ ਦੀ ਮੌਤ ਹੋ ਗਈ ਹੈ।ਇਸ ਦੁਖਦਾਈ ਘਟਨਾ ਨਾਲ ਸ਼ਹਿਰ 'ਚ ਸਨਸਨੀ ਫੈਲ ਗਈ।ਮਰਨ ਵਾਲਿਆਂ ਬੱਚਿਆਂ ਵਿੱਚ ਡੇਢ ਸਾਲ ਦਾ ਛੋਟਾ ਬੱਚਾ ਅੰਸ਼ ਤੇ ਛੇ ਸਾਲ ਦੀ ਬੱਚੀ ਕੀਰਤੀ ਸ਼ਾਮਲ ਹਨ।ਦੋਵੇਂ ਬੱਚਿਆਂ ਨੂੰ ਖੇਡਦਿਆਂ ਖੇਡਦਿਆਂ ਹੀ ਉਲਟੀਆਂ ਤੇ ਦਸਤਾਂ ਦੀ ਸਮੱਸਿਆ ਹੋਈ।ਇਲਾਜ ਕਰਾਉਣ ਬਾਵਜੂਦ ਦੋਵੇਂ ਬੱਚਿਆਂ ਦੀ ਜਾਨ ਨਾ ਬਚ ਸਕੀ। ਪਰਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਸਿਵਲ ਹਸਪਤਾਲ 'ਚ ਡਾਕਟਰ ਨਹੀਂ ਮਿਲਿਆ।ਉਸ ਤੋਂ ਬਾਅਦ ਅਸੀਂ ਬੱਚਿਆਂ ਨੂੰ ਪ੍ਰਾਈਵੇਟ ਹਸਪਤਾਲ ਲੈ ਜਾਇਆ ਗਿਆ।ਬੱਚਿਆਂ ਦੀ ਸਿਹਤ ਜਿਆਦਾ ਵਿਗੜਨ ਕਾਰਨ ਪ੍ਰਾਈਵੇਟ ਹਸਪਤਾਲ ਦੇ ਡਾਕਟਰਾਂ ਵੱਲੋਂ ਫਿਰ ਬੱਚੀ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਲੈ ਕੇ ਜਾਣ ਲਈ ਕਿਹਾ।ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਖੇ ਲੈ ਕੇ ਜਾਂਦੇ ਸਮੇਂ ਰਾਹ 'ਚ ਹੀ ਮੌਤ ਹੋ ਗਈ।ਕਿਰਾਏ ਦੇ ਮਕਾਨ ਵਿੱਚ ਰਹਿ ਰਹੇ ਇਸ ਪਰਵਾਰ ਨੇ ਘਰ ਵਿੱਚ ਗੰਦਗੀ ਅਤੇ ਗੰਦੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਵੀ ਸਵਾਲ ਖੜੇ ਹੋ ਰਹੇ ਹਨ।

ਕਾਂਗਰਸ ਦੇ ਜ਼ਿਲ੍ਹਾ ਉਪ ਪ੍ਰਧਾਨ ਅਮਨ ਕਟਾਰੀਆ ਨੇ ਮੁੱਖ ਮੰਤਰੀ, ਸਿਹਤ ਮੰਤਰੀ ਤੇ ਡੀ.ਜੀ.ਪੀ. ਨੂੰ ਸ਼ਿਕਾਇਤ ਭੇਜ ਕੇ ਤੁਰੰਤ ਜਾਂਚ ਦੀ ਮੰਗ ਕੀਤੀ ਹੈ।

ਮ੍ਰਿਤਕ ਬੱਚਿਆਂ ਦੀ ਮਾਂ ਗੀਤਾ ਨੇ ਕਿਹਾ ਕਿ ਮੇਰੇ ਦੋਵੇਂ ਬੱਚਿਆਂ ਨੂੰ ਉਲਟੀ ਤੇ ਦਸਤ ਲੱਗੇ ਸਨ । ਅਸੀਂ ਇਲਾਜ ਕਰਾਇਆ, ਪਰ ਉਹ ਨਹੀਂ ਬਚ ਸਕੇ। ਦਾਦੀ ਕੁਸੁਮ ਨੇ ਕਿਹਾ ਕਿ ਪਿਛਲੇ ਵੀਰਵਾਰ ਨੂੰ ਉਨ੍ਹਾਂ ਦੇ ਇੱਕ ਪੋਤੇ ਦੀ ਮੌਤ ਹੋ ਗਈ ਸੀ।ਅੱਜ ਮੇਰੀ ਪੋਤੀ ਵੀ ਚਲੀ ਗਈ।ਕਈ ਵਾਰ ਘਰ ਦੇ ਮਾਲਕ ਨੂੰ ਸਫ਼ਾਈ ਕਰਨ ਲਈ ਕਿਹਾ, ਪਰ ਗੰਦਗੀ ਹੀ ਰਹੀ।

ਅਮਨ ਕਟਾਰੀਆ ਜ਼ਿਲ੍ਹਾ ਕਾਂਗਰਸ ਉਪ ਪ੍ਰਧਾਨ ਨੇ ਕਿਹਾ ਕਿ ਘਰ ਵਿੱਚ ਗੰਦਗੀ ਤੇ ਗੰਦਾ ਪਾਣੀ ਹੋਣ ਕਰਕੇ ਇਹ ਹਾਦਸਾ ਵਾਪਰਿਆ।ਪ੍ਰਸ਼ਾਸਨ ਜਾਂਚ ਕਰਕੇ ਜ਼ਿੰਮੇਵਾਰਾਂ 'ਤੇ ਕਾਰਵਾਈ ਕਰ। ਗੁਰਬਖ਼ਸ਼ੀਸ਼ ਸਿੰਘ ਈਓ, ਨਗਰ ਕੌਂਸਲ ਨੇ ਆਖਿਆ ਕਿ ਸਾਡੇ ਧਿਆਨ ਵਿੱਚ ਮਾਮਲਾ ਆਇਆ ਹੈ।ਟੀਮ ਮੌਕੇ 'ਤੇ ਭੇਜੀ ਜਾਵੇਗੀ ਅਤੇ ਸਫ਼ਾਈ ਨਾ ਕਰਾਉਣ ਵਾਲਿਆਂ 'ਤੇ ਕਾਰਵਾਈ ਕੀਤੀ ਜਾਵੇਗੀ।ਸਿਵਲ ਹਸਪਤਾਲ ਖੰਨਾ ਦੇ ਐਸ ਐਮ ਓ ਡਾਕਟਰ ਮਨਿੰਦਰ ਭਸੀਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਟੀਮਾਂ ਬਣਾ ਕੇ ਤੇ ਇਸ ਇਲਾਕੇ ਵਿੱਚ ਖ਼ੁਦ ਜਾ ਕੇ ਦੌਰਾ ਕੀਤਾ ਗਿਆ।ਇਸ ਦੌਰਾਨ 70 ਤੋਂ 80 ਘਰਾਂ ਦੇ ਪਾਣੀ ਦਾ ਸੈਂਪਲ ਵੀ ਲਿਆ ਗਿਆ।ਸਭ ਕੁਝ ਨਾਰਮਲ ਆਇਆ।

# ਭਾਰੀ ਬਰਸਾਤ ਤੇ ਪਾਣੀ ਦੀ ਲੀਕੇਜ ਕਾਰਨ ਲੋਕਾਂ ਦੇ ਮਕਾਨ ਡਿੱਗਣ ਕਿਨਾਰੇ



ਮਕਾਨਾਂ 'ਚ ਆਈਆਂ ਤਰੇੜਾਂ ਦੇ ਦ੍ਰਿਸ਼।

ਲੌਂਗੋਵਾਲ (ਪ੍ਰਦੀਪ ਸੱਪਲ)

ਬਟੂਹਾ ਪੱਤੀ ਵਿੱਚ ਗਿੱਲਾਂ ਵਾਲੀ ਗਲੀ ਦੇ ਵਾਸੀਆਂ ਨੂੰ ਪਿਛਲੇ ਦਿਨੀਂ ਲਗਾਤਾਰ ਹੋਈ ਬਰਸਾਤ ਤੇ ਵਾਟਰ ਸਪਲਾਈ ਵਿਭਾਗ ਦੀ ਅਣਗਹਿਲੀ ਕਾਰਨ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਵਾਟਰ ਸਪਲਾਈ ਦੀ ਲੀਕੇਜ਼ ਕਾਰਨ ਇੱਕ ਘਰ ਤੋਂ ਸ਼ੁਰੂ ਹੋਈ ਇਹ ਆਫਤ ਨਿੱਤ ਦਿਨ ਵਧਦੀ ਜਾ ਰਹੀ ਹੈ।ਵਿਜੇ ਕੁਮਾਰ ਪੁੱਤਰ ਧਰਮ ਪਾਲ ਨੇ ਦੱਸਿਆ ਕਿ ਲਗਾਤਾਰ ਹੋਈ ਬਰਸਾਤ ਤੇ ਵਾਟਰ ਸਪਲਾਈ ਦੀ ਲੀਕੇਜ਼ ਕਾਰਨ ਪਹਿਲਾਂ ਇੱਕ ਘਰ ਇਸਦੀ ਲਪੇਟ ਵਿੱਚ ਆਇਆ ਸੀ, ਪ੍ਰੰਤੂ ਕਿਸੇ ਅਧਿਕਾਰੀ ਵੱਲੋਂ ਇੱਥੇ ਧਿਆਨ ਨਾ ਦੇਣ ਕਾਰਨ ਸਾਡੇ ਇਸ ਮੁਹੱਲੇ ਦੇ ਕਈ ਘਰ ਦਿਨੋ-ਦਿਨ ਧਰਤੀ ਵਿੱਚ ਧਸਦੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਉਸਦੇ ਸਮੁੱਚੇ ਪਰਵਾਰ ਨੇ ਕਰੜੇ ਸੰਘਰਸ਼ ਅਤੇ ਸਖਤ ਮਿਹਨਤ ਨਾਲ ਆਪਣੇ ਸਾਰੇ ਜੀਵਨ ਦੀ ਕਮਾਈ ਖਰਚ ਕੇ ਬੜੇ ਸ਼ੌਕ ਨਾਲ ਮਕਾਨ ਬਣਾਇਆ ਸੀ, ਪਰ ਇਹ ਵਾਟਰ ਸਪਲਾਈ ਦੀ ਲੀਕੇਜ ਨਾਲ ਧਰਤੀ ਵਿੱਚ ਧਸਦਾ ਜਾ ਰਿਹਾ ਹੈ।ਹਾਲਾਤ ਇਹ ਬਣ ਗਏ ਹਨ ਕਿ ਉਨ੍ਹਾਂ ਦਾ ਇਹ ਮਕਾਨ ਕਿਸੇ ਵੀ ਸਮੇਂ ਡਿੱਗ ਸਕਦਾ ਹੈ।ਪੀੜਤ ਨੇ ਅੱਗੇ ਦੱਸਿਆ ਕਿ ਮੇਰੇ ਘਰ ਦੇ ਸਾਹਮਣੇ ਵਾਲੇ ਮਕਾਨ ਤੋਂ ਸ਼ੁਰੂ ਹੋਈ ਇਸ ਆਫ਼ਤ ਨੇ ਮੇਰੇ ਗੁਆਂਢ ਵਿਚ ਰਹਿੰਦੇ ਸਵ. ਕੀਰਤੀ ਸ਼ਰਮਾ, ਜਸਵੰਤ ਸਿੰਘ ਗਿੱਲ, ਧੰਨਾ ਸਿੰਘ ਪਮਾਰ, ਜਸਪਾਲ ਸਿੰਘ ਤੋਂ ਇਲਾਵਾ ਕਈ ਹੋਰ ਗੁਆਢੀਆਂ ਦੇ ਘਰ ਲਪੇਟ ਵਿੱਚ ਲੈ ਲਏ ਹਨ, ਜਿਸ ਕਾਰਨ ਇੱਥੇ ਕਿਸੇ ਵੀ ਸਮੇਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।ਮੁਹੱਲਾ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

# ਨਰੇਗਾ ਮਜ਼ਦੂਰਾਂ ਨੇ ਘੇਰਿਆ ਬੀ ਡੀ ਪੀ ਓ ਦਫਤਰ



ਕੋਟਕਪੂਰਾ (ਰਛਪਾਲ ਭੁੱਲਰ)

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ ਤੇ ਮਨਰੇਗਾ ਵਰਕਰ ਯੂਨੀਅਨ (ਸੀਟੂ) ਦੇ ਆਗੂਆਂ ਤੇ ਵਰਕਰਾਂ ਵੱਲੋਂ ਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਵਿਸ਼ਾਲ ਰੋਸ ਧਰਨਾ ਦਿੱਤਾ।ਧਰਨੇ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਗੁਰਤੇਜ ਸਿੰਘ ਹਰੀ ਨੌ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਗੋਰਾ ਸਿੰਘ ਪਿਪਲੀ. ਮਨਰੇਗਾ ਵਰਕਰ ਯੂਨੀਅਨ ਦੇ ਆਗੂ ਸਿਕੰਦਰ ਸਿੰਘ ਔਲਖ ਨੇ ਕਿਹਾ ਕਿ ਪੰਜਾਬ ਤੇ ਸੂਬਾ ਸਰਕਾਰ ਨਰੇਗਾ ਮਜ਼ਦੂਰਾਂ ਦਾ ਹੱਕ ਖੋਹ ਰਹੇ ਹਨ, ਕੰਮ ਬੰਦ ਕੀਤੇ ਹੋਏ ਹਨ, ਜੇਕਰ ਸੰਘਰਸ਼ਾਂ ਤੋਂ ਬਾਅਦ ਥੋੜ੍ਹੇ ਵਿਅਕਤੀਆਂ ਨੂੰ ਕੰਮ ਮਿਲਦਾ ਹੈ ਤਾਂ ਉਹ ਵੀ 10-10 ਕਿਲੋਮੀਟਰ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਮਜ਼ਦੂਰਾਂ ਨੇ ਕੰਮ ਮੰਗਣ ਦੀਆਂ ਅਰਜੀਆਂ ਦਿੱਤੀਆਂ ਹੋਈਆਂ ਹਨ।ਜੇਕਰ 15 ਦਿਨਾਂ ਵਿੱਚ ਕੰਮ ਨਹੀਂ ਮਿਲਦਾ ਤਾਂ ਬੇਰੁਜ਼ਗਾਰੀ ਭੱਤੇ ਦੀ ਅਰਜ਼ੀ ਦੇਣੀ ਹੁੰਦੀ ਹੈ।ਬਲਾਕ ਪ੍ਰਸ਼ਾਸਨ ਵੱਲੋਂ ਭੱਤੇ ਦੀਆਂ ਅਰਜ਼ੀਆਂ ਫੜਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜੋ ਮਜ਼ਦੂਰ ਯੂਨੀਅਨਾਂ ਬਰਦਾਸ਼ਤ ਨਹੀਂ ਕਰਨਗੀਆਂ।ਬਰਸਾਤ ਦੇ ਮਹੀਨਿਆਂ ਕਾਰਨ ਹੋਰ ਕੰਮ ਵੀ ਠੱਪ ਹੋ ਕੇ ਰਹਿ ਗਏ ਹਨ, ਮਜ਼ਦੂਰਾਂ ਦੀ ਇੱਕੋ ਇੱਕ ਆਸ ਦੀ ਕਰਨ ਨਰੇਗਾ ਨੂੰ ਵੀ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਮਜ਼ਦੂਰ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਰਹੇ ਹਨ। ਆਗੂਆਂ ਨੇ ਮੰਗ ਕੀਤੀ ਹੈ ਕਿ ਮਜ਼ਦੂਰਾਂ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।ਪੇਂਡੂ ਮਜ਼ਦੂਰਾਂ ਨੂੰ 200 ਦਿਨ ਕੰਮ ਤੇ 1000 ਦਿਹਾੜੀ ਦਿੱਤੀ ਜਾਵੇ।ਪਿਛਲਾ ਬਕਾਇਆ ਜਲਦ ਤੋਂ ਜਲਦ ਖਾਤਿਆਂ ਵਿੱਚ ਪਾਇਆ ਜਾਵੇ, ਪੰਜ ਕਿਲੋਮੀਟਰ ਦੂਰ ਕੰਮ ਕਰਨ ਤੇ ਕਿਰਾਇਆ ਭੱਤਾ ਦਿੱਤਾ ਜਾਵੇ। ਜੇਕਰ ਸਰਕਾਰ ਨੇ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਮਜ਼ਦੂਰ ਵੱਡੀ ਪੱਧਰ ਤੇ ਧਰਨੇ ਮੁਜਾਹਰੇ ਅਤੇ ਭੁੱਖ ਹੜਤਾਲ ਕਰਨ ਤੋਂ ਗੁਰੇਜ਼ ਨਹੀਂ ਕਰਨਗੇ।ਮੌਕੇ 'ਤੇ ਹਾਜ਼ਰ ਪੰਚਾਇਤ ਅਫ਼ਸਰ ਨੇ ਹੜ੍ਹਾਂ ਕਾਰਨ ਡਿੱਗੇ ਮਕਾਨਾਂ ਦਾ ਸਰਵੇ ਚਲਦਾ ਹੋਣ ਦੀ ਮਜਬੂਰੀ ਦੱਸੀ ਤੇ ਅਗਲੇ ਦਿਨਾਂ ਵਿੱਚ ਉਕਤ ਮੰਗਾ ਪੂਰੀਆਂ ਕਰਨ ਦਾ ਭਰੋਸਾ ਦਿੱਤਾ।

ਮਜ਼ਦੂਰਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਸਮੇਂ ਬੁਲਾਰਿਆਂ ਤੋਂ ਇਲਾਵਾ ਬਲਕਾਰ ਸਿੰਘ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ,ਅਤੇ ਮਨਰੇਗਾ ਵਰਕਰ ਯੂਨੀਅਨ (ਸੀਟੂ) ਦੇ ਆਗੂਆਂ ਅਤੇ ਵਰਕਰਾਂ ਵੱਲੋਂ ਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਵਿਸ਼ਾਲ ਰੋਸ ਧਰਨਾ ਦਿੱਤਾ।

## ਕਾਤਰਾਂ

### ਡਾ. ਕਲੇਰ ਨੇ ਮੈਡੀਕਲ ਅਫ਼ਸਰ ਵਜੋਂ ਅਹੁਦਾ ਸੰਭਾਲਿਆ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ ਵਧੀਆ ਸਿਹਤ ਸਹੂਲਤਾਂ ਦੇਣ ਲਈ ਕਾਫ਼ੀ ਸਮੇਂ ਬਾਅਦ ਸਿਹਤ ਵਿਭਾਗ ਵੱਲੋਂ ਨਵੇਂ ਡਾਕਟਰਾਂ ਕੀਤੀ ਗਈ ਰੈਗੂਲਰ ਭਰਤੀ ਦੌਰਾਨ ਸੀ ਐਚ ਸੀ ਵਿਖੇ ਨਵੇਂ ਤਿੰਨ ਡਾਕਟਰਾਂ ਨੂੰ ਤਾਇਨਾਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਡਾ. ਕੰਵਰਪੁਨੀਤ ਸਿੰਘ ਕਲੇਰ ਨੇ ਬਤੌਰ ਮੈਡੀਕਲ ਅਫ਼ਸਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਡਾ. ਗੁਰਤੇਜਿੰਦਰ ਕੌਰ ਸੀਨੀਅਰ ਮੈਡੀਕਲ ਅਫ਼ਸਰ, ਡਾ. ਲਵਦੀਪ ਸਿੰਘ ਮੈਡੀਕਲ ਅਫ਼ਸਰ, ਡਾ. ਨਵਨੀਤ ਬਾਂਸਲ, ਬਲਜੀਤ ਸਿੰਘ ਉਪ ਵੈਦ ਤੇ ਹੋਰ ਦਫ਼ਤਰੀ ਸਟਾਫ਼ ਹਾਜ਼ਰ ਸੀ।ਇਸ ਮੌਕੇ ਡਾ. ਕੰਵਰਪੁਨੀਤ ਸਿੰਘ ਕਲੇਰ ਨੇ ਦੱਸਿਆ ਕਿ ਉਨ੍ਹਾਂ ਨੇ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਤੋਂ ਮੈਡੀਕਲ ਦੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਲੋਕਾਂ ਦੀ ਸੇਵਾ ਕਰਨ ਨੂੰ ਪਹਿਲ ਦੇ ਕੇ ਬਣਦੀ ਜ਼ਿੰਮੇਵਾਰੀ ਨੂੰ ਵਧੇਰੇ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ ।

### ਡਾ. ਮੋਹਿਤ ਜਿੰਦਲ ਨੇ ਡੇਂਗੂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਮਾਨਸੂਨ ਮੌਸਮ ਦੌਰਾਨ ਡੇਂਗੂ ਬੁਖ਼ਾਰ ਦੇ ਮਾਮਲਿਆਂ ਵਿੱਚ ਵਾਧੇ ਦੇ ਮੱਦੇਨਜ਼ਰ ਮਸ਼ਹੂਰ ਡਾਕਟਰ ਡਾ. ਮੋਹਿਤ ਜਿੰਦਲ (ਐਮ.ਡੀ. ਮੈਡੀਸਨ, ਐਕਸ ਏਮਜ਼ ਬਠਿੰਡਾ, ਐਕਸ-ਹੀਰੋ ਡੀਐਮਸੀ ਲੁਧਿਆਣਾ) ਨੇ ਲੋਕਾਂ ਨੂੰ ਡੇਂਗੂ ਸੰਬੰਧੀ ਸਖ਼ਤ ਸਾਵਧਾਨੀਆਂ ਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ।ਡਾ. ਜਿੰਦਲ ਨੇ ਦੱਸਿਆ ਕਿ ਡੇਂਗੂ ਏਡੀਜ਼ ਮੱਛਰ ਦੇ ਡੰਗ ਨਾਲ ਹੁੰਦਾ ਹੈ, ਜੋ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਉੱਚ ਬੁਖ਼ਾਰ, ਭਾਰੀ ਸਿਰਦਰਦ, ਜੋੜਾਂ ਤੇ ਮਾਸਪੇਸ਼ੀਆਂ ਵਿੱਚ ਦਰਦ, ਉਲਟੀ ਅਤੇ ਚਮੜੀ 'ਤੇ ਦਾਨਿਆਂ ਵਰਗੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।ਡਾ. ਜਿੰਦਲ ਨੇ ਸਾਫ਼ ਕੀਤਾ ਕਿ ਡੇਂਗੂ ਲਈ ਕੋਈ ਖ਼ਾਸ ਐਂਟੀਵਾਇਰਲ ਦਵਾਈ ਨਹੀਂ ਹੈ, ਪਰ ਸਮੇਂ ਸਿਰ ਇਲਾਜ ਨਾਲ ਮਰੀਜ਼ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ।ਉਨ੍ਹਾਂ ਖ਼ਾਸ ਤੌਰ 'ਤੇ ਚੇਤਾਵਨੀ ਦਿੱਤੀ ਕਿ ਲੋਕ ਆਪਣੇ ਆਪ ਦਵਾਈ ਨਾ ਲੈਣ, ਖ਼ਾਸਕਰ ਐਸਪ੍ਰਿਨ ਤੇ ਆਈਬੂਪ੍ਰੋਫੇਨ ਵਰਗੀਆਂ ਗੋਲੀਆਂ, ਕਿਉਂਕਿ ਇਨ੍ਹਾਂ ਨਾਲ ਖ਼ੂਨ ਵਗਣ ਦਾ ਖ਼ਤਰਾ ਵਧ ਜਾਂਦਾ ਹੈ।

### ਮੀਮਸਾ ਮੰਡੀ ਦਾ ਫੜ੍ਹ ਪੱਕਾ ਕਰਾਉਣ ਲਈ ਮੰਗ ਪੱਤਰ ਸੌਂਪਿਆ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂਆਂ ਨੇ ਗੁਰਜੀਤ ਸਿੰਘ ਸੋਹੀ ਸੀ. ਮੀਤ ਪ੍ਰਧਾਨ ਅਤੇ ਬਲਵਿੰਦਰ ਸਿੰਘ ਜੱਖਲਾਂ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਹੇਠ ਐੱਸ.ਡੀ.ਐੱਮ ਤੇ ਮੁੱਖ ਮੰਤਰੀ ਦੇ ਨਾਂਅ ਤਹਿਸੀਲਦਾਰ ਧੂਰੀ ਨੂੰ ਮੰਗ ਪੱਤਰ ਸੌਂਪਿਆ। ਆਗੂਆਂ ਨੇ ਦੱਸਿਆ ਕਿ ਖਰੀਦ ਕੇਂਦਰ ਮੀਮਸਾ ਦੇ ਫੜ ਨੂੰ ਨਵੇਂ ਸਿਰੇ ਤੋਂ ਬਣਾਉਣ ਦੇ ਕੰਮ ਦਾ ਉਦਘਾਟਨ ਫਰਵਰੀ 2025 ਵਿੱਚ ਕੀਤਾ ਗਿਆ ਸੀ, ਜਿਸ ਕਾਰਨ ਮੰਡੀ ਦੀ ਪੁਟਾਈ ਕੀਤੀ ਗਈ ਸੀ, ਪਰ ਕੰਮ ਅਧੂਰਾ ਪਿਆ ਹੈ।ਫ਼ਸਲ ਦੀ ਖਰੀਦ ਸ਼ੁਰੂ ਹੋਣ ਵਿੱਚ ਬਹੁਤ ਥੋੜਾ ਸਮਾਂ ਰਹਿੰਦਾ ਹੈ, ਝੋਨੇ ਦੀ ਖਰੀਦ 15 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ, ਪਰ ਫੜ ਦਾ ਕੰਮ ਅਧੂਰਾ ਹੋਣ ਕਾਰਨ ਬਹੁਤ ਮੁਸ਼ਕਲ ਪੇਸ਼ ਆਵੇਗੀ।

# ਕੋਟ ਕਰੋੜ ਕਲਾਂ ਟੋਲ ਪਲਾਜ਼ਾ 'ਤੇ ਕਾਮਿਆਂ ਦਾ ਸੰਘਰਸ਼ ਤੇਜ਼, ਦੂਜੇ ਦਿਨ ਵੀ ਧਰਨਾ ਜਾਰੀ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਬਠਿੰਡਾ-ਅੰਮ੍ਰਿਤਸਰ ਨੈਸ਼ਨਲ ਹਾਈਵੇ 54 'ਤੇ ਸਥਿਤ ਕੋਟ ਕਰੋੜ ਕਲਾਂ ਟੋਲ ਪਲਾਜ਼ਾ ਵਿਖੇ ਕਾਮਿਆਂ ਦਾ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ। ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਪਲਾਜ਼ਾ ਦੇ 60 ਦੇ ਕਰੀਬ ਕਾਮਿਆਂ ਨੇ ਕੱਲ੍ਹ ਸਵੇਰੇ 10 ਵਜੇ ਤੋਂ ਹੀ ਬੈਰੀਅਰ ਚੁੱਕ ਕੇ ਟੋਲ ਨੂੰ ਪਰਚੀ-ਮੁਕਤ ਕਰ ਦਿੱਤਾ ਹੈ, ਜਿਸ ਕਾਰਨ ਲੰਘਣ ਵਾਲੇ ਸਾਰੇ ਵਾਹਨ ਬਿਨਾਂ ਕੋਈ ਫੀਸ ਦਿੱਤੇ ਇੱਥੋਂ ਲੰਘ ਰਹੇ ਹਨ। ਕਾਮਿਆਂ ਦਾ ਇਹ ਸੰਘਰਸ਼ ਉਸ ਸਮੇਂ ਸ਼ੁਰੂ ਹੋਇਆ, ਜਦੋਂ ਪਲਾਜ਼ਾ ਦੇ ਟੈਂਡਰ ਵਿਚ ਬਦਲਾਅ ਹੋਇਆ ਤੇ ਪੁਰਾਣੀ ਕੰਪਨੀ, ਰਾਇਲ ਦੀਪ ਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਨੇ ਕਾਮਿਆਂ ਦੀਆਂ ਬਕਾਇਆ ਤਨਖਾਹਾਂ ਦੇਣ ਤੋਂ ਆਨਾਕਾਨੀ ਕਰਨੀ ਸ਼ੁਰੂ ਕਰ ਦਿੱਤੀ। ਧਰਨੇ ਦੀ ਅਗਵਾਈ ਕਰ ਰਹੇ ਕਾਮਿਆਂ ਦੇ ਆਗੂ ਸੰਦੀਪ ਸਿੰਘ ਖੋਸਾ ਕੋਟਲਾ ਤੇ ਸੁਖਜੀਤ ਸਿੰਘ ਖੋਸਾ ਕੋਟ ਕਰੋੜੀਆ ਨੇ ਦੱਸਿਆ ਕਿ ਪਲਾਜ਼ਾ ਦਾ ਟੈਂਡਰ ਹੁਣ ਕਿਸੇ ਹੋਰ ਕੰਪਨੀ ਨੂੰ ਦੇ ਦਿੱਤਾ ਗਿਆ ਹੈ, ਪਰ ਪੁਰਾਣੀ ਕੰਪਨੀ ਦੀ ਨੀਅਤ ਕਥਿਤ ਤੌਰ 'ਤੇ ਠੀਕ ਨਹੀਂ ਜਾਪ ਰਹੀ। ਉਹ ਇੱਥੇ ਕੰਮ ਕਰਦੇ 60 ਪੁਰਸ਼ਾਂ ਅਤੇ ਔਰਤਾਂ ਦੀ ਤਨਖਾਹ ਦੇਣ ਤੋਂ ਕੰਨੀ ਕਤਰਾ ਰਹੇ ਹਨ। ਆਮ ਤੌਰ 'ਤੇ ਹਰ ਮਹੀਨੇ ਦੀ 6 ਜਾਂ 7 ਤਰੀਕ ਨੂੰ ਤਨਖਾਹ ਮਿਲ ਜਾਂਦੀ ਸੀ, ਪਰ ਇਸ ਵਾਰ 8 ਸਤੰਬਰ ਦਾ ਦਿਨ ਲੰਘਣ ਦੇ ਬਾਵਜੂਦ ਵੀ ਕੰਪਨੀ ਨੇ ਕਾਮਿਆਂ ਨਾਲ ਕੋਈ ਰਾਬਤਾ ਕਾਇਮ ਨਹੀਂ ਕੀਤਾ। ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਕੰਪਨੀ ਪਿਛਲੇ ਮਹੀਨੇ ਕਿਸਾਨਾਂ ਦੇ ਧਰਨੇ ਕਾਰਨ ਕੰਮ ਪ੍ਰਭਾਵਿਤ ਹੋਏ 9 ਦਿਨਾਂ ਦੀ ਤਨਖਾਹ ਵੀ ਕੱਟਣ ਦਾ ਮਨ ਬਣਾ ਰਹੀ ਹੈ। ਆਗੂਆਂ ਨੇ ਦੱਸਿਆ ਕਿ ਕੰਪਨੀ ਨੇ ਸੂਬੇ ਦੀ ਟੋਲ ਪਲਾਜ਼ਾ ਵਰਕਰਜ਼ ਯੂਨੀਅਨ ਨੂੰ 2 ਦਿਨਾਂ ਵਿਚ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ, ਪਰ ਉਸ ਵਾਅਦੇ ਤੋਂ ਮੁੱਕਰਨ 'ਤੇ ਹੀ ਅੱਜ ਇਹ ਧਰਨਾ ਲਾਉਣਾ ਪਿਆ। ਉਨ੍ਹਾਂ ਦੋਸ਼ ਲਾਇਆ ਕਿ ਕੰਪਨੀ ਪੀਐੱਫ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਬਿਨਾਂ ਹੀ ਕਾਮਿਆਂ ਨੂੰ ਨਗਦ ਤਨਖਾਹਾਂ ਦਿੰਦੀ ਸੀ। ਕਾਮਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਸਾਰੀਆਂ ਬਕਾਇਆ ਤਨਖਾਹਾਂ ਦਾ ਭੁਗਤਾਨ ਨਹੀਂ ਹੋ ਜਾਂਦਾ, ਇਹ ਧਰਨਾ ਚੱਲਦਾ ਰਹੇਗਾ ਅਤੇ ਟੋਲ ਪਰਚੀ ਬੰਦ ਰਹੇਗੀ। ਇਸ ਸੰਘਰਸ਼ ਵਿਚ ਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਰੀ ਸਿੰਘ, ਬਘੇਲ ਸਿੰਘ, ਜੋਤੀ ਵਰਮਾ, ਰੇਸ਼ਮਾ ਯਾਦਵ, ਕਮਲ ਕੌਰ, ਗੁਰਜੀਤ ਕੌਰ, ਹਰਦੀਪ ਕੌਰ ਤੇ ਅਰਸ਼ਪ੍ਰੀਤ ਕੌਰ ਸਮੇਤ ਕਈ ਹੋਰ ਕਾਮੇ ਵੀ ਸ਼ਾਮਲ ਹਨ। ਹਾਲਾਂਕਿ, ਪ੍ਰਦਰਸ਼ਨ ਕਾਰਨ ਮਾਮਲਾ ਹੱਲ ਕਰਨ ਲਈ ਠੇਕੇਦਾਰ ਕੰਪਨੀ ਦੇ ਅਧਿਕਾਰੀਆਂ ਨਾਲ ਗੱਲਬਾਤ ਸ਼ੁਰੂ ਹੋ ਗਈ ਹੈ।

# 24 ਗ੍ਰਾਮ ਹੈਰੋਇਨ ਸਮੇਤ 4 ਗ੍ਰਿਫ਼ਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 24 ਗ੍ਰਾਮ ਹੈਰੋਇਨ ਸਮੇਤ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਥਾਣਿਆਂ ਵਿੱਚ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਲਈ ਰਵਾਨਾ ਸੀ ਤਾਂ ਇਸ ਦੌਰਾਨ ਸੰਜੂ ਪੁੱਤਰ ਕ੍ਰਿਸ਼ਨ ਲਾਲ ਵਾਰਡ ਨੰਬਰ 3 ਬਸਤੀ ਭੱਟੀਆਂ ਵਾਲੀ ਫ਼ਿਰੋਜ਼ਪੁਰ ਸ਼ਹਿਰ ਨੂੰ ਕਾਬੂ ਕਰਕੇ ਉਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਲਈ ਰਵਾਨਾ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਲਵਪ੍ਰੀਤ ਸਿੰਘ ਪੁੱਤਰ ਬਿਕਰਮ ਸਿੰਘ ਵਾਸੀ ਮਾਨਸਾ ਸਿਲਵਰ ਸਿਟੀ ਕਲੋਨੀ ਬਠਿੰਡਾ ਨੂੰ ਦੌਰਾਨੇ ਨਾਕਾਬੰਦੀ ਕਾਨਵੈਂਟ ਸਕੂਲ ਫ਼ਿਰੋਜ਼ਪੁਰ ਪਾਸੋਂ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਘੱਲਖੁਰਦ ਪੁਲਿਸ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਤਲਵੰਡੀ ਫ਼ਰੀਦਕੋਟ ਨਹਿਰ ਤੋਂ ਲਾਈਟਾਂ ਦੀ ਰੌਸ਼ਨੀ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਗੁਰਚਰਨ ਸਿੰਘ ਉਰਫ ਰਾਜੂ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਫ਼ਿਰੋਜ਼ਸ਼ਾਹ ਪੈਦਲ ਆਉਂਦਾ ਵਿਖਾਈ ਦਿੱਤਾ, ਜਿਸ ਨੇ ਸੱਜੀ ਜੇਬ 'ਚੋਂ ਇੱਕ ਪਾਰਦਰਸ਼ੀ ਲਿਫ਼ਾਫ਼ਾ ਜੇਬ ਵਿਚੋਂ ਕੱਢ ਕੇ ਸੁੱਟ ਦਿੱਤਾ, ਜਿਸ ਨੂੰ ਕਾਬੂ ਕਰਕੇ ਮੋਮੀ ਲਿਫ਼ਾਫ਼ਾ ਚੈੱਕ ਕੀਤਾ ਤਾਂ ਉਸ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਤਲਵੰਡੀ ਭਾਈ ਪੁਲਿਸ ਦੇ ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਵਾਰਡ ਨੰਬਰ 13 ਤਲਵੰਡੀ ਭਾਈ ਹੈਰੋਇਨ ਵੇਚਣ ਦਾ ਆਦੀ ਹੈ, ਜੋ ਅੱਜ ਵੀ ਹੈਰੋਇਨ ਵੇਚ ਰਿਹਾ ਹੈ। ਪੁਲਸ ਨੇ ਦੱਸਿਆ ਕਿ ਕਰਮਿੱਤੀ ਗੇਟ 'ਤੇ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ। ਮਾਮਲਾ ਦਰਜ ਕਰ ਲਿਆ ਗਿਆ ਹੈ।

# ਹੜ੍ਹਾਂ 'ਚ ਪਾਵਰਕਾਮ ਨੂੰ 50 ਕਰੋੜ ਤੋਂ ਵੱਧ ਹੋਇਆ ਨੁਕਸਾਨ

## ਇੰਜੀਨੀਅਰਾਂ ਵੱਲੋਂ ਇੱਕ ਦਿਨ ਦੀ ਤਨਖਾਹ ਦੇਣ ਦਾ ਐਲਾਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਭਾਰੀ ਮੀਂਹ ਤੇ ਉਸ ਤੋਂ ਬਾਅਦ ਆਏ ਹੜ੍ਹਾਂ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਨੂੰ 50 ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋਇਆ ਹੈ, ਜੋ ਜੋ ਪਾਣੀ ਹਟਣ ਤੋਂ ਬਾਅਦ ਹੋਰ ਵੀ ਵਧ ਸਕਦਾ ਹੈ।ਪੀਐਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਜੈ ਪਾਲ ਸਿੰਘ ਅਟਵਾਲ ਨੇ ਦੱਸਿਆ ਕਿ ਲਗਾਤਾਰ ਮੀਂਹ ਤੇ ਹੜ੍ਹਾਂ ਨੇ ਪਾਵਰਕਾਮ ਨੂੰ ਹਿਲਾ ਕੇ ਰੱਖ ਦਿੱਤਾ ਹੈ।ਹਜ਼ਾਰਾਂ ਬਿਜਲੀ ਦੇ ਖੰਭੇ, ਸਪਲਾਈ ਲਾਈਨਾਂ ਅਤੇ ਟਰਾਂਸਫਾਰਮਰ ਬਰਬਾਦ ਹੋ ਗਏ ਹਨ। ਹਜ਼ਾਰਾਂ ਪਿੰਡਾਂ ਵਿੱਚ ਬਿਜਲੀ ਬੰਦ ਹੈ, ਜਦਕਿ 2300 ਟਰਾਂਸਫਾਰਮਰ ਤੇ ਕਰੀਬ 8 ਹਜ਼ਾਰ ਕਿਲੋਮੀਟਰ ਤਾਰਾਂ ਹੜ੍ਹ ਦੀ ਭੇਟ ਚੜ੍ਹ ਗਈਆਂ ਹਨ।

ਅਟਵਾਲ ਨੇ ਦੱਸਿਆ ਕਿ ਸਰਹੱਦੀ ਇਲਾਕੇ ਸਭ ਤੋਂ ਵੱਧ ਪ੍ਰਭਾਵਤ ਹਨ, ਜਿੱਥੇ ਪਾਣੀ ਭਰਨ ਤੇ ਟੁੱਟੇ ਬੰਨਾਂ ਨੇ ਬਿਜਲੀ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ।ਉਨ੍ਹਾਂ ਕਿਹਾ ਕਿ ਪਾਣੀ ਪੂਰੀ ਤਰ੍ਹਾਂ ਹਟਣ 'ਤੇ ਨੁਕਸਾਨ ਹੁਣ ਦੇ ਅੰਦਾਜ਼ੇ ਤੋਂ ਕਈ ਗੁਣਾ ਵੱਧ ਹੋ ਸਕਦਾ ਹੈ।ਅਧਿਕਾਰੀਆਂ ਨੇ ਕਿਹਾ ਕਿ ਹਾਲਾਂਕਿ ਨੁਕਸਾਨ ਭਾਰੀ ਹੈ, ਪਰ ਇੰਜੀਨੀਅਰਾਂ ਅਤੇ ਲੋਕਾਂ ਦੀ ਏਕਤਾ ਅਤੇ ਸੇਵਾ-ਭਾਵਨਾ ਨਾਲ ਪੰਜਾਬ ਇਸ ਸੰਕਟ 'ਤੇ ਕਾਬੂ ਪਾ ਲਵੇਗਾ।ਅਟਵਾਲ ਨੇ ਕਿਹਾ ਕਿ ਸਾਡਾ ਬਿਜਲੀ ਢਾਂਚਾ ਮੁੜ ਬਣ ਸਕਦਾ ਹੈ, ਪਰ ਇਸ ਮੁਸ਼ਕਲ ਵੇਲੇ ਦਿਖਾਈ ਏਕਤਾ ਤੇ ਸੇਵਾ ਦੀ ਭਾਵਨਾ ਅਮੁੱਲ ਹੈ।

ਬਿਜਲੀ ਬੰਦ ਹੋਣ ਕਰਕੇ ਕਿਸਾਨਾਂ ਦੇ ਟਿਊਬਵੈੱਲ ਤੇ ਸਿੰਚਾਈ ਪ੍ਰਣਾਲੀਆਂ ਠੱਪ ਹੋ ਗਈਆਂ ਹਨ, ਜਿਸ ਕਾਰਨ ਹੜ੍ਹਾਂ ਨਾਲ ਖਰਾਬ ਹੋਈਆਂ ਫ਼ਸਲਾਂ ਦੀ ਹਾਲਤ ਹੋਰ ਖ਼ਰਾਬ ਹੋ ਰਹੀ ਹੈ।ਇਸ ਮੁਸ਼ਕਲ ਘੜੀ ਵਿੱਚ ਵੀ ਪਾਵਰਕਾਮ ਦੇ 22 ਹਜ਼ਾਰ ਤੋਂ ਵੱਧ ਕ੍ਰਮਚਾਰੀ ਰਾਤ-ਦਿਨ ਮਿਹਨਤ ਕਰਕੇ ਬਿਜਲੀ ਸਪਲਾਈ ਬਹਾਲ ਕਰਨ ਵਿੱਚ ਲੱਗੇ ਹੋਏ ਹਨ।ਹਸਪਤਾਲਾਂ, ਪਾਣੀ ਸਪਲਾਈ ਪ੍ਰਣਾਲੀ ਤੇ ਰਾਹਤ ਕੈਂਪਾਂ ਨੂੰ ਤਰਜੀਹ ਦੇ ਕੇ ਬਿਜਲੀ ਦਿੱਤੀ ਜਾ ਰਹੀ ਹੈ, ਹਾਲਾਂਕਿ ਪਿੰਡਾਂ ਦਾ ਵੱਡਾ ਹਿੱਸਾ ਅਜੇ ਵੀ ਹਨੇਰੇ ਵਿੱਚ ਹੈ। ਇੰਜੀਨੀਅਰਾਂ ਨੇ ਦੱਸਿਆ ਕਿ ਜਿੱਥੇ ਟਰਾਂਸਫਾਰਮਰ ਤੇ ਲਾਈਨਾਂ ਅਜੇ ਵੀ ਪਾਣੀ ਹੇਠ ਹਨ, ਉੱਥੇ ਮੁਰੰਮਤ ਕਰਨਾ ਸੰਭਵ ਨਹੀਂ।ਸੁਰੱਖਿਆ ਕਾਰਨ, ਪਾਣੀ ਹਟਣ ਦੀ ਉਡੀਕ ਕਰਨੀ ਪੈਂਦੀ ਹੈ।ਇਸ ਕਰਕੇ ਪੂਰੀ ਬਹਾਲੀ ਵਿੱਚ ਕਈ ਹਫ਼ਤੇ ਲੱਗ ਸਕਦੇ ਹਨ।

ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਧੀਮਾਨ ਨੇ ਐਲਾਨ ਕੀਤਾ ਕਿ ਸਾਰੇ ਇੰਜਨੀਅਰ ਮੌਜੂਦਾ ਤੇ ਸੇਵਾਮੁਕਤ ਆਪਣੀ ਇੱਕ ਦਿਨ ਦੀ ਤਨਖਾਹ ਅਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਕੋਸ਼ ਲਈ ਦੇਣਗੇ।

# 26 ਪਿੰਡਾਂ 'ਚ ਅਗਲੇ ਹੁਕਮਾਂ ਤੱਕ ਕੋਈ ਸਕੂਲ ਨਹੀਂ ਖੁੱਲ੍ਹੇਗਾ

ਮੂਣਕ (ਰਾਜਪਾਲ ਸਿੰਗਲਾ)-ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਤੇ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦੇ ਖਦਸ਼ੇ ਦੇ



ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਦੇ 26 ਪਿੰਡਾਂ ਵਿੱਚ ਪੈਂਦੇ ਸਾਰੇ ਸਕੂਲਾਂ ਤੇ ਹੋਰ ਪਿੰਡਾਂ ਦੇ 24 ਸਕੂਲਾਂ ਨੂੰ ਅਗਲੇ ਹੁਕਮਾਂ ਤੱਕ ਬੰਦ ਰੱਖਣ ਦਾ ਹੁਕਮ ਜਾਰੀ ਕੀਤਾ ਹੈ। ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ ਸਿਖਿ) ਅਨੁਸਾਰ ਬਰਸਾਤ ਜਾਂ ਹੜ੍ਹਾਂ ਕਰਨ ਜਿਨ੍ਹਾਂ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਭਾਵਿਤ ਹੋਇਆ ਹੈ, ਜਿਸ ਕਾਰਨ ਇਹ ਸਕੂਲ ਨਹੀਂ ਖੁੱਲ੍ਹ ਰਹੇ, ਉਹਨਾਂ ਵਿੱਚ ਬਲਾਕ ਸੰਗਰੂਰ-1 ਦਾ ਸ.ਸ.ਸ.ਸ. ਕਾਂਝਲਾ, ਬਲਾਕ ਸੰਗਰੂਰ-2 ਦੇ ਸ.ਸ.ਸ.ਸ. ਭਵਾਨੀਗੜ੍ਹ ਕੰਨਿਆ, ਸ.ਸ.ਸ.ਸ. ਚੰਨੋ, ਸ.ਹ.ਸ. ਪਲਾਸੌਰ, ਸ.ਹ.ਸ. ਕਾਕੜਾ, ਬਲਾਕ ਲਹਿਰਾਗਾਗਾ ਦੇ ਸ.ਸ.ਸ.ਸ. ਹਰਿਆਊ, ਸ.ਸ.ਸ.ਸ. ਲਹਿਰਾਗਾਗਾ, ਸ.ਸ.ਸ.ਸ. ਭੂਟਾਲ ਖੁਰਦ, ਬਲਾਕ ਮੂਨਕ ਦਾ ਸ.ਸ.ਸ.ਸ. ਮੂਨਕ (ਕ), ਬਲਾਕ ਧੂਰੀ ਦਾ ਸ.ਮਿ.ਸ. ਪੇਧਨੀ, ਸ.ਮਿ.ਸ. ਬੱਬਨਪੁਰ, ਸ.ਮਿ.ਸ. ਹਸਨਪੁਰ, ਸ.ਸ.ਸ.ਸ. ਧੂਰੀ ਕੰਨਿਆ, ਬਲਾਕ ਸ਼ੇਰਪੁਰ ਦੇ ਸ.ਹ.ਸ. ਮਹਿਮਦਪੁਰ, ਸ.ਸ.ਸ.ਸ. ਸ਼ੇਰਪੁਰ, ਸ.ਸ.ਸ.ਸ. ਮੂਲੋਵਾਲ, ਬਲਾਕ ਚੀਮਾ ਦਾ ਸ.ਹ.ਸ. ਕਿਲ੍ਹਾ ਭਰੀਆਂ, ਬਲਾਕ ਸੁਨਾਮ-1ਦਾ ਸ.ਹ.ਸ. ਰਾਮਗੜ੍ਹ ਜਵੰਧੇ, ਸੁਨਾਮ-2 ਦਾ ਸ.ਸ.ਸ.ਸ. ਲਾਡਬਨਜਾਰਾ, ਸ.ਹ.ਸ. ਬਲਿਆਲ ਸ਼ਾਮਲ ਹਨ।ਇਨ੍ਹਾਂ ਤੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਦੀ ਰਿਪੋਰਟ ਮੁਤਾਬਕ ਜਿਨ੍ਹਾਂ ਸਕੂਲਾਂ ਦਾ ਢਾਂਚਾ ਪ੍ਰਭਾਵਿਤ ਹੋਇਆ ਹੈ ਤੇ ਬੰਦ ਰਹਿਣਗੇ, ਉਨ੍ਹਾਂ ਵਿੱਚ ਬਲਾਕ ਲਹਿਰਾਗਾਗਾ ਦਾ ਸ.ਪ.ਸ. ਚੰਗਾਲੀਵਾਲਾ, ਬਲਾਕ ਸੰਗਰੂਰ-1 ਦੇ ਸ.ਪ.ਸ. ਰਾਮਨਗਰ ਬਸਤੀ ਸੰਗਰੂਰ, ਸ.ਪ.ਸ.ਬੇਨੜਾ -1 ਅਤੇ ਬਲਾਕ ਸੁਨਾਮ-2 ਦਾ ਸ.ਪ.ਸ. ਦਿੜ੍ਹਬਾ ਸ਼ਾਮਲ ਹਨ।

# ਸੰਯੁਕਤ ਕਿਸਾਨ ਮੋਰਚੇ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਕੈਂਪ ਸਥਾਪਤ ਕੀਤੇ




ਜਲਾਲਾਬਾਦ (ਪਰਮਜੀਤ ਢਾਬਾਂ)

ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ ਫ਼ੈਸਲੇ ਅਨੁਸਾਰ ਬਲਾਕ ਜਲਾਲਾਬਾਦ ਦੀ ਮੀਟਿੰਗ ਹਰਮੀਤ ਸਿੰਘ ਢਾਬਾਂ ਦੀ ਪ੍ਰਧਾਨਗੀ ਹੇਠ ਮਾਰਕੀਟ ਕਮੇਟੀ ਦਫਤਰ ਵਿੱਚ ਕੀਤੀ ਗਈ। ਮੀਟਿੰਗ ਵਿੱਚ ਫੈਸਲਾ ਕਰਕੇ ਹੜ ਪ੍ਰਭਾਵਤ ਲੋਕਾਂ ਲਈ ਜ਼ਿਲ੍ਹੇ ਅੰਦਰ ਦੋ ਥਾਵਾਂ ਤੇ ਰਾਹਤ ਕੈਂਪ ਸਥਾਪਤ ਕੀਤੇ ਗਏ।

ਕੈਂਪ ਦੌਰਾਨ ਬਕਾਇਦਾ ਮੋਰਚੇ ਵੱਲੋਂ ਨੰਬਰ ਵੀ ਜਾਰੀ ਕੀਤੇ ਗਏ। ਜੋ ਵੀ ਦਾਨੀ ਸੱਜਣ ਹੜ੍ਹ ਪੀੜਤਾਂ ਦੀ ਸਹਾਇਤਾ ਕਰਨੀ ਚਾਹੁੰਦਾ ਹਨ, ਇਨ੍ਹਾਂ ਰਾਹਤ ਕੈਂਪਾਂ ਤੇ ਆਪਣੀ ਸਹਾਇਤਾ ਜਮ੍ਹਾਂ ਕਰਾ ਸਕਦਾ ਹੈ ਜਾਂ ਕੋਈ ਵੀ ਹੜ੍ਹ ਪੀੜਤ ਆਪਣੀ ਲੋੜਾਂ ਸੰਬੰਧੀ ਮੋਰਚੇ ਦੇ ਆਗੂਆਂ ਨਾਲ ਸੰਪਰਕ ਕਰ ਸਕਦਾ ਹੈ।ਜਲਾਲਾਬਾਦ 'ਚ ਇਹ ਕੈਂਪ ਕੰਬੋਜ ਫਰਨੀਚਰ ਕੋਲ ਤੇ ਲਾਧੂਕਾ ਵਿਚ ਇਹ ਕੈਂਪ ਅਨਾਜ ਮੰਡੀ ਦੇ ਵਿੱਚ 40 ਨੰਬਰ ਦੁਕਾਨ 'ਤੇ ਸਥਾਪਤ ਕੀਤੇ ਗਏ ਹਨ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਔਰਤ ਵਿੰਗ ਦੇ ਕਨਵੀਨਰ ਰਾਜ਼ ਕੌਰ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਕ੍ਰਿਸ਼ਨ ਧਰਮੂ ਵਾਲਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮਨਦੀਪ ਸਿੰਘ, ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਢਾਬਾਂ, ਪ੍ਰਧਾਨ ਜਸਕਰਨ ਸਿੰਘ ਪੱਕਾ ਕਾਲੇ ਵਾਲਾ, ਬਗੀਚਾ ਸਿੰਘ ਨੇ ਕਿਹਾ ਕਿ ਹੜ੍ਹਾਂ ਨੇ ਪੂਰੇ ਪੰਜਾਬ ਵਿੱਚ ਬੁਰੀ ਤਰ੍ਹਾਂ ਤਬਾਹੀ ਮਚਾਈ ਹੈ, ਜਿਸ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ। ਇਨ੍ਹਾਂ ਹੜ੍ਹਾਂ ਵਿੱਚ ਸਰਕਾਰ ਦੀ ਨਲਾਇਕੀ ਸਾਹਮਣੇ ਆਈ ਹੈ, ਜਿੱਥੇ ਬੰਨ੍ਹਾਂ ਦੀ ਜ਼ਰੂਰਤ ਸੀ, ਬੰਨ੍ਹ ਪੱਕੇ ਨਹੀਂ ਕੀਤੇ ਗਏ।ਬਰਸਾਤੀ ਨਾਲਿਆਂ ਦੀ ਕਿਤੇ ਕੋਈ ਸਫਾਈ ਨਹੀਂ ਕੀਤੀ ਗਈ, ਜਿਸ ਕਾਰਨ ਬਹੁਤ ਸਾਰੇ ਥਾਂਵਾਂ 'ਤੇ ਨਾਲੇ ਹੀ ਓਵਰਫਲੋਅ ਹੋਣ ਕਾਰਨ ਫਸਲਾਂ ਦੀ ਤਬਾਹੀ ਹੋਈ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਜ਼ਮੀਨੀ ਪੱਧਰ ਤੇ ਹਾਲਾਤਾਂ ਦਾ ਜਾਇਜ਼ਾ ਲੈ ਕੇ ਪੂਰੀ ਤਰਤੀਬ ਨਾਲ ਲੋੜਵੰਦਾਂ ਤੱਕ ਸਹਾਇਤਾ ਕਣਕ ਦੀ ਬਿਜਾਈ ਬਿਜਾਈ ਹੋਣ ਤੱਕ ਨਿਰੰਤਰ ਪੁੱਜਦੀ ਕੀਤੀ ਜਾਵੇਗੀ, ਕਿਉਂਕਿ ਇਸ ਸਮੇਂ ਜੋ ਰਾਸ਼ਨ ਆ ਰਿਹਾ ਹੈ ਉਸ ਦੀ ਲੋੜ ਅੱਗੇ ਜਾ ਕੇ ਵਧ ਜਾਣੀ ਹੈ, ਜਦੋਂ ਪਾਣੀ ਉੱਤਰ ਗਿਆ ਤਾਂ ਇਹਨਾ ਲੋਕਾਂ ਨੂੰ ਕਣਕ ਦੀ ਬਿਜਾਈ ਲਈ ਜ਼ਮੀਨਾਂ ਪੱਧਰ ਕਰਨ ਲਈ ਟਰੈਕਟਰਾਂ, ਡੀਜ਼ਲ ਅਤੇ ਬੀਜ ਦੀ ਜ਼ਰੂਰਤ ਪਵੇਗੀ, ਜੋ ਮੋਰਚੇ ਵੱਲੋਂ ਗਰਾਊਂਡ 'ਤੇ ਜਾ ਕੇ ਸਮੱਰਥਾ ਮੁਤਾਬਕ ਸਹਾਇਤਾ ਕੀਤੀ ਜਾਵੇਗੀ।

# ਬੱਕਰੀਆਂ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਏ ਡੀ ਸੀ ਨਾਲ ਮੁਲਾਕਾਤ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਝਬੇਲਵਾਲੀ ਦੇ ਕਿਸਾਨ ਹਰਬੰਸ ਸਿੰਘ ਦੀਆਂ 40 ਦੇ ਕਰੀਬ ਬੱਕਰੀਆਂ ਭਾਰੀ ਮੀਂਹ ਪੈਣ ਕਰਕੇ ਸ਼ੈੱਡ ਡਿੱਗਣ ਨਾਲ ਮਾਰੀਆਂ ਗਈਆਂ ਸਨ, ਜਿਸ ਕਰਕੇ ਕਿਸਾਨ ਦਾ 15 ਲੱਖ ਰੁਪਏ ਦੇ ਲਗਭਗ ਦਾ ਨੁਕਸਾਨ ਹੋ ਗਿਆ ਸੀ। ਮੁਆਵਜ਼ੇ ਦੀ ਭਰਪਾਈ ਦੀ ਮੰਗ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਦਾ ਵਫਦ ਅਡੀਸ਼ਨਲ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਨੂੰ ਮਿਲਿਆ। ਉਨਾਂ ਮੌਕੇ 'ਤੇ ਐਸਡੀਐਮ ਬਲਜੀਤ ਕੌਰ ਨੂੰ ਜਲਦੀ ਪੀੜਤ ਕਿਸਾਨ ਨੂੰ ਮੁਆਵਜ਼ੇ ਦੀ ਰਕਮ ਦੇਣ ਦੇ ਹੁਕਮ ਦਿੱਤੇ। ਜ਼ਿਕਰਯੋਗ ਹੈ ਕਿ ਨੰਬਰਦਾਰ ਹਰਬੰਸ ਸਿੰਘ ਬਹੁਤ ਗ਼ਰੀਬ ਕਿਸਾਨ ਹੈ, ਆਮਦਨ ਦਾ ਕੋਈ ਹੋਰ ਵਸੀਲਾ ਨਾ ਹੋਣ ਕਰਕੇ ਉਹ ਭੇਡਾਂ, ਬੱਕਰੀਆਂ ਪਾਲ ਕੇ ਬੜੀ ਮੁਸ਼ਕਲ ਨਾਲ ਆਪਣੇ ਪਰਵਾਰ ਦਾ ਗੁਜ਼ਾਰਾ ਕਰ ਰਿਹਾ ਹੈ। ਕਿਰਤੀ ਕਿਸਾਨ ਯੂਨੀਅਨ ਸੂਬਾ ਵਿਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਅਤੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਕਾਮਰੇਡ ਧਰਮਪਾਲ ਜ਼ਿਲ੍ਹਾ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਨੇ ਕਿਹਾ ਕਿ ਪਹਿਲਾਂ ਵੀ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਅਡੀਸ਼ਨਲ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਥਿੰਦ ਨੂੰ ਮਿਲ ਕੇ ਮੁਆਵਜ਼ੇ ਦੀ ਮੰਗ ਕਰ ਚੁੱਕਿਆ ਹੈ, ਪਰ ਉਨ੍ਹਾਂ ਭਰੋਸਾ ਦੇਣ ਦੇ ਬਾਵਜੂਦ ਅੱਜ ਤੱਕ ਵੀ ਮੁਆਵਜ਼ੇ ਦੀ ਰਕਮ ਜਾਰੀ ਨਹੀਂ ਕੀਤੀ।

# ਵਾਰਡ ਨੰਬਰ 11 'ਚ ਸੀਵਰੇਜ ਸਮੱਸਿਆ ਨੂੰ ਲੈ ਕੇ ਲੋਕਾਂ ਨੇ ਬੈਂਕ ਰੋਡ ਕੀਤਾ ਜਾਮ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਵਾਰਡ ਨੰਬਰ 11 ਚ ਪੈਂਦੇ ਬੈਂਕ ਰੋਡ ਤੇ ਮਿੱਠਣ ਲਾਲ ਸਟਰੀਟ ਵਿਖੇ ਲੰਬੇ ਸਮੇਂ ਤੋਂ ਪੇਸ਼ ਆ ਰਹੀ ਸੀਵਰੇਜ ਸਮੱਸਿਆਂ ਨੂੰ ਲੈ ਕੇ ਭੜਕੇ ਲੋਕਾਂ ਨੇ ਮੰਗਲਵਾਰ ਨੂੰ ਬੈਂਕ ਰੋਡ ਜਾਮ ਕਰਕੇ ਰੋਸ ਜਾਹਰ ਕੀਤਾ।ਇਸ ਵਾਰਡ ਦੇ ਲੋਕ ਲੰਬੇ ਸਮੇਂ ਤੋਂ ਸੀਵਰੇਜ ਸਮੱਸਿਆ ਝੱਲ ਰਹੇ ਨੇ ਦੁਕਾਨਦਾਰੀ ਵੀ ਪ੍ਰਭਾਵਤ ਹੋ ਰਹੀ ਹੈ।

ਦਸ ਵਜੇ ਤੋਂ ਬਾਅਦ ਦੁਪਿਹਰ ਡੇਢ ਵਜੇ ਤੱਕ ਚੱਲੇ ਇਸ ਘਟਨਾਕ੍ਰਮ ਦੌਰਾਨ ਮੌਕੇ ਤੇ ਪਹੁੰਚੇ ਜਨ ਸਿਹਤ ਵਿਭਾਗ ਦੇ ਐਸ ਡੀ ਓ ਤੇ ਹੋਰ ਅਧਿਕਾਰੀਆਂ ਨੂੰ ਲੋਕਾਂ ਨੇ ਖੂਬ ਖਰੀਆਂ-ਖੋਟੀਆਂ ਸੁਣਾਈਆਂ। ਲੋਕਾਂ ਵੱਲੋਂ ਰੋਡ ਦੇ ਦੋਵੇਂ ਪਾਸੇ ਸੜਕ ਬਲਾਕ ਕਰਕੇ ਸੀਵਰੇਜ ਦੇ ਪਾਣੀ ਵਿੱਚ ਹੀ ਕੁਰਸੀਆਂ, ਮੇਜ ਡਾਹ ਦਿੱਤੇ ਗਏ ਤਾਂ ਜੋ ਆਵਾਜਾਈ ਬੰਦ ਹੋ ਜਾਵੇ ਜਿਸਦੇ ਚੱਲਦਿਆਂ ਲਗਭਗ ਸਾਢੇ ਤਿੰਨ ਘੰਟੇ ਟ੍ਰੈਫਿਕ ਜਾਮ ਵੀ ਰਿਹਾ।

ਮੌਕੇ ਤੇ ਮੌਜੂਦ ਸਾਬਕਾ ਕੌਂਸਲਰ ਸੰਜੀਵ, ਕਸ਼ਮੀਰ ਸਿੰਘ, ਡੇਜ਼ੀ ਜੈਨ, ਰਮਨ ਕੇਪੀ, ਲਵਿਸ ਕੱਕੜ, ਧਰਮਪਾਲ, ਸੋਨੂੰ ਨਾਗਪਾਲ ਆਦਿ ਨੇ ਦੱਸਿਆ ਕਿ 15 ਦਿਨ ਤੋਂ ਉਨਾਂ ਵੱਲੋਂ ਇਸ ਸਬੰਧੀ ਐਕਸੀਐਨ, ਐਸ ਡੀ ਓ, ਜੇ ਈ ਨੂੰ ਸ਼ਿਕਾਇਤਾਂ ਦਿੱਤੀਆਂ ਜਾ ਰਹੀਆਂ ਸਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ ਸੀ। ਜਿਸ ਕਰਕੇ ਇਹ ਐਕਸ਼ਨ ਕਰਨਾ ਪਿਆ।

ਮੌਕੇ ਤੇ ਪਹੁੰਚੇ ਪਬਲਿਕ ਹੈਲਥ ਵਿਭਾਗ ਦੇ ਐਸ ਡੀ ਓ ਨਵਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਨਗਰ ਕੌਂਸਲ ਵੱਲੋਂ ਪਾਈਆਂ ਰੇਨ ਵਾਟਰ ਪਾਈਪਾਂ ਦੀਆਂ ਜਾਲੀਆਂ ਟੁੱਟੀਆਂ ਹੋਣ ਕਰਕੇ ਸੀਵਰੇਜ ਬਲਾਕੇਜ ਦੀ ਸਮੱਸਿਆ ਆਈ ਹੈ। ਸੰਜੀਵ ਧੂੜੀਆ ਨੇ ਦੱਸਿਆ ਕਿ 24 ਅਪ੍ਰੈਲ ਨੂੰ ਉਨਾਂ ਦੀ ਨਗਰ ਕੌਂਸਲ ਵਿਖੇ ਮੀਟਿੰਗ ਹੋਈ ਸੀ। ਜਿਸ 'ਚ ਲਗਭਗ 55 ਕਰੋੜ ਦੇ ਮਤੇ ਪਾਸ ਹੋਏ ਸਨ।

ਉਧਰ, ਆਖਰ ਲੋਕਾਂ ਦੇ ਰੋਹ ਨੂੰ ਦੇਖਦਿਆਂ ਐਸਡੀਓ ਵੱਲੋਂ ਦੋ-ਤਿੰਨ ਦਿਨ ਚ ਸਮੱਸਿਆ ਦਾ ਹੱਲ ਕਰਵਾਉਣ ਦਾ ਵਿਸ਼ਵਾਸ ਦੁਆਇਆ। ਐਸ ਡੀ ਓ ਦਾ ਕਹਿਣਾ ਹੈ ਕਿ ਇਸ ਸਬੰਧੀ ਮਤਾ ਤੇ ਟੈਂਡਰ ਪਾਸ ਹੋ ਚੁੱਕਾ ਹੈ। ਦੁਸਿਹਰਾ ਗ੍ਰਾਉਂਡ ਤੋਂ ਬਲੱਮਗੜ ਰੋਡ ਤੱਕ ਦਾ ਏਰੀਆ ਅਮ੍ਰਿਤ ਯੋਜਨਾ ਤਹਿਤ ਨਵਾਂ ਸੀਵਰੇਜ ਪਾਉਣ ਵਾਸਤੇ ਪਾਸ ਹੋ ਗਿਆ ਹੈ। ਪੰਦਰਾਂ ਤੋਂ ਵੀਹ ਦਿਨਾਂ ਅੰਦਰ ਇਸ ਦੇ ਕੰਮ ਦੀ ਸ਼ੁਰੂਆਤ ਵੀ ਹੋ ਜਾਵੇਗੀ। ਫਿਲਹਾਲ ਉਦੋਂ ਤੱਕ ਉਹ ਸਮੱਸਿਆ ਦਾ ਹੱਲ ਕਰਵਾ ਦਿੰਦੇ ਨੇ।

ਉਨਾਂ ਵੱਲੋਂ ਮੌਕੇ ਤੇ ਹੀ ਤੁਰੰਤ ਸੀਵਰੇਜ ਦੀ ਸਫਾਈ ਦਾ ਕੰਮ ਸ਼ੁਰੂ ਵੀ ਕਰਵਾ ਦਿੱਤਾ ਗਿਆ। ਜਿਸ ਮਗਰੋਂ ਲੋਕਾਂ ਵੱਲੋਂ ਜਾਮ ਹਟਾਇਆ ਗਿਆ।

# ਅੱਜ 5 ਇੰਚ ਤੱਕ ਘਟ ਜਾਵੇਗਾ ਘੱਗਰ ਵਿੱਚ ਪਾਣੀ

## ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਲੋਕਾਂ ਨੂੰ ਅਵੇਸਲੇ ਨਾ ਹੋਣ ਦੀ ਸਲਾਹ

ਮੂਣਕ (ਰਾਜਪਾਲ ਸਿੰਗਲਾ)

10 ਸਤੰਬਰ ਤੱਕ ਘੱਗਰ ਦਰਿਆ ਵਿੱਚ 4-5 ਇੰਚ ਪਾਣੀ ਘਟ ਜਾਵੇਗਾ। ਇਹ ਜਾਣਕਾਰੀ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਘੱਗਰ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਨ ਦੌਰਾਨ ਦਿੱਤੀ। ਉਹ ਪੂਰਾ ਦਿਨ ਰਾਹਤ ਅਤੇ ਬਚਾਅ ਕਾਰਜਾਂ ਦਾ ਨਿਰੀਖਣ ਕਰਨ ਆਏ ਹੋਏ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ 9 ਸਤੰਬਰ ਨੂੰ ਘੱਗਰ ਦਰਿਆ ਵਿੱਚ 750.5 ਫੁੱਟ (14425 ਕਿਊਸਿਕ) ਪਾਣੀ ਚੱਲ ਰਿਹਾ ਹੈ। ਉਹਨਾਂ ਕਿਹਾ ਕਿ ਵਿਭਾਗ ਵੱਲੋਂ ਲਗਾਏ ਗਏ ਅਨੁਮਾਨ ਅਨੁਸਾਰ ਅੱਜ 10 ਸਤੰਬਰ ਤੱਕ 4-5 ਇੰਚ ਪਾਣੀ ਘਟਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪਰਮਾਤਮਾ ਦੀ ਅਪਾਰ ਕਿਰਪਾ ਅਤੇ ਲੋਕਾਂ ਦੀ ਹਿੰਮਤ ਦੇ ਸਦਕਾ ਇਹ ਇਲਾਕਾ ਹੜ੍ਹ ਵਿੱਚ ਡੁੱਬਣ ਤੋਂ ਬਚ ਗਿਆ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰ ਰਹੀ ਹੈ। ਜੇਕਰ ਸੂਬਾ ਸਰਕਾਰ ਨੇ ਆਪਣੀ ਜਿੰਮੇਵਾਰੀ ਬਾਖ਼ੂਬੀ ਨਾ ਨਿਭਾਈ ਹੁੰਦੀ ਤਾਂ ਹਾਲਾਤ 7-8 ਦਿਨ ਪਹਿਲਾਂ ਹੀ ਖ਼ਰਾਬ ਹੋ ਜਾਣੇ ਸਨ। ਉਹਨਾਂ ਕਿਹਾ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਅਗਲੇ 4-5 ਦਿਨਾਂ ਵਿੱਚ ਘੱਗਰ ਦਰਿਆ ਵਿੱਚ ਪਾਣੀ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਆ ਜਾਵੇਗਾ। ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ 18 ਕਿਲੋਮੀਟਰ ਵਿੱਚ ਪੈਂਦੇ ਘੱਗਰ ਖੇਤਰ ਦੀ 24 ਘੰਟੇ ਨਿਗਰਾਨੀ ਕੀਤੀ ਜਾ ਰਹੀ ਹੈ।



# ਘੱਗਰ ਦੀ ਸਹਾਇਕ ਨਦੀ ਸਾਗਰਾ 'ਚ ਪਿਆ ਪਾੜ

## ਚਾਰ ਘੰਟਿਆਂ ਦੀ ਮੁਸ਼ੱਕਤ ਮਗਰੋਂ ਪਾੜ ਨੂੰ ਕਿਸਾਨਾਂ ਨੇ ਬੰਨ੍ਹਿਆ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਘੱਗਰ ਦਰਿਆ ਵਿੱਚ ਆਏ ਹੜਾਂ ਦੇ ਚੱਲਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚੋਂ ਲੰਘਦੇ ਦਰਿਆ ਦੇ ਬਾਦਸ਼ਾਹਪੁਰ ਇਲਾਕੇ ਦੇ ਪਿੰਡ ਹਰਚੰਦਪੁਰੇ ਖਨੌਰੀ ਹੈੱਡ ਵਰਕਸ ਤੱਕ ਬੰਨਿਆਂ ਨੂੰ ਮਜਬੂਤ ਕਰਨ ਵਿੱਚ ਲੱਗੇ ਹੋਏ ਹਜ਼ਾਰਾਂ ਦੀ ਗਿਣਤੀ ਵਿੱਚ ਲੱਗੇ ਹੋਏ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਮਿਹਨਤ ਦੇ ਦੌਰਾਨ ਸਥਿਤੀ ਉਸ ਸਮੇਂ ਖਤਰਨਾਕ ਮੋੜ ਲੈ ਗਈ ਜਦੋਂ ਹਰਿਆਣਾ ਦੀ ਬੀਬੀਪੁਰ ਝੀਲ ਤੋਂ ਆਉਣ ਵਾਲੇ ਘੱਗਰ ਦੀ ਸਹਾਇਕ ਨਦੀ ਸਾਗਰਾ ਪਾੜੇ ਵਿੱਚ ਦੁਪਹਿਰ ਸਮੇਂ ਅਚਾਨਕ ਇੱਕਦਮ 15 ਫੁੱਟ ਦੇ ਕਰੀਬ ਪਾੜ ਪੈ ਗਿਆ।

ਜਾਣਕਾਰੀ ਅਨੁਸਾਰ ਸਾਗਰਾ ਪਾੜੇ ਵਿੱਚ ਦੁਪਹਿਰ ਕਰੀਬ 1.55 ਮਿੰਟ ਤੇ ਪਏ ਪਾੜ ਦਾ ਪਤਾ ਉਸ ਸਮੇਂ ਲੱਗਾ ਜਦੋਂ ਇੱਕ ਬੱਕਰੀਆਂ ਚਾਰਨ ਵਾਲਾ ਚਰਵਾਹਾ ਬੰਨ੍ਹ ਉੱਤੇ ਆਪਣੀਆਂ ਬੱਕਰੀਆਂ ਚਾਰ ਰਿਹਾ ਸੀ। ਅਚਾਨਕ ਉਸਨੇ ਪਾੜੇ ਦੇ ਬੰਨ ਵਿੱਚੋਂ ਪਾਣੀ ਰਿਸਦਾ ਦੇਖਿਆ ਜਿਸ ਤੇ ਉਸ ਵੱਲੋਂ ਰੌਲਾ ਪਾਉਣ ਉੱਤੇ ਆਸ ਪਾਸ ਦੇ ਕਿਸਾਨ ਵੱਡੀ ਗਿਣਤੀ ਵਿੱਚ ਪਹੁੰਚ ਗਏ। ਇਸ ਦੌਰਾਨ ਕਿਸਾਨਾਂ ਵੱਲੋਂ ਆਪਣੀਆਂ ਦੋ ਟਰਾਲੀਆਂ ਪਾੜ ਵਾਲੀ ਥਾਂ ਉੱਤੇ ਸੁੱਟਣ ਦੇ ਨਾਲ ਨਾਲ ਪਾੜੇ ਦੇ ਅੰਦਰ ਮਨੁੱਖੀ ਚੇਨ ਬਣਾ ਕੇ ਪਾਣੀ ਦੇ ਵਹਾਅ ਨੂੰ ਰੋਕਣ ਦੀ ਕੋਸ਼ਿਸ਼ ਕਰਦਿਆਂ ਮਿੱਟੀ ਦੇ ਥੈਲੇ ਲਗਾ ਕੇ ਪਾੜ ਨੂੰ ਵਧਣ ਤੋਂ ਰੋਕੀ ਰੱਖਿਆ। ਕਰੀਬ ਡੇਢ ਘੰਟੇ ਬਾਅਦ ਦੋ ਜੇਸੀਬੀ ਮਸ਼ੀਨਾਂ ਮੌਕੇ ਉੱਤੇ ਪਹੁੰਚੀਆਂ ਅਤੇ ਬੰਨ੍ਹ ਉੱਤੋਂ ਮਿੱਟੀ ਚੁੱਕ ਕੇ ਪਾੜ ਵਾਲੀ ਥਾਂ ਉੱਤੇ ਪਾਏ ਜਾਣ ਮਗਰੋਂ ਕਰੀਬ ਚਾਰ ਘੰਟੇ ਦੀ ਮਿਹਨਤ ਮਗਰੋਂ ਕਿਸਾਨਾਂ ਨੇ ਇਸ ਬੰਨ ਨੂੰ ਬੰਨਣ ਵਿੱਚ ਕਾਮਯਾਬੀ ਹਾਸਲ ਕੀਤੀ।

ਪਾਤੜਾਂ ਪੈਣ ਦਾ ਪਤਾ ਲੱਗਦਿਆਂ ਹੀ ਐਸਡੀਐਮ ਪਾਤੜਾਂ ਅਸ਼ੋਕ ਕੁਮਾਰ ਨੇ ਤਹਿਸੀਲਦਾਰ ਪਾਤੜਾਂ ਸਵਪਨਦੀਪ ਕੌਰ ਅਤੇ ਡਰੇਜਨ ਵਿਭਾਗ ਦੇ ਐਸਡੀਓ ਗੁਲਸ਼ਨ ਨਾਲ ਮੌਕੇ ਉੱਤੇ ਪਹੁੰਚ ਕੇ ਸਥਿਤੀ ਦਾ ਜਾਇਜਾ ਲਿਆ।

# ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



ਮੋਗਾ (ਇਕਬਾਲ ਸਿੰਘ ਖਹਿਰਾ)-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਨੇਚਰ ਪਾਰਕ ਮੋਗਾ ਵਿਖੇ ਬਲਵਿੰਦਰ ਸਿੰਘ ਪੁਰਬਾ ਐਕਟਿੰਗ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਐਸੋਸੀਏਸ਼ਨ ਮੈਂਬਰ ਸ਼ਾਮਲ ਹੋਏ।ਇਸ ਮੀਟਿੰਗ ਦੌਰਾਨ ਪੰਜਾਬ ਵਿੱਚ ਆਏ ਹੜ੍ਹਾਂ ਦੀ ਮਾਰ ਨਾਲ ਹੋਏ ਨੁਕਸਾਨ 'ਤੇ ਚਿੰਤਾ ਪ੍ਰਗਟ ਕੀਤੀ ਗਈ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ।ਇਸ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਗਿੱਲ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਜਿੱਥੇ ਕੁਦਰਤੀ ਕਰੋਪੀ ਹੈ, ਉੱਥੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀ ਵੀ ਬਹੁਤ ਵੱਡੀ ਨਿਲਾਇਕੀ ਸਾਬਿਤ ਹੋਈ ਹੈ।ਸਰਕਾਰ ਨੇ ਸਮੇਂ ਸਿਰ ਡਰੇਨਾਂ ਦੀ ਸਾਫ ਸਫਾਈ ਨਹੀਂ ਕਰਵਾਈ ਤੇ ਭਾਖੜਾ ਦੇ ਫਲੱਡ ਗੇਟ ਖੋਲ੍ਹਣ ਨਾਲ ਦਰਿਆਵਾਂ ਵਿੱਚ ਪਾਣੀ ਦਾ ਵਹਾਅ ਵਧਣ ਨਾਲ ਮਾਈਨਿੰਗ ਦੌਰਾਨ ਕਮਜ਼ੋਰ ਹੋਏ ਦਰਿਆਵਾਂ ਦੇ ਕਿਨਾਰਿਆਂ ਨਾਲ ਪੰਜਾਬ ਦਾ ਜ਼ਿਆਦਾ ਨੁਕਸਾਨ ਹੋਇਆ ਹੈ। ਰਾਜਸਥਾਨ ਫੀਡਰ ਦਾ ਪਾਣੀ ਬੰਦ ਕਰਨ ਨਾਲ ਵੀ ਦਰਿਆਵਾ ਦਾ ਵਾਟਰ ਲੈਵਲ ਵਧ ਕੇ ਪੰਜਾਬ ਦੀਆਂ ਫਸਲਾਂ, ਮਕਾਨਾਂ ਤੇ ਮਾਲ ਡੰਗਰ ਦੀ ਤਬਾਹੀ ਹੋਈ ਹੈ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੈ।ਇਸ ਦੁੱਖ ਦੀ ਘੜੀ ਵਿੱਚ ਸਮਾਜ ਸੇਵੀ ਸੰਸਥਾਵਾਂ ਤੇ ਐੱਨ ਆਰ ਆਈ ਤੇ ਖੁਦ ਪੰਜਾਬ ਦੇ ਵਾਰਿਸ ਹੀ ਆਪਣਿਆਂ ਨਾਲ ਖੜੇ ਹਨ, ਜੋ ਤਨ ਮਨ ਨਾਲ ਹਰ ਪੱਖੋਂ ਪੀੜਤ ਪਰਵਾਰਾਂ ਦੀ ਮਦਦ ਕਰ ਰਹੇ ਹਨ।ਐਸੋਸੀਏਸ਼ਨ ਨੇ ਆਪਣੇ ਮੈਂਬਰਾਂ ਨੂੰ ਇਸ ਕਾਰਜ ਵਿੱਚ ਲੱਗੀਆਂ ਸੰਸਥਾਵਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

# ਭਾਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਹੋਈ



ਚੀਮਾ ਮੰਡੀ (ਰਵਿੰਦਰ ਚੀਮਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਹੋਈ। ਆਗੂਆਂ ਨੇ ਕਿਹਾ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਵੱਡੇ ਪੱਧਰ 'ਤੇ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਵੱਡੇ ਪੱਧਰ 'ਤੇ ਕਿਸਾਨਾਂ ਦੇ ਘਰ ਹੜ 'ਚ ਰੁੜ ਗਏ ਹਨ। ਕਿਸਾਨਾਂ ਮਜ਼ਦੂਰਾਂ ਦੇ ਡੰਗਰ, ਮਾਲ ਪਸ਼ੂ, ਫ਼ਸਲਾਂ ਬਿਲਕੁਲ ਤਬਾਹ ਹੋ ਚੁੱਕੇ ਹਨ।ਇਹ ਕੋਈ ਕੁਦਰਤੀ ਆਫਤ ਨਹੀਂ, ਸਗੋਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਪਰੋਸੀ ਆਫਤ ਹੈ, ਕਿਉਂਕਿ ਸਰਕਾਰ ਨੇ ਨਾ ਤਾਂ ਸਮੇਂ ਸਿਰ ਡੈਮ ਖਾਲੀ ਕੀਤੇ ਤੇ ਨਾ ਹੀ ਡਰੇਨਾਂ ਦੀ ਸਫ਼ਾਈ ਕੀਤੀ। ਸੁਨਾਮ ਬਲਾਕ ਦੇ ਵੀ ਕਈ ਪਿੰਡਾਂ ਵਿੱਚ ਫਸਲਾਂ ਬਿਲਕੁਲ ਤਬਾਹ ਹੋ ਚੁੱਕੀਆਂ ਹਨ। ਕਿਸਾਨਾਂ ਮਜ਼ਦੂਰਾਂ ਦੇ ਘਰ ਹੜ੍ਹ ਦੀ ਮਾਰ ਨਾਲ ਢੇਰੀ ਹੋ ਚੁੱਕੇ ਹਨ। ਆਗੂਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੇ ਪੱਧਰ 'ਤੇ ਹੜ੍ਹ ਮਾਰੇ ਲੋਕਾਂ ਲਈ ਨਕਦ ਰਾਸ਼ੀ, ਕਣਕ, ਡੀਏਪੀ ਖਾਦ, ਯੂਰੀਆ ਲਈ ਫੰਡ ਇਕੱਠੇ ਕੀਤੇ ਜਾਣਗੇ ਤੇ ਆਉਣ ਵਾਲੇ ਦਿਨਾਂ 'ਚ ਹੜ੍ਹ ਦੇ ਸਾਰੇ ਇਲਾਕਿਆਂ 'ਚ ਜਾ ਕੇ ਵੱਡੇ ਪੱਧਰ 'ਤੇ ਸਹਾਇਤਾ ਕੀਤੀ ਜਾਵੇਗੀ।

# ਬਾਬਾ ਫ਼ਰੀਦ ਲਾਅ ਕਾਲਜ ਦੇ ਐੱਨ ਸੀ ਸੀ ਕੈਡਿਟਸ ਨੇ ਮਾਰੀਆਂ ਮੱਲਾਂ




ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)-ਬਾਬਾ ਫ਼ਰੀਦ ਲਾਅ ਕਾਲਜ ਵਿੱਚ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਸ਼੍ਰੀ ਅਮਿਤ ਛਾਬੜਾ 14 ਐਨ.ਸੀ.ਸੀ ਕੈਡਿਟਸ ਪਰਿੰਦਰ ਸਿੰਘ, ਰਮਨਪ੍ਰੀਤ ਸਿੰਘ ਬਰਾੜ, ਗੁਰਪ੍ਰੀਤ ਸਿੰਘ, ਗੁਰਅਜੇਦੀਪ ਸਿੰਘ, ਹਰਪ੍ਰੀਤ ਸਿੰਘ, ਵੰਸ਼ਵੀਰ ਸਿੰਘ, ਗੁਰਸ਼ਾਨ ਸਿੰਘ, ਇੰਦਰਦੀਪ ਸਿੰਘ ਸਿੱਧੂ, ਗੌਰਵ, ਗੁਰਕਮਲ ਸਿੰਘ, ਸਿਮਰਨਜੋਤ ਸਿੰਘ, ਬਬਲਪ੍ਰੀਤ ਸਿੰਘ, ਪਾਰਸ ਤੇ ਪ੍ਰਿਥਵੀ ਏ.ਟੀ.ਸੀ.-61 ਮਲੋਟ ਦੇ ਟਰੇਨਿੰਗ ਕੈਂਪ 'ਚ ਲੈ ਕੇ ਗਏ।ਕੈਂਪ ਵਿੱਚ ਕੈਡਿਟਸ ਨੇ ਰਾਈਫਲ ਟਰੇਨਿੰਗ, ਡਰਿੱਲ ਪਰੇਡ, ਮੈਪ ਰੀਡਿੰਗ ਅਤੇ ਫੌਜ ਦੀ ਬਣਤਰ ਬਾਰੇ ਜਾਣਕਾਰੀ ਹਾਸਲ ਕੀਤੀ, ਇਸ ਤੋਂ ਇਲਾਵਾ ਕੈਡਿਟਸ ਨੇ ਸਾਇਬਰ ਫਸਟ ਰਿਸਪੌਂਡਰ ਪ੍ਰੋਗਰਾਮ ਵੀ ਲਾਇਆ।ਇਹ ਕੈਂਪ ਲਗਾਤਾਰ 10 ਦਿਨ 19 ਅਗਸਤ ਤੋਂ 28 ਅਗਸਤ ਤੱਕ ਲਾਇਆ ਗਿਆ।ਕੈਂਪ ਦੌਰਾਨ ਗੁਰਕਮਲ ਸਿੰਘ ਨੇ ਵੈਪਨ ਟ੍ਰੇਨਿੰਗ ਗਤੀਵਿਧੀ ਵਿੱਚ ਤੇ ਸਿਮਰਨਜੋਤ ਸਿੰਘ ਨੂੰ ਫੀਲਡ ਕਰਾਫਟ ਅਤੇ ਬੈਟਲ ਕਰਾਫਟ ਵਿੱਚ ਗੋਲਡ ਮੈਡਲ ਹਾਸਲ ਕੀਤਾ।ਇਹ ਸਾਰਾ ਪ੍ਰੋਗਰਾਮ ਸੀ.ਐਸ. ਸ਼ਰਮਾ (ਕਮਾਂਡਿੰਗ ਅਫਸਰ) 13 ਪੰਜਾਬ ਐਨ.ਸੀ.ਸੀ ਬਟਾਲੀਅਨ ਫਿਰੋਜ਼ਪੁਰ ਵੱਲੋਂ ਚਲਾਇਆ ਗਿਆ। ਟ੍ਰੇਨਿੰਗ ਬਾਰੇ ਅੱਗੇ ਦੱਸਦੇ ਹੋਏ ਸੀ.ਟੀ.ਓ ਮਨਿੰਦਰ ਸਿੰਘ ਨੇ ਦੱਸਿਆ ਕਿ ਸਾਰੀ ਆਰਮੀ ਟੀਮ, ਜਿਸ ਵਿੱਚ ਐਸ.ਐਮ ਨਰਿੰਦਰ ਸਿੰਘ, ਰਾਏ ਅਜਾਦ ਤੇ ਸਾਰੀ ਟੀਮ ਨੇ ਬਹੁਤ ਹੀ ਮਿਹਨਤ ਨਾਲ ਸਾਰੀ ਟ੍ਰੇਨਿੰਗ ਕਰਾਈ।ਅੰਤ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਇਹ ਟ੍ਰੇਨਿੰਗ ਕਰਾਉਣ ਲਈ ਬਟਾਲੀਅਨ ਦਾ ਧੰਨਵਾਦ ਕੀਤਾ।

# ਹੜ੍ਹ ਪੀੜਤਾਂ ਦੀ ਸਰਕਾਰ ਕਰ ਰਹੀ ਹਰ ਸੰਭਵ ਮਦਦ : ਜਗਦੀਪ ਕੰਬੋਜ ਗੋਲਡੀ



ਜਲਾਲਾਬਾਦ (ਜੀਤ ਕੁਮਾਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਲੋਕਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ। ਇਹ ਗੱਲ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਜੋਧਾ ਭੈਣੀ ਦੇ ਦੌਰੇ ਦੌਰਾਨ ਇੱਥੇ ਲੋਕਾਂ ਨੂੰ ਜਾਨਵਰਾਂ ਲਈ ਕੈਟਲ ਫੀਡ ਦੀ ਵੰਡ ਕਰਨ ਮੌਕੇ ਆਖੀ। ਵਿਧਾਇਕ ਨੇ ਕਿਹਾ ਕਿ ਹੜ੍ਹ ਇਕ ਕੁਦਰਤੀ ਕਰੋਪੀ ਹੈ ਪਰ ਪੰਜਾਬ ਸਰਕਾਰ ਇਸ ਮੁਸਕਿਲ ਸਮੇਂ ਵਿਚ ਆਪਣੇ ਲੋਕਾਂ ਨਾਲ ਡਟ ਕੇ ਖੜੀ ਹੈ ਅਤੇ ਲੋਕਾਂ ਨੂੰ ਹਰ ਪ੍ਰਕਾਰ ਦੀ ਫੌਰੀ ਮਦਦ ਮੁਹੱਈਆ ਕਰਾ ਰਹੀ ਹੈ। ਵਿਧਾਇਕ ਨੇ ਭਗਵੰਤ ਸਿੰਘ ਮਾਨ ਦੀ ਧੰਨਵਾਦ ਕੀਤਾ, ਜਿਨ੍ਹਾਂ ਨੇ ਹੜ੍ਹ ਪ੍ਰਭਾਵਤ ਲੋਕਾਂ ਲਈ ਅੱਜ ਇੱਕ ਵੱਡਾ ਐਲਾਨ ਕੀਤਾ ਹੈ। ਵਿਧਾਇਕ ਨੇ ਕਿਹਾ ਕਿ ਹੁਣ ਹੜ੍ਹ ਦੇ ਪਾਣੀ ਨਾਲ ਆਈ ਰੇਤ ਕਿਸਾਨ ਦੀ ਹੋਵੇਗੀ ਤੇ ਉਹ ਇਸ ਨੂੰ ਵੇਚ ਵੀ ਸਕਣਗੇ। ਇਸ ਤੋਂ ਬਿਨਾਂ ਸਰਕਾਰ ਵੱਲੋਂ ਹੜ੍ਹ ਨਾਲ ਮਾਰੀਆਂ ਫ਼ਸਲਾਂ ਦੇ ਮੁਆਵਜ਼ੇ ਵਿਚ ਵੀ ਵਾਧਾ ਕੀਤਾ ਗਿਆ ਹੈ। ਇਸ ਤੋਂ ਬਿਨਾਂ ਹਰ ਪ੍ਰਕਾਰ ਦੇ ਮਕਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ ਵੀ ਸਰਕਾਰ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਸੰਬੰਧੀ ਗਿਰਦਾਵਰੀ ਕਰਾਉਣ ਦੇ ਹੁਕਮ ਪਹਿਲਾਂ ਹੀ ਕਰ ਦਿੱਤੇ ਗਏ ਹਨ।

# ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਵਿਭਾਗ ਵੱਲੋਂ ਗੈੱਸਟ ਲੈਕਚਰ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵੱਲੋਂ 'ਕਿਵੇਂ ਕਰੀਏ ਸੋਸ਼ਲ ਮੀਡੀਆ ਦੀ ਸਹੀ ਵਰਤੋਂ?' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਾਇਆ ਗਿਆ, ਜਿਸ ਵਿੱਚ ਵਿਭਾਗ ਦੇ ਸਾਬਕਾ ਵਿਦਿਆਰਥੀ ਗੁਰਿੰਦਰ ਪਾਲ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਅਜੋਕੇ ਤੇਜ਼ੀ ਨਾਲ ਵਧ ਤੇ ਬਦਲ ਰਹੇ ਮੀਡੀਆ ਉਦਯੋਗ ਵਿੱਚ ਵਿੱਦਿਅਕ ਗਿਆਨ ਦੇ ਨਾਲ-ਨਾਲ ਸਹਿ ਵਿੱਦਿਅਕ ਗਤੀਵਿਧੀਆਂ ਵੀ ਵਿਦਿਆਰਥੀਆਂ ਲਈ ਬਹੁਤ ਜ਼ਰੂਰੀ ਹਨ ਤੇ ਅਜਿਹੇ ਸਿੱਖਿਆ ਭਰਪੂਰ ਲੈਕਚਰ ਵਿਦਿਆਰਥੀਆਂ ਦੀ ਵਿਹਾਰਕ ਪ੍ਰਤਿਭਾ ਨੂੰ ਹੋਰ ਨਿਖਾਰਨ ਤੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਮੁੱਖ ਬੁਲਾਰੇ ਗੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਪੱਤਰਕਾਰੀ ਦਾ ਮੁੱਢਲਾ ਉਦੇਸ਼ ਲੋਕਪੱਖੀ ਅਤੇ ਨਿਰਪੱਖ ਨਜ਼ਰੀਆ ਪੇਸ਼ ਕਰਨਾ ਹੁੰਦਾ ਹੈ ਤਾਂ ਜੁ ਬੇਹਤਰ ਸਮਾਜ ਦੀ ਸਿਰਜਣਾ ਹੋ ਸਕੇ।ਉਨ੍ਹਾਂ ਦੱਸਿਆ ਕਿ ਅਜੋਕੇ ਸੂਚਨਾ ਤਕਨਾਲੋਜੀ ਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੂਚਨਾ ਦਾ ਸਹੀ ਪ੍ਰਚਾਰ-ਪ੍ਰਸਾਰ ਕਰਨ, ਪੱਤਰਕਾਰੀ ਦੀਆਂ ਨੈਤਿਕ ਕਦਰਾਂ ਕੀਮਤਾਂ ਬਣਾਈ ਰੱਖਣ ਅਤੇ ਵਿਕਾਸ ਦੇ ਮੁੱਖ ਮਸਲਿਆਂ ਨੂੰ ਮੀਡੀਆ ਰਾਹੀਂ ਲੋਕਾਂ ਤੱਕ ਪੁਚਾਉਣ ਵਿੱਚ ਪੱਤਰਕਾਰੀ ਖੇਤਰ ਨਾਲ ਜੁੜੀ ਨੌਜਵਾਨ ਪੀੜ੍ਹੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ।ਪੱਤਰਕਾਰੀ ਤੇ ਜਨਸੰਚਾਰ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੱਤਰਕਾਰੀ ਦੇ ਮੁੱਢਲੇ ਸਿਧਾਂਤ, ਸਰੂਪ ਅਤੇ ਸਮੱਸਿਆਵਾਂ ਆਦਿ ਮਹੱਤਵਪੂਰਨ ਵਿਸ਼ਿਆਂ ਬਾਰੇ ਜਾਣੂ ਕਰਾਉਣਾ ਸੀ।

# ਕੰਡਕਟਰ, ਡਰਾਈਵਰ ਨੇ ਖੋਹਿਆ ਮੋਬਾਇਲ ਤੇ ਪੈਸੇ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)
ਪੀ.ਆਰ.ਟੀ.ਸੀ. ਬੱਸ ਦੇ ਡਰਾਇਵਰ ਤੇ ਕੰਡਕਟਰ ਵੱਲੋਂ ਇਕ ਨੌਜਵਾਨ ਦਾ ਮੋਬਾਇਲ ਤੇ ਪੈਸੇ ਖੋਹਣ ਦਾ ਮਾਮਲਾ ਸਾਹਮਣੇ ਆਇਆ ਹੈ।ਕਿਸਾਨ ਆਗੂ ਅਮਰਜੀਤ ਸਿੰਘ ਮਹਿਲ ਖ਼ੁਰਦ ਨੇ ਦੱਸਿਆ ਕਿ ਪੀੜਤ ਨੌਜਵਾਨ ਸੁਰਿੰਦਰ ਸਿੰਘ ਪੁੱਤਰ ਵੀਰਪਾਲ ਸਿੰਘ ਵਾਸੀ ਗੁਰਮ (ਬਰਨਾਲਾ), ਜੋ ਜਲੰਧਰ ਵਿਖੇ ਨੌਕਰੀ ਕਰਦਾ ਹੈ।ਉਹ ਰੋਜ਼ਾਨਾ ਦੀ ਤਰ੍ਹਾਂ ਸ਼ਨੀਵਾਰ ਸਵੇਰੇ 6 ਵਜੇ ਮਹਿਲ ਕਲਾਂ ਤੋਂ ਪੀ.ਆਰ.ਟੀ.ਸੀ. ਬੱਸ 'ਤੇ ਚੜ੍ਹਿਆ।ਲੁਧਿਆਣਾ ਤੱਕ ਪਹੁੰਚਦੇ ਪਹੁੰਚਦੇ ਉਸ ਨੇ ਕੰਡਕਟਰ ਨੂੰ ਕਈ ਵਾਰ ਟਿਕਟ ਕੱਟਣ ਲਈ ਕਿਹਾ, ਪਰ ਉਸ ਨੇ ਨੌਜਵਾਨ ਦੀ ਟਿਕਟ ਜਲੰਧਰ ਪਹੁੰਚ ਕੇ ਕੱਟਣ ਦੀ ਗੱਲ ਆਖੀ। ਇਸ ਦੌਰਾਨ ਰਸਤੇ ਤੋਂ ਜਦੋਂ ਚੈੱਕਰ ਬੱਸ 'ਚ ਚੜ੍ਹਿਆ ਤਾਂ ਸੁਰਿੰਦਰ ਸਿੰਘ ਕੋਲ ਟਿਕਟ ਨਹੀਂ ਸੀ।ਕੰਡਕਟਰ ਨੇ ਚੈਕਰ ਨੂੰ ਕਿਹਾ ਕਿ ਇਹ ਨੌਜਵਾਨ ਤਾਂ ਸਟਾਫ਼ ਮੈਂਬਰ ਹੈ, ਪਰ ਸੁਰਿੰਦਰ ਸਿੰਘ ਸਾਰੀ ਸੱਚੀ ਗੱਲ ਚੈੱਕਰ ਨੂੰ ਦੱਸ ਦਿੱਤੀ, ਜਿਸ ਤੋਂ ਬਾਅਦ ਚੈਕਰ ਨੇ ਕੰਡਕਟਰ ਦੀ ਗਲਤੀ ਕੱਢਦਿਆਂ ਉਸ ਨੂੰ 2 ਹਜ਼ਾਰ ਰੁਪਿਆ ਜੁਰਮਾਨਾ ਕਰ ਦਿੱਤਾ ਹੈ।ਜੁਰਮਾਨਾ ਹੋਣ ਤੋਂ ਗੁੱਸੇ 'ਚ ਆਏ ਕੰਡਕਟਰ ਅਤੇ ਡਰਾਇਵਰ ਕੁਝ ਦੂਰ ਜਾ ਕੇ ਸੁਰਿੰਦਰ ਸਿੰਘ ਕੋਲੋਂ ਜੁਰਮਾਨੇ 'ਚ ਅਦਾ ਕੀਤੇ ਦੋ ਹਜ਼ਾਰ ਰੁਪਏ ਦੀ ਮੰਗ ਕੀਤੀ, ਪਰ ਨੌਜਵਾਨ ਕੋਲ ਏਨੇ ਪੈਸੇ ਨਹੀਂ ਸਨ ਤਾਂ ਉਕਤ ਦੋਵਾਂ ਨੇ ਨੌਜਵਾਨ ਕੋਲੋਂ ਮੋਬਾਇਲ, ਜੇਬ ਵਿਚਲਾ ਛੇ ਸੌ ਰੁਪਿਆ ਖੋਹ ਲਿਆ।ਇਸ ਸਾਰੇ ਘਟਨਾਕ੍ਰਮ ਤੋਂ ਦੁਖੀ ਸਰਿੰਦਰ ਸਿੰਘ ਰਾਮਾ ਮੰਡੀ ਉਤਰ ਗਿਆ।ਉਥੇ ਖੜ੍ਹਾ ਆਪਣਾ ਸਾਇਕਲ ਲੈ ਕੇ ਸ਼ਾਮ ਤੱਕ ਮਸਾਂ ਪਿੰਡ ਪਹੁੰਚਿਆ।ਪਿੰਡ ਪਹੁੰਚ ਕੇ ਉਸ ਨੇ ਸਾਰੀ ਹੱਡ ਬੀਤੀ ਭਾਕਿਯੂ ਡਕੌਂਦਾ ਦੇ ਆਗੂਆਂ ਅਤੇ ਮੁਹਤਬਰਾਂ ਨੂੰ ਦੱਸੀ ਤਾਂ ਉਨ੍ਹਾਂ ਤੁਰੰਤ ਐਕਸ਼ਨ ਲੈਂਦਿਆਂ ਉੱਚ ਅਧਿਕਾਰੀ ਨੂੰ ਮਿਲਣ ਦਾ ਪ੍ਰੋਗਰਾਮ ਉਲੀਕਿਆ। ਮਾਮਲੇ ਨੂੰ ਨਿਪਟਾਉਣ ਲਈ ਉਕਤ ਬੱਸ ਡਰਾਇਵਰ ਅਤੇ ਕੰਡਕਟਰ ਨੇ ਮਹਿਲ ਕਲਾਂ ਪਹੁੰਚ ਕੇ ਛੇ ਸੌ ਰੁਪਏ ਅਤੇ ਮੋਬਾਇਲ ਵਾਪਸ ਕਰਦਿਆਂ ਆਪਣੀ ਗ਼ਲਤੀ ਦਾ ਅਹਿਸਾਸ ਕੀਤਾ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਬਾਘਾ ਪੁਰਾਣਾ (ਮਨੀ ਸਿੰਗਲਾ)
ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 364ਵੇਂ ਜਨਮ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ (ਸੰਗਤਸਰ) ਸਾਹਿਬ ਵਿਖੇ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਕਰਾਏ ਗਏ ਧਾਰਮਿਕ ਸਮਾਗਮ 'ਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿਚ ਹਾਜ਼ਰੀ ਲਾਉਂਦਿਆਂ ਤਿੰਨ ਦਿਨਾਂ ਚੱਲੇ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੇ ਵਧ-ਚੜ੍ਹ ਕੇ ਆਪਣੀਆਂ ਸੇਵਾਵਾਂ ਨਿਭਾਈਆਂ। ਮੁੱਖ ਸੇਵਾਦਾਰ ਤੇ ਨੌਜਵਾਨ ਆਗੂ ਕਮਲਜੀਤ ਸਿੰਘ ਬਰਾੜ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਜੀਵਨ ਬਾਰੇ ਦੱਸਿਆ। ਇਸ ਮੌਕੇ ਜਗਸੀਰ ਸਿੰਘ ਕਾਲੇਕੇ ਮੁੱਖ ਸੇਵਾਦਾਰ ਕਾਂਗਰਸ, ਜਥੇਦਾਰ ਤੀਰਥ ਸਿੰਘ ਮਾਹਲਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਕਾਂਗਰਸੀ ਆਗੂ ਭੋਲਾ ਸਿੰਘ ਸਮਾਧ ਭਾਈ, ਪਵਨ ਗੁਪਤਾ ਨਗਰ ਕੌਂਸਲ



ਪ੍ਰਧਾਨ, ਜੋਧਾ ਸਿੰਘ ਬਰਾੜ ਕਾਂਗਰਸੀ ਆਗੂ, ਰਣਜੀਤ ਸਿੰਘ ਟੀਟੂ ਬਰਾੜ ਉਪ ਪ੍ਰਧਾਨ ਨਗਰ ਕੌਂਸਲ, ਗੁਰਬਚਨ ਸਿੰਘ ਬਰਾੜ ਕਾਂਗਰਸੀ ਆਗੂ, ਕਾਕਾ ਬਰਾੜ ਅਕਾਲੀ ਆਗੂ, ਸਾਬਕਾ ਕੌਂਸਲਰ ਜਗਸੀਰ ਸਿੰਘ ਜੱਗਾ, ਕੌਂਸਲਰ ਪ੍ਰਿਥੀ ਸਿੰਘ, ਸਾਬਕਾ ਕੌਂਸਲਰ ਜੰਗੀਰ ਸਿੰਘ ਬਰਾੜ, ਕੌਂਸਲਰ ਸੋਨੀਆ, 'ਆਪ' ਆਗੂ ਜਗਸੀਰ ਸਿੰਘ, ਕੌਂਸਲਰ ਜਸਵੰਤ ਮਿੰਟੂ, ਕਾਂਗਰਸੀ ਆਗੂ ਮੱਖਣ ਬਰਾੜ ਨੇ ਆਪਣੀ ਹਾਜ਼ਰੀ ਭਰੀ।
ਗੁਰਦੁਆਰਾ ਬਾਬਾ ਜੀਵਨ ਸਿੰਘ (ਸੰਗਤਸਰ) ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਭਾਈ ਪ੍ਰਗਟ ਸਿੰਘ, ਸੈਕਟਰੀ ਸੁਖਮੰਦਰ ਸਿੰਘ ਤੇ ਕੈਸ਼ੀਅਰ ਸਮਸ਼ੇਰ ਸਿੰਘ ਵੱਲੋਂ ਸਮਾਗਮ ਵਿੱਚ ਹਾਜ਼ਰੀ ਲਵਾਉਣ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਮੰਤਰੀ ਨੂੰ ਸੌਂਪੇਗਾ ਮੰਗ ਪੱਤਰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)
ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਦਿੱਤੇ ਗਏ ਸੂਬਾਈ ਸੱਦੇ ਅਨੁਸਾਰ ਜ਼ਿਲ੍ਹਾ ਕਮੇਟੀ ਵੱਲੋਂ ਪੰਜਾਬ ਰੋਡਵੇਜ਼ ਪੈਨਸ਼ਨਰ ਭਵਨ ਵਿਖੇ ਕਨਵੀਨਰ ਜੋਗਿੰਦਰ ਸਿੰਘ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ।ਸਾਂਝਾ ਫਰੰਟ ਦੇ ਆਗੂਆਂ ਨੇ ਅੰਗਰੇਜ਼ ਸਿੰਘ ਰੋਡਵੇਜ਼, ਪਰਗਟ ਜੰਬਰ, ਪਵਨ ਕੁਮਾਰ, ਪਰਮਜੀਤ ਸਿੰਘ ਤੇ ਬੂਟਾ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੰਮੇ ਸਮੇਂ ਤੋਂ ਲਟਕਾ ਰਹੀ ਹੈ ਅਤੇ ਵਾਰ-ਵਾਰ ਮੀਟਿੰਗਾਂ ਤੋਂ ਭੱਜ ਰਹੀ ਹੈ।
ਆਗੂਆਂ ਨੇ ਮੁਲਾਜ਼ਮ ਮੰਗਾਂ ਤੇ ਪੰਜਾਬ ਸਰਕਾਰ ਵੱਲੋਂ ਧਾਰੀ ਸਾਜ਼ਿਸ਼ੀ ਚੁੱਪ ਨੂੰ ਮੁਲਾਜ਼ਮਾਂ ਪੈਨਸ਼ਨਰਾਂ ਨਾਲ ਧੋਖਾ ਕਰਾਰ ਦਿੱਤਾ।ਇਸ ਧੋਖੇ ਤੇ ਸਾਜ਼ਿਸ਼ੀ ਚੁੱਪ ਖਿਲਾਫ ਸਾਂਝਾ ਫਰੰਟ 13 ਸਤੰਬਰ ਨੂੰ ਵੱਡੇ ਵਫਦ ਨਾਲ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੂੰ ਰੋਸ ਪ੍ਰਦਰਸ਼ਨ ਕਰਦਿਆਂ ਰੋਸ ਪੱਤਰ ਸੌਂਪੇਗਾ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮ ਤੇ ਰਿਟਾਇਰਮੈਂਟ ਉਪਰੰਤ ਬਣੇ ਪੈਨਸ਼ਨਰ ਆਪਣੀਆਂ ਮੰਗਾਂ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਵਿੱਚ ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕਰਨ, ਮਾਣਭੱਤਾ ਵਰਕਰਾਂ ਲਈ ਘੱਟੋ-ਘੱਟ ਉਜਰਤ ਦਾ ਕਾਨੂੰਨ ਲਾਗੂ ਕਰਨ, ਆਊਟਸੋਰਸ, ਕੱਚੇ ਤੇ ਠੇਕਾ ਭਰਤੀ ਵਾਲਿਆਂ ਨੂੰ ਪੱਕਾ ਕਰਨ, ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨ, ਪੰਜਾਬ ਪੇਅ ਸਕੇਲ ਬਹਾਲ ਕਰਨਾ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਪੇਂਡੂ ਭੱਤੇ ਸਮੇਤ 37 ਕਿਸਮ ਦੇ ਭੱਤੇ ਜਾਰੀ ਕਰਨ, ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਜਾਰੀ ਕਰਨ ਤੇ ਇਸਦੇ ਬਕਾਏ ਯਕਮੁਸ਼ਤ ਜਾਰੀ ਕਰਨ ਦੀਆਂ ਮੰਗਾਂ ਮੁੱਖ ਤੌਰ 'ਤੇ ਸ਼ਾਮਲ ਹਨ।ਆਗੂਆਂ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 13 ਸਤੰਬਰ ਦੇ ਐਕਸ਼ਨ ਨੂੰ ਸਫ਼ਲ ਬਣਾਉਣ ਲਈ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ।


## ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ:, ਜਲੰਧਰ

### ਨੋਟਿਸ ਅਜਲਾਸ ਆਮ

ਇਸ ਨੋਟਿਸ ਰਾਹੀਂ ਬੈਂਕ ਦੀਆਂ ਸਮੂਹ ਮੈਂਬਰ ਸਭਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਅਜਲਾਸ ਜੋ ਕਿ ਮਿਤੀ 02-09-2025 ਦਿਨ ਮੰਗਲਵਾਰ ਨੂੰ ਸਵੇਰੇ 11.00 ਵਜੇ ਬੈਂਕ ਦੇ ਮੁਖ ਦਫਤਰ, ਸਾਹਮਣੇ ਮੇਨ ਪੋਸਟ ਆਫ਼ਿਸ ,ਜੀ.ਟੀ.ਰੋਡ ਜਲੰਧਰ ਵਿਖੇ ਬੁਲਾਇਆ ਗਿਆ ਸੀ, ਕੋਰਮ ਪੂਰਾ ਨਾ ਹੋਣ ਕਾਰਣ, ਆਮ ਅਜਲਾਸ ਮੁਲਤਵੀ ਕਰ ਦਿੱਤਾ ਗਿਆ ਹੈ। ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ : ਜਲੰਧਰ, ਦਾ ਅਗਲਾ ਆਮ ਅਜਲਾਸ ਮਿਤੀ 25-09-2025 ਦਿਨ ਵੀਰਵਾਰ ਨੂੰ ਸਵੇਰੇ 11.00 ਵਜੇ ਬੈਂਕ ਦੇ ਮੁਖ ਦਫਤਰ, ਸਾਹਮਣੇ ਮੇਨ ਪੋਸਟ ਆਫ਼ਿਸ ,ਜੀ.ਟੀ.ਰੋਡ ਜਲੰਧਰ ਵਿਖੇ ਪਹਿਲਾਂ ਜਾਰੀ ਅਜੰਡਿਆਂ ਮੁਤਾਬਿਕ ਹੀ ਹੋਵੇਗਾ। ਜੇਕਰ 25-09-2025 ਨੂੰ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਆਮ ਅਜਲਾਸ ਜਾਰੀ ਅਜੰਡਿਆਂ ਮੁਤਾਬਿਕ ਅਗਲੇ ਦਿਨ ਮਿੱਥੇ ਸਮੇਂ ਅਤੇ ਸਥਾਨ ਤੇ ਹੋਵੇਗਾ। ਸਹਿਕਾਰੀ ਸਭਾਵਾਂ ਦੇ ਪ੍ਰਤੀਨਿੱਧ ਆਪਣੀਆਂ - ਆਪਣੀਆਂ ਪ੍ਰਬੰਧਕ ਕਮੇਟੀਆਂ ਦੁਆਰਾ ਸੋਧੇ ਹੋਏ ਕੋਆਪਰੇਟਿਵ ਸੁਸਾਈਟੀਜ਼ ਐਕਟ 1961 ਦੀ ਧਾਰਾ 19(2) ਦੇ ਤਹਿਤ ਪਾਸ ਕੀਤੇ ਮਤੇ ਪੇਸ਼ ਕਰਨ ਤੇ ਹੀ ਆਮ ਅਜਲਾਸ ਵਿੱਚ ਭਾਗ ਲੈ ਸਕਦੇ ਹਨ। ਇਸ ਸੋਧ ਮੁਤਾਬਕ ਸਭਾ ਦਾ ਕੋਈ ਵੀ ਮੈਂਬਰ ਨਾਮਜ਼ਦ ਕੀਤਾ ਜਾ ਸਕਦਾ ਹੈ। ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬੈਂਕ ਦੇ ਆਮ ਅਜਲਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨ ਜੀ।

ਆਪ ਜੀ ਦਾ ਵਿਸ਼ਵਾਸ਼ ਪਾਤਰ
ਸਹੀ/-
ਚੇਅਰਮੈਨ

ਮਿਤੀ 02-09-2025 ਦੀ ਜਲੰਧਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ, ਜਲੰਧਰ



AXIS BANK
Retail Asset Center: "2nd and 3rd Floor, Property No. 7-E, Malhar Road, Saraabha Nagar, Ludhiana- 141001.
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

### ਸਾਰਣੀ IV ਏ [ਦੇਖੋ 8(6) ਦੀਆਂ ਵਿਵਸਥਾਵਾਂ]

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਰਚਨਾਤਮਕ/ਭੌਤਿਕ ਕਬਜ਼ਾ (ਜੋ ਲਾਘੂਯੋਗ) ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਪੀ ਐਮ ਡੀ ਪੈਟਰੋਕੈਮ ਇੰਡੀਆ ਪ੍ਰਾਈਵੇਟ ਲਿਮਿਟਿਡ 2) ਸ੍ਰੀ ਪ੍ਰੇਮ ਅਰੋੜਾ ਪੁੱਤਰ ਸ੍ਰੀ ਚੰਨਣ ਰਾਮ ਅਰੋੜਾ 3) ਸ੍ਰੀ ਮੋਹਿਤ ਅਰੋੜਾ ਪੁੱਤਰ ਸ੍ਰੀ ਪ੍ਰੇਮ ਅਰੋੜਾ ਤੋਂ ਸਕਿਉਰਡ ਕ੍ਰੈਡਿਟਰ ਦੀ 9 ਸਤੰਬਰ 2025 ਨੂੰ ਬਕਾਇਆ ਰਕਮ ਰੁਪਏ 5,72,55,462/- (ਪੰਜ ਕਰੋੜ ਬਹੱਤਰ ਲੱਖ ਪਚਵੰਜਾ ਹਜ਼ਾਰ ਚਾਰ ਸੌ ਬਾਹਠ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜੋ ਹੈ", ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ 16/10/2025 ਨੂੰ ਕੀਤੀ ਜਾਵੇਗੀ। ਜਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 4,35,00,000 (ਚਾਰ ਕਰੋੜ ਪੈਂਤੀ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 43,50,000/- (ਤਰਤਾਲੀ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਿਟਿਡ ਰਿਟੇਲ ਐੱਸਟ ਸੈਂਟਰ, ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 14 ਅਕਤੂਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 16 ਅਕਤੂਬਰ 2025 [illegible] |

[illegible]

https://www.axisbank.com/auction-retail [illegible] https://www.bankeauctions.com [illegible]

ਮਿਤੀ : 10.09.2025
ਸਥਾਨ : [illegible]


# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ 16 ਨੂੰ

ਕੋਟਕਪੂਰਾ (ਗੁਰਮੀਤ ਭੁੱਲਰ)
ਪੰਜਾਬ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ ਅਤੇ ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ) ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕੁਲਵੰਤ ਸਿੰਘ ਚਾਨੀ, ਸੀਨੀਅਰ ਮੀਤ ਪ੍ਰਧਾਨ ਗੁਰਚਰਨ ਸਿੰਘ ਮਾਨ, ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ, ਵਿੱਤ ਸਕੱਤਰ ਸੋਮ ਨਾਥ ਅਰੋੜਾ ਅਤੇ ਤਰਸੇਮ ਨਰੂਲਾ ਨੇ ਦੱਸਿਆ ਹੈ ਕਿ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ 16 ਸਤੰਬਰ ਨੂੰ ਸਵੇਰੇ ਠੀਕ 10 ਵਜੇ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲਾ ਕੋਟਕਪੂਰਾ ਵਿਖੇ ਰੱਖੀ ਗਈ ਹੈ।ਮੀਟਿੰਗ ਦੌਰਾਨ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਪਿਛਲੇ ਦਿਨਾਂ ਦੌਰਾਨ ਹੜ੍ਹਾਂ ਕਾਰਨ ਹੋਏ ਨੁਕਸਾਨ ਕਰਕੇ ਪੀੜਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਕੇ ਅਗਲੇ ਫ਼ੈਸਲੇ ਲਏ ਜਾਣਗੇ।ਇਸ ਤੋਂ ਇਲਾਵਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਲਾਗੂ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।ਆਗੂਆਂ ਨੇ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ 13 ਸਤੰਬਰ ਨੂੰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਐਕਸ਼ਨ ਪ੍ਰੋਗਰਾਮ ਅਨੁਸਾਰ ਪੰਜਾਬ ਦੇ ਸਮਾਜ ਭਲਾਈ ਮੰਤਰੀ ਡਾਕਟਰ ਬਲਜੀਤ ਕੌਰ ਨੂੰ ਮਲੋਟ ਵਿਖੇ ਮਿਲਕੇ ਪੰਜਾਬ ਸਰਕਾਰ ਵੱਲੋਂ ਧਾਰਨ ਕੀਤੀ ਗਈ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੇ ਖਿਲਾਫ਼ ਰੋਸ ਪੱਤਰ ਦੇਣ ਦੇ ਐਕਸ਼ਨ ਪ੍ਰੋਗਰਾਮ 'ਚ ਸ਼ਮੂਲੀਅਤ ਕੀਤੀ ਜਾਵੇਗੀ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.:-122,125-2025-26-ADEN-JRC & 123,124-2025-26-ADEN-LDH ਤਾਰੀਕ 08.09.2025

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 06.10.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 08.09.2025 | 22.09.2025 | 06.10.2025 / 15:00 ਵਜੇ |

| ਲ.ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 122-2025-26-ADEN-JRC | ਸੀਨੀਅਰ ਸੈਕਸ਼ਨ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਅਨੁਭਾਗ ਵਿਚ ਇਲੈਕਟ੍ਰਾਨਿਕ ਪ੍ਰਕਾਰ ਰੇਲ ਗੇਜ ਫੇਸ ਲੁਬ੍ਰਿਕੇਟਰ 16 ਨਗ (16x12x5 ਸਾਲ = 960 ਮਹੀਨੇ) ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 2,62,75,814.40/- | 2,81,400.00/- | 90 ਦਿਨ | 60 ਮਹੀਨੇ |
| | | ਵਿਸ਼ੇਸ਼ ਤਕਨੀਕੀ ਮਾਨਦੰਡ: ਕੇਵਲ ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਅਨੁਮੋਦਿਤ ਆਰਡੀਐਸਓ ਹੀ ਇਸ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਅਨੁਮੋਦਨ ਸਰਟੀਫਿਕੇਟ ਦੀ ਵੈਲੇਡਿਟੀ ਮਿਤੀ ਸਮੇਤ ਪ੍ਰਤੀ ਨਿਵਿਦਾ ਦੇ ਨਾਲ ਜਮ੍ਹਾ ਕਰਨੀ ਹੋਵੇਗੀ। | | | |
| 2 | 123-2025-26-ADEN-LDH | ਸੀਨੀਅਰ ਸੈਕਸ਼ਨ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਅਨੁਭਾਗ ਵਿਚ ਇਲੈਕਟ੍ਰਾਨਿਕ ਪ੍ਰਕਾਰ ਰੇਲ ਗੇਜ ਫੇਸ ਲੁਬ੍ਰਿਕੇਟਰ 19 ਨਗ (19x12x5 ਸਾਲ = 1140 ਮਹੀਨੇ) ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 3,12,02,529.60/- | 3,06,000.00/- | 90 ਦਿਨ | 60 ਮਹੀਨੇ |
| | | ਵਿਸ਼ੇਸ਼ ਤਕਨੀਕੀ ਮਾਨਦੰਡ: ਕੇਵਲ ਟ੍ਰੈਕ ਆਧਾਰਿਤ ਲੁਬ੍ਰਿਕੇਟਰ ਦੇ ਲਈ ਅਨੁਮੋਦਿਤ ਆਰਡੀਐਸਓ ਹੀ ਇਸ ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਅਨੁਮੋਦਨ ਸਰਟੀਫਿਕੇਟ ਦੀ ਵੈਲੇਡਿਟੀ ਮਿਤੀ ਸਮੇਤ ਪ੍ਰਤੀ ਨਿਵਿਦਾ ਦੇ ਨਾਲ ਜਮ੍ਹਾ ਕਰਨੀ ਹੋਵੇਗੀ। | | | |
| 3 | 124-2025-26-ADEN-LDH | ਸੀਨੀਅਰ ਸੈਕਸ਼ਨ ਇੰਜੀਨੀਅਰ/ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ./ ਲੁਧਿਆਣਾ ਦੇ ਤਹਿਤ ਡੀਜ਼ਲ ਲੋਕੋ ਸ਼ੇਡ ਅਤੇ ਇਲੈਕਟ੍ਰਾਨਿਕ ਲੋਕੋ ਸ਼ੇਡ ਲੁਧਿਆਣਾ ਵਿਚ ਵਖ-ਵਖ ਪੀ.ਵੇ. ਜੋਨ ਕੰਮ ਅਤੇ ਲੁਧਿਆਣਾ ਸਬ ਡਵੀਜਨ ਵਿਚ ਡਿਜ਼ਾਈਨ ਮੋਡ ਟੈਪਿੰਗ ਦੇ ਲਈ ਟੈਪਿੰਗ ਤੋਂ ਪਹਿਲਾਂ ਅਤੇ ਬਾਅਦ ਵਿਚ ਟ੍ਰੈਕ ਮਾਪ ਸਰਵੇਖਣ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 64,57,076.77/- | 1,29,200.00/- | 60 ਦਿਨ | 10 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ।" | | | |
| 4 | 125-2025-26-ADEN-JRC | ਸੀਨੀਅਰ ਸੈਕਸ਼ਨ ਇੰਜੀਨੀਅਰ/ਜਲੰਧਰ ਕੈਂਟ ਦੇ ਅਧਿਕਾਰ ਖੇਤਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ./ ਜਲੰਧਰ ਕੈਂਟ ਦੇ ਅਨੁਭਾਗ ਵਿਚ ਟ੍ਰੈਕ ਰਖਰਖਾਅ ਦੇ ਲਈ ਵਖ-ਵਖ ਪੀ-ਵੇ ਕੰਮ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 67,03,324.83/- | 1,34,100.00/- | 60 ਦਿਨ | 10 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ।" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

2722/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-105 | 23.09.2025 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 20424/F1, 12412/F1, 14633/F1, 12014/F1, 14632/F1, 14633/F2, 14542/F1, 14633/R1, 12422/F1 & 14632/R1. |
| EAFZR-SLR25-106 | 25.09.2025 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 15532/F1, 22446/F1, 12032/F1, 22552/F1, 14601/F1, 14508/R1, 14508/F1, 22126/F1, 14601/R1 & 14601/F2. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ: 179-C/E-auction/FZR/25
ਤਾਰੀਕ: 08.09.2025 2727/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



AXIS BANK
Retail Assets Center: AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025
Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ

ਆਮ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀ 'ਤੇ ਮੂਲ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਨਤੀਜੇ ਵਜੋਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਅਨੁਸਾਰ ਅਜਿਹੇ ਖਾਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਤਹਿਤ ਨੋਟਿਸ ਜਾਰੀ ਕੀਤੇ ਗਏ ਸਨ, ਬੇਸ਼ੱਕ ਇਹ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਅਤੇ ਅਜਿਹੇ 'ਚ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ/ਕਾਨੂੰਨੀ ਵਾਰਿਸਾਂ ਦੇ ਨਾਂਅ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | (ਨੋਟਿਸ ਦੀ ਮਿਤੀ ਨੂੰ) ਬਕਾਇਆ ਰਕਮ | ਕਰਜ਼ਾ ਰਾਸ਼ੀ ਦੀ ਮਨਜ਼ੂਰੀ/ਭੁਗਤਾਨ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ |
|---|---|---|---|---|---|---|
| 1. | 1. ਗੁਰਦੀਪ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਕੰਵਲਪ੍ਰੀਤ ਕੌਰ ਪਤਨੀ ਗੁਰਦੀਪ ਸਿੰਘ (ਸਹਿ-ਕਰਜ਼ਦਾਰ) | 03-AUG-2025 | 16-AUG-2025 | ਰੁਪਏ 7,31,318/- (ਸੱਤ ਲੱਖ ਇਕੱਤੀ ਹਜ਼ਾਰ ਤਿੰਨ ਸੌ ਅਠਾਰਾਂ ਰੁਪਏ ਕੇਵਲ) | ਰੁਪਏ 8,50,000/- (ਅੱਠ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) | 42 ਕਨਾਲ 4 ਮਰਲੇ ਦਾ ਸਾਰੇ ਟੁਕੜੇ ਤੇ ਅਟੁੱਟ ਹਿੱਸੇ (ਮਿਨਤੀ 00ਕੇ-3.98 ਮਰਲਾ, 120 ਮੁਰੱਬਾ/ਵਰਗ ਗਜ ਅਧਾਰਤ ਖਾਤਾ/ ਖਤੌਨੀ ਨੰਬਰ 1203/1784 ਖਸਰਾ ਨੰਬਰ 43//11/1(7-12), 43//12 (8-0), 44//7/2 (2-12), 44 //8 (8-0), 44//14(8-0), 44//15/1 (2-12), 44//15/2 (5-8) ਜਮਾਂਬੰਦੀ ਸਾਲ 2015-16 ਅਨੁਸਾਰ ਸਥਿਤ ਵਾਕਿਆ ਰਕਬਾ ਪਿੰਡ ਰਾਮਪੁਰਾ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ, ਪੰਜਾਬ ਰਜਿਸਟਰਡ ਸੇਲ ਡੀਡੀ ਵਸੀਕਾ/ਡਾਕੂਮੈਂਟ ਨੰਬਰ 2019-20/73/1/3564 ਤਾਰੀਕ 15-1-2020 ਜੋ ਕਿ ਮਿਸਟਰ ਗੁਰਦੀਪ ਸਿੰਘ ਪੁੱਤਰ ਬਲਦੇਵ ਸਿੰਘ ਦੇ ਨਾਂਅ ਹੈ ਮੌਕੇ ਤੇ ਹੱਦਬੰਦੀ ਪੂਰਵ 40 ਫੁੱਟ ਗਿਆਨਵੰਤੀ ਪਤਨੀ ਪ੍ਰੇਮ ਲਾਲ ਅਤੇ ਗੀਤਾ ਰਾਣੀ ਪੱਛਮ 40 ਫੁੱਟ ਨਵਦੀਪ ਕੁਮਾਰ ਪੁੱਤਰ ਧਰਮ ਪਾਲ, ਉੱਤਰ 27 ਫੁੱਟ 6 ਇੰਚ ਗੁਰਦੀਪ ਸਿੰਘ ਦੱਖਣ 27 ; 6" ਗਲੀ। |
| 2. | 1. ਵਿਕਾਸ ਜਿੰਦਲ ਪੁੱਤਰ ਸ੍ਰੀ ਸਰੂਪ ਚੰਦ (ਕਰਜ਼ਦਾਰ) ਅਤੇ 2. ਸ੍ਰੀਮਤੀ ਮੋਨਿਕਾ ਪਤਨੀ ਸ੍ਰੀ ਵਿਕਾਸ ਜਿੰਦਲ (ਸਹਿ-ਕਰਜ਼ਦਾਰ/ਰਹਿਣਕਾਰ)। | 08-AUG-2025 | 16-AUG-2025 | ਰੁਪਏ 4,43,961/- (ਚਾਰ ਲੱਖ ਤਰਤਾਲੀ ਹਜ਼ਾਰ ਨੌਂ ਸੌ ਇਕਾਹਠ ਰੁਪਏ ਕੇਵਲ) | ਰੁਪਏ 13,42,860/- (ਤੇਰਾਂ ਲੱਖ ਬਤਾਲੀ ਹਜ਼ਾਰ ਅੱਠ ਸੌ ਸੱਠ ਰੁਪਏ ਕੇਵਲ) | ਸਾਰੇ ਟੁਕੜੇ ਤੇ ਹਿੱਸੇ ਜਾਇਦਾਦ 165 ਵਰਗ ਗਜ ਦਾ ਅਟੁੱਟ ਹਿੱਸਾ ਜੋ ਕਿ 220/920 ਦਾ ਹਿੱਸਾ ਅਧਾਰਤ ਖਸਰਾ ਨੰਬਰ 1837 (2/6) ਖਾਤਾ ਨੰਬਰ 2059/4101 ਜਮਾਂਬੰਦੀ ਸਾਲ 2008-2009 ਅਨੁਸਾਰ ਸਥਿਤ ਵਾਕਿਆ ਰਕਬਾ ਮਹੇਸ਼ ਨਗਰ, ਧੂਰੀ ਤਹਿਸੀਲ ਤੇ ਜ਼ਿਲ੍ਹਾ ਸੰਗਰੂਰ, ਪੰਜਾਬ ਹੱਦਬਸਤ ਨੰਬਰ 94 ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 2598 ਤਰੀਕ 19-10-2012 ਜੋ ਕਿ ਸ਼੍ਰੀਮਤੀ ਮੋਨਿਕਾ ਰਾਣੀ ਪਤਨੀ ਸ੍ਰੀ ਵਿਕਾਸ ਜਿੰਦਲ ਦੇ ਨਾਂਅ ਹੈ ਮੌਕੇ ਤੇ ਹੱਦਬੰਦੀ ਪੂਰਬ ਸਰਲਾ ਦੇਵੀ ਸਾਈਡ 54 ਫੁੱਟ, ਹਰੀ ਓਮ ਸਾਈਡ 54 ਫੁੱਟ ਉੱਤਰ ਨਾਰੰਗ ਸਿੰਘ ਸਾਈਡ 28 ਫੁੱਟ ਦੱਖਣ ਗਲੀ 10 ਫੁੱਟ ਚੌੜੀ ਸਾਈਡ 23 ਫੁੱਟ |
| 3. | 1. ਸੰਦੀਪ ਕੌਰ ਮਾਰਫਤ ਮਨਿੰਦਰਜੀਤ ਸਿੰਘ (ਕਰਜ਼ਦਾਰ/ ਰਹਿਣਕਾਰ) ਅਤੇ 2. ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ (ਸਹਿ-ਕਰਜ਼ਦਾਰ) | 30-JULY-2025 | 16-AUG-2025 | ਰੁਪਏ 16,64,735/- (ਸੋਲਾਂ ਲੱਖ ਚੌਂਹਠ ਹਜ਼ਾਰ ਸੱਤ ਸੌ ਪੈਂਤੀ ਰੁਪਏ ਕੇਵਲ) | ਰੁਪਏ 17,43,576/- (ਸਤਾਰਾਂ ਲੱਖ ਤਰਤਾਲੀ ਹਜ਼ਾਰ ਪੰਜ ਸੌ ਛਿਹੱਤਰ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਜਾਇਦਾਦ ਮਕਾਨ ਰਕਬਾ ਮਿਨਤੀ 4 ਮਰਲੇ 150 ਵਰਗ ਫੁੱਟ ਦਾ ਹਿੱਸਾ ਅਧਾਰਤ ਖਸਰਾ ਨੰਬਰ 12//4/2, 17//1/1, 8//24/2, 24//3/1, 24//3/2, 25//3/4, 25//1/1, 17//17, 18/1, 23/2, 24/1, 13//13/1/2, 17//13/3, 14,8//25/3/2, 25//3/3 ਸਥਿਤ ਵਾਕਿਆ ਅਬਾਦੀ ਪਿੰਡ ਤਾਜਪੁਰ ਤਹਿਸੀਲ-2 ਜ਼ਿਲ੍ਹਾ ਜਲੰਧਰ ਪੰਜਾਬ ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 759 ਤਰੀਕ 22-6-2020 ਸ਼੍ਰੀਮਤੀ ਸੰਦੀਪ ਕੌਰ ਪਤਨੀ ਸ੍ਰੀ ਮਨਿੰਦਰਜੀਤ ਸਿੰਘ ਦੇ ਨਾਂਅ, ਮੌਕੇ ਤੇ ਹੱਦਬੰਦੀ ਪੂਰਬ ਸੜਕ, ਪੱਛਮ ਮਾਲਕ, ਉੱਤਰ ਸੜਕ ਦੱਖਣ ਮਾਲਕ। |
| 4. | 1. ਸੁਖਜੀਤਪਾਲ ਸਿੰਘ ਪੁੱਤਰ ਸੁਖਮਿੰਦਰ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਹਰਪਿੰਦਰ ਕੌਰ ਸ੍ਰੀ ਸੁਖਜੀਤਪਾਲ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 09-JULY-2025 | 16-AUG-2025 | ਰੁਪਏ 22,92,769/- (ਬਾਈ ਲੱਖ ਬੰਨਵੇ ਹਜ਼ਾਰ ਸੱਤ ਸੌ ਉਨੱਤਰ ਰੁਪਏ ਕੇਵਲ) | ਰੁਪਏ 24,84,105/- (ਚੌਵੀ ਲੱਖ ਚੁਰਾਸੀ ਹਜ਼ਾਰ ਇੱਕ ਸੌ ਪੰਜ ਰੁਪਏ ਕੇਵਲ) | ਸਾਰਾ ਟੁਕੜਾ ਤੇ ਹਿੱਸਾ ਪਲਾਟ ਪ੍ਰਾਈਵੇਟ ਨੰਬਰ 200 ਦਾ ਹਿੱਸਾ ਜ਼ਮੀਨ ਮਿਨਤੀ 145.83 ਵਰਗ ਗਜ ਅਧਾਰਤ ਖਸਰਾ ਨੰਬਰ 32//2/1, 12/22, 15//16, 16//19, 32//1, 15//14, 16//7/1, 1,14, 13/3, 6/2, 23//20/1, 25//5/1, 24//1/1 ਮਿਨ ਖਤੌਨੀ ਨੰਬਰ 10/18 ਤੋਂ 29 ਜਮਾਂਬੰਦੀ ਸਾਲ 2013-14 ਅਨੁਸਾਰ ਸਥਿਤ ਰਕਬਾ ਕਾਲਾ ਘਾਨੂਪੁਰ ਆਬਾਦੀ ਨਿਊ ਅਰਬਨ ਅਸਟੇਟ ਰਾਮ ਤੀਰਥ ਰੋਡ ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 2020-21/93/1/10063 ਤਰੀਕ 29.12.2020 ਜੋ ਕਿ ਸ਼੍ਰੀਮਤੀ ਹਰਪਿੰਦਰ ਕੌਰ ਪਤਨੀ ਸ੍ਰੀ ਸੁਖਜੀਤ ਪਾਲ ਸਿੰਘ ਦੇ ਨਾਂਅ ਮੌਕੇ ਤੇ ਹੱਦਬੰਦੀ ਪੂਰਬ ਹੋਰਨਾਂ ਦੀ ਮਾਲਕੀ ਪੱਛਮ ਪਲਾਟ ਨੰਬਰ 199, ਉੱਤਰ ਗਲੀ ਨੰਬਰ 30 ਫੁੱਟ ਚੌੜੀ, ਦੱਖਣ ਹੋਰਨਾਂ ਦੀ ਮਾਲਕੀ |
| 5. | 1. ਪੰਕਜ ਕੁਮਾਰ ਪੁੱਤਰ ਸ਼ਿਵ ਸ਼ੰਕਰ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਧੀਰਜ ਕੁਮਾਰ ਪੁੱਤਰ ਸ਼ਿਵ ਸ਼ੰਕਰ (ਸਹਿ-ਕਰਜ਼ਦਾਰ) | 03-AUG-2025 | 16-AUG-2025 | ਰੁਪਏ 5,88,510/- (ਪੰਜ ਲੱਖ ਅਠਾਸੀ ਹਜ਼ਾਰ ਪੰਜ ਸੌ ਦਸ ਰੁਪਏ ਕੇਵਲ) | ਰੁਪਏ 12,25,000/- (ਬਾਰਾਂ ਲੱਖ ਪੱਚੀ ਹਜ਼ਾਰ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਪਲਾਟ ਪ੍ਰਾਈਵੇਟ ਨੰਬਰ 20 ਦਾ ਹਿੱਸਾ ਅਤੇ ਯੂ ਆਈ ਡੀ ਨੰਬਰ ਜੀ-5/18175, ਕੁਲ ਖੇਤਰ 66.66 ਵਰਗ ਗਜ ਅਧਾਰਤ ਖਸਰਾ ਨੰਬਰ 671/110 ਮਿਨ, ਖਾਤਾ/ਖਤੌਨੀ ਨੰਬਰ 262/422 ਜਮਾਂਬੰਦੀ ਸਾਲ 2013-14 ਅਨੁਸਾਰ ਸਥਿਤ ਵਾਕਿਆ ਰਕਬਾ ਤੁੰਦਪਾਈ ਅਰਬਨ ਅਬਾਦੀ ਨਿਊ ਗੋਲਡਨ ਐਵੀਨਿਊ ਨੇੜੇ ਲਕਸ਼ ਕਰਿਆਨਾ ਸਟੋਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 2020-21/93/1/4792, ਤਾਰੀਕ 1-10-2020 ਜੋ ਕਿ ਸ੍ਰੀ ਪੰਕਜ ਕੁਮਾਰ ਪੁੱਤਰ ਸ੍ਰੀ ਸ਼ਿਵ ਸ਼ੰਕਰ ਅਤੇ ਸ੍ਰੀਮਤੀ ਰਾਜਰਾਣੀ ਪਤਨੀ ਸ੍ਰੀ ਸਿਵ ਸ਼ੰਕਰ ਅਤੇ ਸ੍ਰੀ ਧੀਰਜ ਕੁਮਾਰ ਪੁੱਤਰ ਸ੍ਰੀ ਸ਼ਿਵ ਸ਼ੰਕਰ ਦੇ ਨਾਂਅ ਹੈ। ਮੌਕੇ ਤੇ ਹੱਦਬੰਦੀ ਪੂਰਬ ਗਲੀ 18 ਫੁੱਟ ਚੌੜੀ, ਪੱਛਮ ਖਾਲੀ ਪਲਾਟ, ਉੱਤਰ ਹੋਰਨਾਂ ਦੀ ਮਾਲਕੀ ਯੂ ਆਈ ਡੀ ਨੰਬਰ ਜੀ-5/18176, ਦੱਖਣ ਗਲੀ 8 ਫੁੱਟ ਚੌੜੀ |
| 6. | 1. ਬਲਵੀਰ ਕੌਰ ਪਤਨੀ ਸ੍ਰੀ ਬਲਦੇਵ ਰਾਜ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਬਲਦੇਵ ਰਾਜ ਪੁੱਤਰ ਸ੍ਰੀ ਉਜਾਗਰ ਸਿੰਘ (ਸਹਿ-ਕਰਜ਼ਦਾਰ) | 08-AUG-2025 | 16-AUG-2025 | ਰੁਪਏ 24,36,024/- (ਚੌਵੀ ਲੱਖ ਛੱਤੀ ਹਜ਼ਾਰ ਚੌਵੀ ਰੁਪਏ ਕੇਵਲ) | ਰੁਪਏ 26,00,000/- (ਛੱਬੀ ਲੱਖ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਪਲਾਟ ਹਾਊਸ ਨੰਬਰ 1 ਦਾ ਹਿੱਸਾ ਮਿਨਤੀ ਰਕਬਾ (6 ਮਰਲੇ 244 ਵਰਗ ਫੁੱਟ (6 ਮਰਲਾ 244 ਵਰਗ ਫੁੱਟ ਮਿਣਤੀ 37 ਫੁੱਟ-4 ਇੰਚ 50-3 ਇੰਚ ਬਰਾਬਰ ਹੈ 1876 ਵਰਗ ਫੁੱਟ ਮਰਲਾ ਮਿਣਤੀ 272 ਵਰਗ ਫੁੱਟ, 9 ਮਰਲਾ=ਮਰਲੇ 207 ਵਰਗ ਫੁੱਟ) ਅਧਾਰਤ ਖਸਰਾ ਨੰਬਰ 27//7/3, 27//8, 27//13/2, 27//3, 27//4/1/1, ਖਾਤਾ ਨੰਬਰ 47/57, 177/243 ਜਮਾਂਬੰਦੀ ਸਾਲ 2013-14 ਅਨੁਸਾਰ ਸਥਿਤ ਵਾਕਿਆ ਪਿੰਡ ਬੁਲੰਦਪੁਰ, ਅਬਾਦੀ ਐਸ ਐਸ ਵਿੱਲਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਪੰਜਾਬ ਹੱਦਬਸਤ ਨੰਬਰ 162 ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 2020-21/187/1/3209, ਮਿਤੀ 29.09.2020 ਜੋ ਕਿ ਸ੍ਰੀਮਤੀ ਬਲਬੀਰ ਕੌਰ ਪਤਨੀ ਸ੍ਰੀ ਬਲਦੇਵ ਰਾਜ ਦੇ ਨਾਂਅ ਹੈ, ਮੌਕੇ ਤੇ ਹੱਦਬੰਦੀ ਪੂਰਬ ਸੜਕ 37 ਫੁੱਟ 4 ਇੰਚ ਪੱਛਮ ਵਿਪਨ ਕੁਮਾਰ ਤੇ ਡਿਗਰੀ 37 ਫੁੱਟ 4 ਇੰਚ, ਉੱਤਰ ਡਿਗਰੀ 50 ਫੁੱਟ 3 ਇੰਚ ਦੱਖਣ ਪਲਾਟ ਨੰਬਰ 2/50 ਫੁੱਟ 3 ਇੰਚ |
| 7. | 1. ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਬਸੰਤ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਮਨਦੀਪ ਕੌਰ ਪਤਨੀ ਸ੍ਰੀ ਅਵਤਾਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-AUG-2025 | 15-AUG-2025 | ਰੁਪਏ 23,31,863/- (ਤੇਈ ਲੱਖ ਇਕੱਤੀ ਹਜ਼ਾਰ ਅੱਠ ਸੌ ਤਰੇਹਠ ਰੁਪਏ ਕੇਵਲ) | ਰੁਪਏ 26,50,000/- (ਛੱਬੀ ਲੱਖ ਪੰਜਾਹ ਹਜ਼ਾਰ ਸਿਰਫ਼) | ਸਾਰਾ ਹਿੱਸਾ ਤੇ ਟੁੱਕੜਾ ਮਕਾਨ ਨੰਬਰ ਐਲ-10/912 ਦਾ ਹਿੱਸਾ, ਮਿਨਤੀ 107.78 ਵਰਗ ਗਜ ਅਧਾਰਤ ਖਸਰਾ ਨੰਬਰ 2312/1572, ਮਿਨ, ਖੇਵਟ/ਖਤੌਨੀ ਨੰਬਰ 492/651 ਜਮਾਂਬੰਦੀ 2011-12 ਅਨੁਸਾਰ। ਸਥਿਤ ਰਕਬਾ ਸੁਲਤਾਨਵਿੰਡ ਅਰਬਨ ਆਬਾਦੀ ਸ਼ਹੀਦ ਊਧਮ ਸਿੰਘ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ, ਹੱਦਬਸਤ ਨੰਬਰ 286 ਰਜਿਸਟਰਡ ਸੇਲ ਡੀਡ ਵਸੀਕਾ/ਡਾਕੂਮੈਂਟ ਨੰਬਰ 2018-19/89/1/3361, ਮਿਤੀ 07.12.2018 ਜੋ ਕਿ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਅਵਤਾਰ ਸਿੰਘ ਦੇ ਨਾਂਅ ਹੈ। ਮੌਕੇ ਤੇ ਹੱਦਬੰਦੀਲ ਪੂਰਬ ਦੁਕਾਨ ਨੰਬਰ 1 ਤੇ 2, ਪੱਛਮ ਮਹਿੰਦਰ ਸਿੰਘ, ਉੱਤਰ ਮਾਲਕ ਚਮਕੌਰ ਸਿੰਘ, ਦੱਖਣ ਦੁਕਾਨ ਨੰਬਰ 2 ਅਤੇ ਮਕਾਨ ਪਰਮਜੀਤ ਕੁਮਾਰ। |
| 8. | 1. ਸ੍ਰੀ ਰਤਨ ਸਿੰਘ ਪੁੱਤਰ ਸ੍ਰੀ ਬਲਕਾਰ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਕੁਲਦੀਪ ਕੌਰ ਪਤਨੀ ਰਤਨ ਸਿੰਘ (ਸਹਿ-ਕਰਜ਼ਦਾਰ) | 09-JULY-2025 | 15-AUG-2025 | ਰੁਪਏ 6,80,508.40/- (ਛੇ ਲੱਖ ਅੱਸੀ ਹਜ਼ਾਰ ਪੰਜ ਸੌ ਅੱਠ ਰੁਪਏ ਚਾਲੀ ਪੈਸੇ ਕੇਵਲ) | ਰੁਪਏ 11,35,241/- (ਗਿਆਰਾਂ ਲੱਖ ਪੈਂਤੀ ਹਜ਼ਾਰ ਦੋ ਸੌ ਇਕਤਾਲੀ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਮਕਾਨ ਨੰਬਰ 1120 ਦਾ ਹਿੱਸਾ ਨੰਬਰ ਮਿਨਤੀ 0 ਕਨਾ-7 ਮਰਲਾ-3 ਸਰਸਾਈ, ਅਧਾਰਤ ਖੇਵਟ ਨੰਬਰ 53, ਖਤੌਨੀ ਨੰਬਰ 59, ਖਸਰਾ ਨੰਬਰ 8//25/1 (6-4), 11/186 ਸਾਲ 2017-18 ਦੀ ਜਮਾਂਬੰਦੀ ਅਨੁਸਾਰ, ਸਥਿਤ ਵਾਕਿਆ ਪਿੰਡ ਕੇਹਰਵਾਲੀ, ਵਾਰਡ ਨੰਬਰ 8. ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਹਦਬਸਤ ਨੰਬਰ-132, ਰਜਿਸਟਰਡ ਵਾਈਡ ਸੇਲ ਡੀਡ ਵਸੀਕਾ/ਡਾਕੂਮੈਂਟ ਨੰਬਰ 2488, ਮਿਤੀ-19.02.2007 ਜੋ ਕਿ ਰਤਨ ਸਿੰਘ ਪੁੱਤਰ ਬਲਕਾਰ ਸਿੰਘ ਦੇ ਨਾਂਅ ਹੈ। |
| 9. | 1. ਸ੍ਰੀ ਨਵਜੋਤ ਸਿੰਘ ਅੰਸ਼ ਪੁੱਤਰ ਸ੍ਰੀ ਗੁਰਜੀਤ ਸਿੰਘ (ਕਰਜ਼ਦਾਰ) ਅਤੇ 2. ਸ੍ਰੀਮਤੀ ਹਰਜਿੰਦਰ ਕੌਰ ਪਤਨੀ ਗੁਰਜੀਤ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 08-AUG-2025 | 15-AUG-2025 | ਰੁਪਏ 27,18,955/- (ਸਤਾਈ ਲੱਖ ਅਠਾਰਾਂ ਹਜ਼ਾਰ ਨੌਂ ਸੌ ਪਚਵੰਜਾ ਰੁਪਏ ਕੇਵਲ) | ਰੁਪਏ 28,33,750/- (ਅਠਾਈ ਲੱਖ ਤੇਤੀ ਹਜ਼ਾਰ ਸੱਤ ਸੌ ਪੰਜਾਹ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਪਲਾਟ ਨੰਬਰ 112 ਦਾ ਹਿੱਸਾ ਮਿਨਤੀ ਰਕਬਾ 138 ਵਰਗ ਗਜ ਅਧਾਰਤ ਖਸਰਾ ਨੰਬਰ 50//1 ਮਿਨ, ਸਥਿਤ ਵਸੀਕਾ ਰਕਬਾ ਕਾਲਾ ਘਨੂਪੁਰ, ਸਬ-ਅਰਬਨ ਅਬਾਦੀ ਮੈਕਸ ਸਿਟੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ। ਰਜਿਸਡਰਡ ਵਾਈਡ ਸੇਲ ਡੀਡ ਵਸੀਕਾ ਨੰਬਰ 7946, ਮਿਤੀ 26-9-17 ਜੋ ਕਿ ਹਰਜਿੰਦਰ ਕੌਰ ਪਤਨੀ ਸ੍ਰੀ ਗੁਰਜੀਤ ਸਿੰਘ ਦੇ ਨਾਂਅ ਹੈ। ਮੌਕੇ ਤੇ ਹੱਦਬੰਦੀ ਪੂਰਬ ਪਲਾਟ ਨੰਬਰ 111, ਪੱਛਮ ਸੜਕ 20 ਫੁੱਟ ਚੌੜੀ, ਉੱਤਰ ਸੜਕ 30 ਫੁੱਟ, ਦੱਖਣ ਪਲਾਟ ਨੰਬਰ 113 |
| 10. | 1. ਸ੍ਰੀ ਰਿਸ਼ੀ ਖੰਨਾ ਪੁੱਤਰ ਦਰਸ਼ਨ ਖੰਨਾ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਗੀਤਾ ਖੰਨਾ ਅਤੇ ਰਿਸ਼ੀ ਖੰਨਾ (ਸਹਿ-ਕਰਜ਼ਦਾਰ) | 27-JUNE-2025 | 27-AUG-2025 | ਰੁਪਏ 10,69,593/- (ਦਸ ਲੱਖ ਉਨੱਤਰ ਹਜ਼ਾਰ ਪੰਜ ਸੌ ਤਿਰੰਨਵੇਂ ਰੁਪਏ ਕੇਵਲ) | ਰੁਪਏ 26,75,000/- (ਛੱਬੀ ਲੱਖ ਪਝੱਤਰ ਹਜ਼ਾਰ ਰੁਪਏ ਕੇਵਲ) | ਸਾਰਾ ਟੁੱਕੜਾ ਤੇ ਹਿੱਸਾ ਜਾਇਦਾਦ ਪਲਾਟ ਪ੍ਰਾਈਵੇਟ ਨੰਬਰ 149 ਦਾ ਹਿੱਸਾ ਮਿਨਤੀ 136.11 ਵਰਗ ਗਜ ਅਧਾਰਤ ਖਸਰਾ ਨੰਬਰ 95//13/2/2, 14, 13/1, 13/2/1, 18, 95//24, 98//4, 95//25/1, 98//5/1 ਮਿਨ, ਖਾਤਾ ਖਤੌਨੀ ਨੰਬਰ 769/1288, 789/1337, 805/1359, ਸਾਲ 2011-12 ਦੀ ਜਮਾਂਬੰਦੀ ਅਨੁਸਾਰ ਹਦਬਸਤ ਨੰਬਰ 344 ਸਥਿਤ ਪਿੰਡ ਮੀਰਾ ਕੋਟ ਕਲਾਂ, ਵਾਈਟ ਐਵਨਿਊ ਕਲੋਨੀ ਨੇੜੇ ਉਸਾਰੀ ਅਧੀਰ ਕਲੋਨੀ ਇੰਪੀਰੀਅਲ ਸਿਟੀ, ਲੋਹਾਰਕਾ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਜੋ ਕਿ ਸ੍ਰੀ ਰਿਸ਼ੀ ਖੰਨਾ, ਪੁੱਤਰ ਦਰਸ਼ਨ ਖੰਨਾ ਦੇ ਨਾਂਅ ਰਜਿਸਟਰਡ ਹੈ, ਵਾਈਡ ਸੇਲ ਡੀਡ ਡਾਕੂਮੈਂਟ ਨੰਬਰ 2018-19/93/1/9893, ਮਿਤੀ 29 ਮਾਰਚ 2019, ਹੱਦਬੰਦੀ (ਸੇਲ ਡੀਡ ਅਨੁਸਾਰ), ਪੂਰਬ ਪਲਾਟ ਨੰਬਰ 148, ਪੱਛਮ ਪਲਾਟ ਨੰਬਰ 150, ਉੱਤਰ ਸੜਕ 30 ਫੁੱਟ ਚੌੜੀ, ਦੱਖਣ ਪਲਾਟ ਨੰਬਰ 129 |

ਇਸ ਲਈ ਇਹ ਜਨਤਕ ਨੋਟਿਸ ਸਿੱਧੇ ਸੰਚਾਰ ਹਿੱਤ ਜਾਰੀ ਕੀਤਾ ਗਿਆ ਹੈ।
ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ, ਜਿੱਥੇ ਲਾਗੂ ਹੈ, ਨੂੰ ਬਕਾਇਆ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਹੈ। ਅਸਫਲ ਰਹਿਣ 'ਤੇ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਤਹਿਤ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਹਵਾਲਾ ਲੈਣ ਲਈ ਕਿਹਾ ਜਾਂਦਾ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (13) ਅਧੀਨ ਕਰਜ਼ਦਾਰ ਇਸ ਨੋਟਿਸ ਦੇ ਹਵਾਲੇ ਵਾਲੇ ਉਸ ਦੇ ਸਕਿਉਰਡ ਐੱਸਟਸ, ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ, ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 10.09.2025 (ਅਧਿਕਾਰਤ ਅਫਸਰ)
ਸਥਾਨ : ਪੰਜਾਬ ਐਕਸਿਸ ਬੈਂਕ ਲਿਮਟਿਡ

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਰਾਹਤ ਕਾਰਜਾਂ ਦੇ ਦੂਜੇ ਫੇਜ਼ ਦੀ ਆਰੰਭਤਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)-** ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਇਸ ਸਬੰਧੀ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਹੜ੍ਹ ਰਾਹਤ ਸੇਵਾਵਾਂ ਦਾ ਦੂਜਾ ਫੇਜ ਅਰੰਭ ਕੀਤਾ ਗਿਆ ਜਿਸ ਵਿੱਚ ਪਸ਼ੂਆਂ ਦਾ ਚਾਰਾ ,ਦਵਾਈਆਂ, ਸੁੱਕਾ ਰਾਸ਼ਨ, ਮੱਛਰਦਾਨੀਆਂ,ਬੈਡ ਸਮੇਤ ਗੱਦੇ,ਮਰੇ ਪਸ਼ੂਆਂ ਦੀ ਸੰਭਾਲ ਲਈ ਜੇ.ਸੀ.ਬੀ. ਮਸੀਨਾਂ ਦੀ ਸੇਵਾ ਸਮੇਤ ਲੋੜਵੰਦ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਨੇ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ ਵਿਖੇ ਟਰੱਸਟ ਵੱਲੋਂ ਅਕਾਲ ਅਕੈਡਮੀਆਂ ਵਿੱਚ ਸਥਾਪਤ ਵੇਅਰਹਾਊਸ ਵਿਖੇ ਸੰਗਤਾਂ ਨੂੰ ਇਸ ਸਾਮਾਨ ਦੀ ਸੇਵਾ ਭੇਜਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਹੜ੍ਹ ਰਾਹਤ ਸੇਵਾਵਾਂ ਵਿੱਚ ਸਾਮਿਲ ਟਰੱਸਟ ਦੇ ਸੇਵਾਦਾਰਾਂ ਤੇ ਵਲੰਟੀਅਰ ਨੂੰ ਦੂਜੇ ਫੇਜ ਵਿੱਚ ਸੇਵਾਵਾਂ ਬਾਰੇ ਜਾਣਕਾਰੀ ਦੇ ਦਿੱਤੀ ਹੈ ਅਤੇ ਹੜ੍ਹ ਪੀੜਤ ਪਰਿਵਾਰਾਂ ਦੀ ਸਨਾਖਤ ਕਰਕੇ ਉਨ੍ਹਾਂ ਤੱਕ ਜ਼ਰੂਰੀ ਸਹਾਇਤਾ ਪਹੁੰਚ ਜਾਣ ਬਾਰੇ ਵੇਰਵੇ ਇਕੱਤਰ ਕਰਨ ਨੂੰ ਆਖਿਆ ਗਿਆ ਹੈ ਤਾਂ ਜੋ ਇਹ ਸੇਵਾ ਲੋੜਵੰਦ ਤੇ ਹੱਕਦਾਰ ਹੜ੍ਹ ਪੀੜਤਾਂ ਕੋਲ ਸਿੱਧੇ ਤੌਰ 'ਤੇ ਪਹੁੰਚ ਸਕੇ। ਉਨ੍ਹਾਂ ਦੱਸਿਆ ਕਿ ਉਪਰੋਕਤ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾਣਗੇ। ਹੁਣ ਤੱਕ ਲਗਪਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁੱਰਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਉਨ੍ਹਾਂ ਕਿਹਾ ਦੇਸ਼ ਵਿੱਚ ਜਦੋ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤੱਤਪਰ ਰਹਿੰਦੀ ਹੈ।

# ਗੁ. ਨਿਰਮਲ ਕੁਟੀਆ ਕਿਲ੍ਹਾ ਵਿਖੇ ਹੜ੍ਹ ਪੀੜਤਾਂ ਲਈ ਖ਼ੂਨਦਾਨ ਕੈਂਪ ਲਗਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ) -** ਗੁਰਦੁਆਰਾ ਨਿਰਮਲ ਕੁਟੀਆ ਕਿਲਾ ਬਰੂਨ ਛੋਟਾ ਬਜਵਾੜਾ ਵਿਖੇ ਹੜ੍ਹ ਪੀੜਤਾਂ ਵਾਸਤੇ ਭਾਈ ਘਨੱਈਆ ਜੀ ਬਲੱਡ ਬੈਂਕ ਮਿੱਠਾ ਟਿਵਾਣਾ ਹੁਸ਼ਿਆਰਪੁਰ ਦੇ ਭਰਪੂਰ ਸਹਿਯੋਗ ਸਦਕਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ ਸਮੇਤ ਹੋਰ ਸੰਤਾਂ ਮਹਾਂਪੁਰਸ਼ਾਂ ਅਤੇ ਦਾਨੀ ਸੱਜਣਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਸੰਤ ਕਰਮਜੀਤ ਸਿੰਘ, ਸੰਤ ਬਲਵੀਰ ਸਿੰਘ ਟਿੱਬਾ ਸਾਹਿਬ, ਸੁਖਵਿੰਦਰ ਪਾਲ, ਗੁਰਜੀਤ ਸਿੰਘ, ਨਿਰਮਲ ਸਿੰਘ, ਮਹਿੰਦਰ ਸਿੰਘ, ਭੁਪਿੰਦਰ ਸਿੰਘ, ਅਤੇ ਨੌਜਵਾਨ ਸਭਾ ਕਿਲਾ ਬਰੂਨ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਸੰਤ ਮਹਾਂਵੀਰ ਸਿੰਘ ਤਾਜੇਵਾਲ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ। ਲੋੜ ਵੇਲੇ ਕਿਸੇ ਵਿਅਕਤੀ ਦੀ ਦਾਨ ਕੀਤੇ ਹੋਏ ਖ਼ੂਨ ਨਾਲ ਜਾਨ ਬਚਾਈ ਜਾ ਸਕਦੀ ਹੈ। ਉਹਨਾਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਲਗਾਤਾਰ ਹੋਈ ਬਾਰਿਸ਼ ਅਤੇ ਹੜ੍ਹਾਂ ਨਾਲ ਪੰਜਾਬ ਵਾਸੀਆਂ ਦਾ ਭਾਰੀ ਨੁਕਸਾਨ ਹੋਇਆ ਹੈ। ਸਮੇਂ ਤੇ ਪ੍ਰਸਥਿਤੀਆਂ ਨੂੰ ਮੁੱਖ ਰੱਖਦੇ ਹੋਏ ਇਹ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ।

# ਐਲ ਪੀ ਯੂ ਨੂੰ ਚੈਂਪੀਅਨ ਟੀਮ ਦੇ ਸੱਤ ਮੈਂਬਰਾਂ 'ਤੇ ਵਿਸ਼ੇਸ਼ ਮਾਣ : ਚਾਂਸਲਰ ਡਾ. ਮਿੱਤਲ

## ਐਲ ਪੀ ਯੂ ਦੇ ਵਿਦਿਆਰਥੀਆਂ ਏਸ਼ੀਆ ਕੱਪ ਹਾਕੀ 'ਚ ਭਾਰਤ ਦੀ ਜਿੱਤ ਵੱਲ ਕੀਤੀ ਅਗਵਾਈ



**ਜਲੰਧਰ ( ਸ਼ੈਲੀ ਐਲਬਰਟ)-**ਭਾਰਤੀ ਪੁਰਸ਼ ਹਾਕੀ ਟੀਮ ਨੇ ਇੱਕ ਰੋਮਾਂਚਕ ਫਾਈਨਲ ਵਿੱਚ ਦੱਖਣੀ ਕੋਰੀਆ ਵਰਗੀ ਮਜ਼ਬੂਤ ਟੀਮ ਨੂੰ 4-1 ਨਾਲ ਹਰਾ ਕੇ ਏਸ਼ੀਆ ਕੱਪ 2025 ਦਾ ਖਿਤਾਬ ਜਿੱਤ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਜਦੋਂ ਕਿ ਪੂਰਾ ਦੇਸ਼ ਇਸ ਜਿੱਤ ਦਾ ਜਸ਼ਨ ਮਨਾ ਰਿਹਾ ਹੈ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਬਹੁਤ ਮਾਣ ਮਹਿਸੂਸ ਕਰ ਰਹੀ ਹੈ ਕਿਉਂਕਿ ਇਸ ਚੈਂਪੀਅਨ ਟੀਮ ਦੇ ਮੁੱਖ ਹਿੱਸੇ ਵਿੱਚ ਇਸ ਦੇ ਸੱਤ ਪ੍ਰਤਿਭਾਸ਼ਾਲੀ ਵਿਦਿਆਰਥੀ ਹਨ। ਇਸ ਜਿੱਤ ਨੇ ਸਿੱਧੇ ਤੌਰ 'ਤੇ ਬੈਲਜੀਅਮ ਅਤੇ ਨੀਦਰਲੈਂਡਜ਼ ਵਿੱਚ ਹੋਣ ਵਾਲੇ ਐਫ ਆਈ ਐਚ ਪੁਰਸ਼ ਹਾਕੀ ਵਿਸ਼ਵ ਕੱਪ 2026 ਲਈ ਕੁਆਲੀਫਾਈ ਕੀਤਾ ਹੈ। ਐਲ ਪੀ ਯੂ ਨੂੰ ਚੈਂਪੀਅਨ ਟੀਮ ਦੇ ਸੱਤ ਮੈਂਬਰਾਂ 'ਤੇ ਵਿਸ਼ੇਸ਼ ਮਾਣ ਹੈ ਜੋ ਇਸ ਦੇ ਵਿਦਿਆਰਥੀ ਹਨ, ਜਿਨ੍ਹਾਂ ਵਿੱਚ ਹਰਮਨਪ੍ਰੀਤ ਸਿੰਘ, ਕਪਤਾਨ, ਜੁਗਰਾਜ ਸਿੰਘ, ਹਾਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ ਅਤੇ ਸੁਖਜੀਤ ਸਿੰਘ ਸ਼ਾਮਲ ਹਨ, ਜਿਨ੍ਹਾਂ ਨੇ ਮਹੱਤਵਪੂਰਨ ਸ਼ੁਰੂਆਤੀ ਗੋਲ ਕਰਕੇ ਮੈਚ ਵਿੱਚ ਇੱਕ ਰੋਮਾਂਚਕ ਮੋੜ ਜੋੜਿਆ। ਪੂਰੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਆਪਣੇ ਅਸਾਧਾਰਨ ਹੁਨਰ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕੀਤਾ ਤਾਂ ਜੋ ਇਹ ਕੱਪ ਜਿੱਤਿਆ ਜਾ ਸਕੇ।ਚੈਂਪੀਅਨਾਂ ਨੂੰ ਵਧਾਈ ਦਿੰਦੇ ਹੋਏ ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਸਾਡੇ ਐਥਲੀਟਾਂ ਨੇ ਸਾਡੇ ਦੇਸ਼ ਨੂੰ ਮਾਣ ਦਿਵਾਇਆ ਹੈ ਅਤੇ ਲੱਖਾਂ ਨੌਜਵਾਨ ਭਾਰਤੀਆਂ ਨੂੰ ਪ੍ਰੇਰਿਤ ਕੀਤਾ ਹੈ। ਇਹ ਜਿੱਤ ਸਿਰਫ ਹਾਕੀ ਬਾਰੇ ਨਹੀਂ ਹੈ; ਇਹ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀਆਂ ਵਧਦੀਆਂ ਸਮਰੱਥਾਵਾਂ ਬਾਰੇ ਹੈ, ਅਤੇ ਸਾਨੂੰ ਚੈਂਪੀਅਨ ਤਿਆਰ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣ 'ਤੇ ਮਾਣ ਹੈ। ਐਲ ਪੀ ਯੂ ਦੀ ਖੇਡ ਉੱਤਮਤਾ ਪ੍ਰਤੀ ਵਚਨਬੱਧਤਾ ਇਸਦੇ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਦੁਆਰਾ ਪ੍ਰਦਰਸ਼ਿਤ ਹੁੰਦੀ ਹੈ ਜਿਸ ਵਿੱਚ ਓਲੰਪਿਕ-ਪੱਧਰ ਦੀਆਂ ਸਹੂਲਤਾਂ, ਸਕਾਲਰਸ਼ਿਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਅਤੇ ਮਾਹਰ ਕੋਚਿੰਗ ਮਾਰਗਦਰਸ਼ਨ ਸ਼ਾਮਲ ਹਨ।

# ਦੀ ਲੈਂਡਮਾਰਕ ਸਕੂਲ ਦੇ ਕਰਾਟੇ ਖਿਡਾਰੀਆਂ ਨੇ ਵਧਾਇਆ ਮਾਣ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-** ਦੀ ਲੈਂਡਮਾਰਕ ਸਕੂਲ ਭੋਗਪੁਰ ਦੇ ਬੱਚਿਆਂ ਨੇ ਸੀ ਕੇ ਸੀ ਆਲ ਇੰਡੀਆ ਕਰਾਟੇ ਮੁਕਾਬਲੇ ਵਿੱਚ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਕੋਬਰਾ ਕਰਾਟੇ ਸੈਂਟਰ ਵੱਲੋਂ ਐਚ ਐਮ ਬੀ ਕਾਲਜ ਜਲੰਧਰ ਵਿਖੇ ਕਰਾਟੇ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ 44 ਕਲੱਬਾਂ ਅਤੇ ਸਕੂਲਾਂ ਦੇ ਲਗਭਗ 520 ਬੱਚਿਆਂ ਨੇ ਹਿੱਸਾ ਲਿਆ। ਕੋਚ ਜਤਿੰਦਰ ਕੁਮਾਰ, ਮੁੱਖ ਕੋਚ ਰੰਜੀਵ ਕੁਮਾਰ ਨਾਗਪਾਲ ਦੀ ਨਿਗਰਾਨੀ ਹੇਠ ਬੱਚਿਆਂ ਦੇ ਕਰਾਟੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਦੀ ਲੈਂਡਮਾਰਕ ਸਕੂਲ ਦੇ ਵਿਦਿਆਰਥੀਆਂ ਯਸ਼ਦੀਪ ਸਿੰਘ, ਕਰਨਵੀਰ ਸਿੰਘ ਨੇ ਗੋਲਡ ਤਗਮਾ ਅਤੇ ਹਰਜੀ ਸਿੰਘ ਰਾਏ, ਮੋਹਿਤ ਕੁਮਾਰ ਨੇ ਸਿਲਵਰ ਤਗਮਾ ਅਤੇ ਮਾਨਵਜੋਤ ਸਿੰਘ, ਗੋਬਿੰਦ ਸਿੰਘ, ਏਕਨੂਰ ਸਿੰਘ, ਤਨਵੀਰ ਕੌਰ, ਸੰਦੀਪ ਕੌਰ ਅਤੇ ਇਸ਼ਨੂਰ ਕੌਰ ਨੇ ਕਾਂਸੀ ਦਾ ਤਗਮਾ ਜਿੱਤਿਆ।ਸਕੂਲ ਦੇ ਪ੍ਰਿੰਸੀਪਲ ਸੋਨਮ ਸ਼ਰਮਾ ਨੇ ਬੱਚਿਆਂ ਨੂੰ ਵਧਾਈ ਦਿੱਤੀ ।ਚੇਅਰਮੈਨ ਇੰਜੀਨੀਅਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਬੱਚੇ ਅਗਲੀ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਵਿੱਚ ਮਲੇਸ਼ੀਆ ਭਾਗ ਲੈਣ ਜਾ ਰਹੇ ਹਨ ।

# ਬਾਬਾ ਸ੍ਰੀ ਚੰਦ ਜੀ ਦਾ 531ਵਾਂ ਪ੍ਰਕਾਸ਼ ਪੁਰਬ ਮਨਾਇਆ

**ਅੱਡਾ ਸਰਾਂ (ਜਸਵੀਰ ਕਾਜਲ)-** ਡੇਰਾ ਮਹਾਨ ਤਪੱਸਵੀ ਸ੍ਰੀਮਾਨ 108 ਸੰਤ ਬਾਪੂ ਬਿਸ਼ਨ ਦਾਸ ਜੀ ਉਦਾਸੀਨ ਨਗਰ ਸਰਿਆਲਾ ਮੁੰਡੀਆਂ ਹੁਸ਼ਿਆਰਪੁਰ ਵਿਖੇ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਪਵਿੱਤਰ ਪ੍ਰਕਾਸ਼ ਉਤਸਵ ਬਾਬਾ ਸੁਖਵਿੰਦਰ ਦਾਸ ਉਦਾਸੀਨ ਦੇ ਦੇਖ ਦੇਖ ਹੇਠ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਸੰਦੀਪ ਸਿੰਘ ਕੂੰਟਾਂ ਹੁਸ਼ਿਆਰਪੁਰ ਵਾਲਿਆਂ ਦੇ ਕੀਰਤਨੀ ਜਥੇ ਨੇ ਕੀਰਤਨ ਅਤੇ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਲਈ ਚਾਹ ਮਠਿਆਈਆਂ ਦੇ ਲੰਗਰ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਬਾਬਾ ਤਜਿੰਦਰ ਦਾਸ, ਦਵਿੰਦਰ ਸਿੰਘ, ਕਰਮ ਸਿੰਘ, ਗੁਰਦੇਵ ਸਿੰਘ, ਬਲਦੀਪ ਝਾਵਾ, ਜੋਤ, ਨਿੱਕੂ, ਜੱਸਾ, ਗੁਰਮੁਖ ਸਿੰਘ, ਬਾਲਾ ਦੀਨ ਅਤੇ ਅਮਰੀਕ ਸਿੰਘ ਮੀਕਾ ਅਤੇ ਹੋਰ ਸੰਗਤਾਂ ਹਾਜ਼ਰ ਸਨ।



# ਕਲਾਸੀਫਾਈਡ ਇਸ਼ਤਿਹਾਰ

## Change of Name

I, Mohammed Tabrej S/o Sheikh Aslam R/o Hari krishana Nagar Village and PO Bajwara Distt. Hoshiarpur Punjab have changed my name from Mohammed Tabrej to Mohammad Tabrez. Concerned note.

I, Maninder S/o Kishan Lal R/o H.No. 56, Street No. 03, Opp. Driving Training Center, Tanda bypass road Mohalla Puran Nagar, Distt. Hoshiarpur 146001 Punjab have changed my name from Maninder to Maninder Singh. Concerned note.

I, Kishan Singh Father of No.19003136A Sep. Rakesh Singh Resident of Vill. Chak Moujdin Wala, P.O. Jalalabad, Teh. Jalalabad, Distt. Fazilka, Punjab have changed my name from Kishan Singh to Krishan Singh vide affidavit dated 08/09/2025 before executive Magistrate. (State Punjab)

I, Juginder Singh S/O Mohar Singh R/O 112, Jagoli (314), PO Udaipur Distt. Ambala, Haryana have changed my name from Juginder Singh to Joginder Singh. Concerned note.

I, AMARJIT SINGH S/O JOGINDER SINGH R/O Vill.Sadarpur, Po.Baja Chak, Teh.Dasuya, Distt.Hoshiarpur, Punjab 144205 have Changed my name from AMARJIT SINGH to AMARJEET SINGH. All concerned Please Note.

I, Paramjeet Singh S/o Kuldeep Singh R/O VPO. Mand Miani, Bhagupurian, Teh. Bholath, Distt. Kapurthala, Punjab I Have Changed My Name From Paramjeet Singh To Singh Paramjeet. (Singh As Surname). All Note.

I, Narinder Singh S/o Harbans Singh, R/o H.No. 2, Ramesh Colony, Near Old Jawahar Nagar, Jalandhar, Punjab, India, have changed my name from Narinder Singh to NARINDER SINGH GULATI. All concerned please note.

I, Jaspal S/o Bishan Dass R/o Nanda Chaur,Hoshiarpur, Punjab-146114 changed my name to Jaspal Kumar.

I, Geeta W/o Binny Singh, R/o H.No. 329, Defence Colony, Opp. Reliance Mall, Jalandhar have changed my name from Geeta Sharma to Geeta.

I, Asha Rani Katoch W/o Paramjeet Singh, R/o QTR NO. 09, Type- III, 113 Bn BSF Shikar, Dera Baba Nanak, Distt. Gurdaspur have changed my name from Asha Rani Katoch To Asha Katoch.

I Harshdeep Kumar S/o Sandeep Kumar, R/o H.No. 196, Bootan Pind, Jalandhar, Punjab have changed my name from Harshdeep to Harshdeep Kumar. All concerned may note.

I, Gurmej Singh Khalsa S/o Shri Atma Singh R/o Vill-Rawal Dr. Bhulana Teh and District Kapurthala, Have Changed My Name To Gurmej Singh.

I, Rajwinder Singh W/o Sarabjit Singh R/o Padri Distrillery Khasa, Amritsar Punjab-143107 have changed my name from Rajwinder Singh to Rajwinder Kaur

I, Rashpal Singh S/o Karam Singh R/o VPO Nangali Tehsil and District Amritsar have changed my name from Rashpal Singh to Rashpal Singh Gill

I, Gurkaran Singh S/o Kuldeep Singh R/o VPO Bhangwan Tehsil and District Amritsar have declare that Gurkaran is my Given name and Singh is my Surname.

I, Santosh Kumari W/o Jugal Kishore R/o Ward No.11 Ram Sharnam Colony, Kahnuwan Road, Gurdaspur, Tehsil/Distt Gurdaspur, Punjab-143521. Have changed my name from Santosh Kumari to Chanda Gautam.

I, Ashok Masih S/o Manir Masih R/o Vill. Rajuwal, PO. Naushera Majja Singh, Tehsil Batala, Distt. Gurdaspur, Punjab have changed the name of my minor daughter from Estar Hillan to Ester Helen. Concerned Note.

I, Steephen S/o Patras Masih R/o H.No. 414, Main Bazaar, Village Pholriwal, Garha, Jalandhar, Punjab-144022 have changed my name from Steephen to Steephen Masih. All concerned please note.

I, Balwinder Singh Sandhu S/o Sakatar Singh R/o Nandanpur Colony, PO. Nagra, Jalandhar have changed my name to Balwinder Singh. All concerned please note.

I, Ram Dass S/o Sh. Dhani Ram Mittal R/o Flat No. 3, Floor 5th, Paradise Apartment, Chadha Complex, Lajpat Nagar, Jalandhar, Punjab-144001 have changed my name from Ram Dass to Ram Dass Mittal. All concerned please note.

## Change of Name

I, Sukhdeep Kaur W/o Balwinder Singh Sangha R/o VPO. Jandu Singha Moga Patti, Jalandhar have changed my name to Sukhdeep Kaur Sangha. All concerned please note.

I, Sarfraj S/o Dilbar Singh R/o Village Leserwal, Post Office Adampur Doaba, District Jalandhar, Punjab have changed my name from Sarfraj to Sarfraj Maan (Maan as Surname). All concerned please note.

I, Kuljeet W/O Harsimran Singh R/O H.No 25, St. No-4, Shaheed Baba Deep Singh Nagar, Dugri Dhandra Road, Basant Avenue Ludhiana Punjab, Declare That Kuljeet And Pinki Is One And Same Person.

I, Meenakshi Handa w/o Rahul Chhabra r/o 1125, Street No. 3, St. Soldier School, Prime Enclave, Jalandhar have changed my name to Meenakshi Chhabra, after marriage. All Please Note.

I, Jyoti D/o Mohan Lal R/o H.No. NN-189, Gopal Nagar, Jalandhar, Punjab-144008 have changed my name from Jyoti to Jyoti Rani. All Please Note.

I, Sanjiv Arora S/o Satpal Arora R/o H.No. 340, Master Tara Singh Nagar, Jalandhar have changed my name from Sanjiv Arora to Sanjeev Arora. All Please Note.

I, hitherto known as Gurdip Kaur Kalra D/o Harnam Singh W/o Gurjit Singh R/o Ward No. 10, Kainthan, Dasuya, Distt. Hoshiarpur, Punjab 144205, have changed my name and shall hereafter be known as Gurdip Kaur.

I hitherto known as Gurjit Singh Kalra S/o Hukam Singh R/o Ward No. 10, Kainthan, Dasuya, Distt. Hoshiarpur, Punjab 144205, have changed my name and shall here-after be known as Gurjit Singh.

## ਬੇਦਖਲੀ ਨੋਟਿਸ

[illegible]

ਅਸੀਂ, ਕਿਸ਼ੋਰ ਕੁਮਾਰ ਪੁੱਤਰ ਰਤਨ ਲਾਲ ਅਤੇ ਸੁਨੀਤਾ ਰਾਣੀ ਪਤਨੀ ਕਿਸ਼ੋਰ ਕੁਮਾਰ ਦੋਵੇਂ ਵਾਸੀਆਨ ਬੀ-7/185, ਬਾਲਮਿਕ ਮੁਹੱਲਾ, ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਜ ਕੁਮਾਰ ਉਰਫ ਰਾਜੂ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਨਿਸ਼ਾ ਸ਼ਰਮਾ ਪਤਨੀ ਪ੍ਰਦੀਪ ਸ਼ਰਮਾ, ਫਲੈਟ ਨੰਬਰ 38, ਦੂਜੀ ਮੰਜ਼ਲ ਪੈਰਾਡਾਈਸ ਕਾਲੋਨੀ, ਜਲੰਧਰ-1, ਪੀ ਓ ਚੋਗਿੱਟੀ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ਿਵਮ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਮਾ ਰਾਣੀ ਪਤਨੀ ਰਾਕੇਸ਼ ਕੁਮਾਰ ਵਾਸੀ ਐਨ ਐਚ-318, ਨੀਲਾ ਮਹਿਲ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਾਤੇਸ਼ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀ ਮਨੋਹਰ ਲਾਲ ਪੁੱਤਰ ਮਹਿੰਦਰ ਪਾਲ ਅਤੇ ਸਰਬਜੀਤ ਕੋਰ ਪਤਨੀ ਮਨੋਹਰ ਲਾਲ ਵਾਸੀ ਪੱਤੀ ਬਾਦਲ ਕੀ ਪਿੰਡ ਤੇ ਡਾਕਖਾਨਾ ਬੁਡਾਲਾ, ਤਹਿਸੀਲ ਫਿਲੌਰ ਜਿਲ੍ਹਾਂ ਜਲੰਧਰ ਬਿਆਨ ਕਰਦੇ ਹਾਂ ਇਹ ਕਿ ਸਾਡਾ ਲੜਕਾ ਰਕੇਸ਼ ਕੁਮਾਰ ਇਸਦੀ ਪਤਨੀ ਹਰਪ੍ਰੀਤ ਕੋਰ ਇਹਨਾਂ ਦੀਆਂ ਲੜਕੀਆਂ ਹਰਮਨ, ਖੁਸ਼ੀ ਲੜਕਾ ਯੁਵਰਾਜ ਸਿੰਘ ਵਾ ਰਾਜੇਸ਼ ਕੁਮਾਰ ਇਸਦੀ ਪਤਨੀ ਪਿੰਕੀ ਇਹਨਾਂ ਦਾ ਲੜਕਾ ਕਰਨ ਸਿੰਘ ਲੜਕੀ ਹਰਗੁਣ ਵਾ ਸਾਡੀ ਲੜਕੀ ਇੰਦਰਜੀਤ ਕੋਰ ਸਾਡੇ ਕਹਿਣੇ ਤੋਂ ਬਾਹਰ ਹਨ ਅਸੀਂ ਇਹਨਾਂ ਨੂੰ ਆਪਣੀ ਸਾਰੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਵੀ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ।

ਮੈਂ ਬਲਜੀਤ ਕੌਰ ਪਤਨੀ ਜਗੀਰ ਸਿੰਘ ਵਾਸੀ ਭੱਗੂਪੁਰ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ । ਮੇਰਾ ਪੁੱਤਰ ਜ਼ਸਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ, ਦਿਲਬਾਗ ਸਿੰਘ ਪੁੱਤਰ ਮੂਲ ਸਿੰਘ ਵਾਸੀ ਮਕਾਨ ਨੰ: 13, ਟਾਂਡਾ ਰੋਡ, ਟੋਬਰੀ ਮੁਹੱਲਾ, ਇੰਡਸਟਰੀਅਲ ਟਾਊਨ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਮਮਤਾ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੀ ਦੇਖਭਾਲ ਨਹੀਂ ਕਰਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਚਰਨਜੀਤ ਕੌਰ ਪਤਨੀ ਬੂਟਾ ਸਿੰਘ ਵਾਸੀ ਬਾਬਾ ਸਾਵਣ ਸਿੰਘ ਨਗਰ, ਤਹਿਸੀਲ ਬਾਬਾ ਬਕਾਲਾ ਸਾਹਿਬ, (ਅੰਮ੍ਰਿਤਸਰ) ਹਾਂ। ਮੇਰੀ ਲੜਕੀ ਗੁਨਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਆਪ ਜੁੰਮੇਵਾਰ ਹੋਵੇਗਾ।

ਮੈਂ, ਸਵਰਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਫੱਤੂ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਵਾਰ ਦਾ ਉਸ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਮੋਹਨਜੀਤ ਪੁੱਤਰ ਲੇਟ ਦੇਵ ਸਿੰਘ ਵਾਸੀ ਮੁੱਗੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਤੇਜਿੰਦਰ ਪਾਲ ਸਿੰਘ ਕੋਹਲੀ ਪੁੱਤਰ ਸ਼੍ਰੀ ਅਵਤਾਰ ਸਿੰਘ ਕੋਹਲੀ ਵਾਸੀ WC-64, ਕੋਟ ਬਹਾਦਰ ਖਾਨ, ਰੈਣਕ ਬਾਜ਼ਾਰ ਜਲੰਧਰ ਨੇ ਆਪਣੀ ਧੀ ਗੁਰਸ਼ਵਨ ਪ੍ਰੀਤ ਕੌਰ, ਜੋ ਕਿ ਸਾਡੇ ਕੰਟਰੋਲ ਵਿੱਚ ਨਹੀਂ ਹੈ, ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਜਾਂ ਸਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਿਵਾਰ ਨਹੀਂ।

ਮੈਂ, ਅਮਰੀਕ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਤੇ ਡਾਕ: ਕੰਧਾਲਾ ਜੱਟਾਂ, ਥਾਣਾ ਟਾਂਡਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਗਗਨਦੀਪ ਸਿੰਘ ਅਤੇ ਉਸ ਦੀ ਪਤਨੀ ਅਰਸ਼ਦੀਪ ਕੌਰ ਇਹ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕਿਸੇ ਪ੍ਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਾਂਤਾ ਦੇਵੀ ਵਿਧਵਾ ਅਮਰਜੀਤ ਰਾਮ, ਵਾਸੀ ਬਿੱਲੀ ਚੁਹਾਰਮੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਮਨਪ੍ਰੀਤ ਸਿੰਘ ਅਤੇ ਲਵਪ੍ਰੀਤ ਕੁਮਾਰ ਬੇਟੇ ਅਮਰਜੀਤ ਰਾਮ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜਨ ਪਾਲ ਪੁੱਤਰ ਸ਼੍ਰੀ ਪ੍ਰੇਮ ਚੰਦ, ਵਾਸੀ ਮਕਾਨ ਨੰ: 40-ਸੀ, ਮੁਨ ਐਵੀਨਿਊ, ਮਜੀਠਾ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰੀਤ ਪਾਲ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਸੁਮ ਪਤਨੀ ਕੁਲਦੀਪ ਸ਼ਾਸਤਰੀ ਵਾਸੀ 3736/22, ਸਰਾਏ ਸੁਚੇਤ ਸਿੰਘ, ਜੀ. ਟੀ. ਰੋਡ, ਪੁਤਲੀਘਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਿਤ ਲਖੇਰਾ ਅਤੇ ਉਸ ਦੀ ਪਤਨੀ ਮੋਨਾਲੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਮੇਜਰ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਬੁਰਜ-195, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਜਨ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਪਲਵਿੰਦਰ ਸਿੰਘ ਸੰਘਾ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਕਾਲਾ ਸੰਘਿਆਂ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਰੁੜਕੀ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਦੋਹਤਾ ਰਾਜਪ੍ਰੀਤ ਸਿੰਘ ਪੁੱਤਰ ਮਨਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਦੋਹਤੇ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## PUBLIC NOTICE

I, Balwindwer Singh S/o Gian Chand R/o Village Singriwala PO Piplanwala Tehsil and Distt. Hoshiarpur 146022 Punjab declare that my daughter Suman Kumari is out of my control. I so disown all of them from my Moveable and Immoveable Properties anybody dealing with them his/ her own risk. Concerned Note.

I, Madhu Bala W/o late Rakesh Kumar R/o Phase No. 2, Rishi Vihar near Ganda Singh Wala Park Wali Gali Amritsar, That Pawan Kumar is my Son Who is married with preeti and thay both residing Separately from me since their marriage, they are not under my control and does not abey me, So i disinherit them from my all movable and immovable properties, I along with my family members shall not be responsible for any act done by my said son and his wife.

I, Sumit S/o Gurpreet Kumar R/o Dharampura, Abadi Khambra, Jalandhar declare that my father name written as Gurpreet in my school certificate, But his actual & correct name is Gurpreet Kumar. Please note. (12492)

I, Mahinder Kaur wife of Late Vir Singh R/o Mullianwal, Tehsil Batala, Distt. Gurdaspur, Punjab hereby inform that my correct Date of Birth is 06-06-1946 and in my husband's PPO No. 152214/PB my name is written as Mohinder Kaur and in my other documents Aadhar Card, Pan Card my name is written as Mahinder Kaur. That Mahinder Kaur and or Mohinder Kaur is one and the same lady i.e. myself. My above names carry equal value, legal validity & authenticity.

I, Mahinder Kaur wife of Late Vir Singh R/o Mullianwal, Tehsil Batala, Distt. Gurdaspur, Punjab hereby inform that in my husband's PPO No. 152214/PB his name is written as Veer Singh and in his other documents Aadhar Card, Pan Card his name is written as Vir Singh . That Veer Singh and or Vir Singh is one and the same person and belong to my husband. My husband's above names carry equal value, legal validity & authenticity.

I, Manjit Kaur W/o Late. Jarnail Singh R/o Village Kukkar Pind, Tehsil and Distt. Jalandhar, Punjab declare that my son Gurjinder Singh Bahia is out of my control. I disinherit him from my moveable and immovable properties. I and my family shall not be held responsible for any of his acts, deeds and things. All please note.

We, Desh Deep Kohli S/o Late. Baij Nath Kohli & Heema Kohli W/o Desh Deep Kohli both R/o H.No. 221, New Moti Nagar, Maqsudan, Jalandhar declare that our son Ritesh Kohli and his wife Neha Thakur are out of our control. We disinherit them from our moveable and immovable properties. We and our family shall not be held responsible for any of them acts, deeds and things.

## ਨਾਂਅ ਦੀ ਬਦਲੀ

ਮੈ ਆਸ਼ਾ ਰਾਣੀ ਪਤਨੀ ਚਮਕੌਰ ਸਿੰਘ ਵਾਸੀ ਮੋਗਾ ਨੇ ਆਪਣਾ ਨਾਮ ਆਸ਼ਾ ਰਾਣੀ ਸੰਧੂ ਰੱਖਿਆ ਹੈ।

ਮੈ ਚਮਕੌਰ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਮੋਗਾ ਨੇ ਆਪਣਾ ਨਾਮ ਚਮਕੌਰ ਸਿੰਘ ਸੰਧੂ ਰੱਖਿਆ ਹੈ।

ਅਸੀਂ ਰਜਿੰਦਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਪੰਜੂ ਵਾ ਡਿੰਪਲ ਮਨਹਾਸ ਪੁੱਤਰੀ ਅਰਜਨ ਵਾਸੀਆਨ ਪਿੰਡ ਫਤਿਹਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਪਿੰਡ ਫਤਿਹਪੁਰ/450 ਦੇ ਮਾਲ ਰਿਕਾਰਡ ਵਿੱਚ ਸਾਡਾ ਨਾਮ ਰਜਿੰਦਰ ਕੁਮਾਰ ਅਤੇ ਡਿੰਪਲ ਕੁਮਾਰੀ ਅਤੇ ਪਿਤਾ ਦਾ ਨਾਮ ਅਰਜਨ ਗਲਤ ਲਿਖਿਆ ਗਿਆ ਹੈ। ਸਾਡਾ ਸਹੀ ਨਾਮ ਰਜਿੰਦਰ ਸਿੰਘ, ਡਿੰਪਲ ਮਨਹਾਸ ਅਤੇ ਪਿਤਾ ਦਾ ਨਾਮ ਅਰਜਨ ਸਿੰਘ ਹੈ, ਜਿਸਨੂੰ ਪਿੰਡ ਫਤਿਹਪੁਰ/450 ਦੇ ਮਾਲ ਰਿਕਾਰਡ ਵਿੱਚ ਸੋਧਿਆ ਜਾਵੇ।

## ਆਮ ਸੂਚਨਾ

ਮੈਂ, ਰਾਜ ਕੁਮਾਰ ਪੁੱਤਰ ਨਰਿੰਦਰ ਨਾਥ, ਵਾਸੀ ਮੁਹੱਲਾ ਅਰਫਵਾਲਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰੀ ਭਤੀਜੀ ਕਮਲ ਪੁੱਤਰੀ ਲੇਟ ਸੁਨੀਲ ਕੁਮਾਰ, ਮੇਰੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਸਾਨੂੰ ਧਮਕਾਉਂਦੀ ਹੈ। ਇਹ ਕਿ ਮੇਰੀ ਭਤੀਜੀ ਕਮਲ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਵਿਕਾਸ ਕੁਮਾਰ ਪੁੱਤਰ ਸ਼੍ਰੀ ਰਾਮ ਸਰੂਪ ਵਾਸੀ ਪਿੰਡ ਤੇ ਡਾਕਖਾਨਾ ਬੋਹਨ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਪੰਕਜ ਕੁਮਾਰ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ, ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਕੁਲਜੀਤ ਕੌਰ ਪਤਨੀ ਲਸ਼ਕਰ ਸਿੰਘ ਵਾਸੀ ਕਲਿਆਣਪੁਰ (ਗੁਰਦਾਸਪੁਰ) ਨੇ ਜਸਵਿੰਦਰ ਸਿੰਘ ਪੁੱਤਰ ਨਰਿੰਜਨ ਸਿੰਘ ਵਾਸੀ ਕਲਿਆਣਪੁਰ ਦਾ ਟਿਊਬਵੈੱਲ ਕੁਨੈਕਸ਼ਨ ਨੰਬਰ ਕੇ-1622 ਨੂੰ ਆਪਣੇ ਨਾਂਅ ਕਰਨ ਲਈ ਉਪ-ਮੰਡਲ ਧਾਰੀਵਾਲ ਵਿਚ ਦਰਖਾਸਤ ਦਿੱਤੀ ਹੈ। ਇਤਰਾਜ਼ੀ 15 ਦਿਨਾਂ ਅੰਦਰ ਦਫ਼ਤਰ ਨਾਲ ਸੰਪਰਕ ਕਰਨ।

## ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਟਿਡ

ਸੀਆਈਐਨ: U67120PB1981PLC004696
ਰਜਿ. ਦਫ਼ਤਰ :- ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ
ਫੋਨ : 0161-2405756, 4662014, 4663014
ਈਮੇਲ ਆਈਡੀ: lse_cs@rediffmail.com, ਵੈਬਸਾਈਟ: www.lse.co.in

### ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਟਿਡ ਦੇ ਮੈਂਬਰਾਂ ਦੀ 43ਵੀਂ ਸਾਲਾਨਾ ਜਨਰਲ ਮੀਟਿੰਗ (ਏਜੀਐਮ) ਮੰਗਲਵਾਰ, 30 ਸਤੰਬਰ, 2025 ਨੂੰ ਸ਼ਾਮ 04:15 ਵਜੇ ਰਜਿਸਟਰਡ ਦਫ਼ਤਰ, ਪਹਿਲੀ ਮੰਜ਼ਲ, ਐਲਐਸਈ ਬਿਲਡਿੰਗ, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001 ਵਿਖੇ ਹੋਵੇਗੀ। ਕੰਪਨੀਜ਼ ਐਕਟ, 2013 ਦੇ ਸੈਕਸ਼ਨ 91, ਸੋਧਿਆ ਗਿਆ, ਦੀਆਂ ਤਜਵੀਜ਼ਾ ਮੁਤਾਬਕ ਇਹ ਨੋਟਿਸ ਵੀ ਦਿੱਤਾ ਜਾਂਦਾ ਹੈ ਕਿ ਮੈਂਬਰਾਂ ਦਾ ਰਜਿਸਟਰ ਅਤੇ ਕੰਪਨੀਜ਼ ਦੀ ਸ਼ੇਅਰ ਟਰਾਂਸਫਰ ਬੁਕਸ ਮਿਤੀ 27 ਸਤੰਬਰ, 2025 (ਸ਼ਨੀਵਾਰ) ਤੋਂ 30 ਸਤੰਬਰ, 2025 (ਮੰਗਲਵਾਰ) (ਦੋਵੇਂ ਦਿਨ ਸ਼ਾਮਲ) ਤੱਕ ਬੰਦ ਰਹਿਣਗੀਆਂ। ਮਿਤੀ 30-08-2025 ਨੂੰ ਹੋਈ ਬੋਰਡ ਆਫ ਡਾਇਰੈਕਟਰਾਂ ਦੀ ਮੀਟਿੰਗ ਤਜਵੀਜ ਕੀਤੇ ਰੁ 10/- ਹਰੇਕ ਦੇ ਪ੍ਰਤੀ ਸੁਨੀਤੀ ਸ਼ੇਅਰਾਂ ਲਈ ਰੁ 25/- (250 ਫੀਸਦੀ) ਦਾ ਲਾਭਾਂਸ਼ ਜੇਕਰ ਆਗਾਮੀ ਏਜੀਐਮ ਵਿਖੇ ਸ਼ੇਅਰਧਾਰਕਾਂ ਦੁਆਰਾ ਮੰਜੂਰ ਕਰ ਲਿਆ ਜਾਂਦਾ ਹੈ ਤਾਂ ਉਨ੍ਹਾਂ ਸ਼ੇਅਰ ਧਾਰਕਾਂ ਨੂੰ ਜਿਨ੍ਹਾਂ ਦੇ ਨਾਮ ਮੈਂਬਰਾਂ ਦੇ ਰਜਿਸਟਰ ਵਿਖੇ ਮਿਤੀ 26-09-2025 ਨੂੰ ਦਰਜ ਹਨ, ਨੂੰ ਇਸ ਦੀ ਅਦਾਇਗੀ ਕੀਤੀ ਜਾਵੇਗੀ। ਜੇਕਰ ਸੁਨੀਤੀ ਸ਼ੇਅਰ ਇਲੈਕਟ੍ਰਾਨਿਕ ਰੂਪ ਵਿਚ ਹਨ ਤਾਂ ਮਿਤੀ 26-09-2025 ਦੇ ਅਖੀਰਲੇ ਕਾਰਜਕਾਰੀ ਸਮੇਂ ਦੇ ਸ਼ੇਅਰਾਂ ਦੇ ਲਾਭਪਾਤਰੀ ਮਾਲਕ ਨੂੰ ਲਾਭਾਂਸ਼ ਦੀ ਅਦਾਇਗੀ ਦੁਆਰਾ ਇਸ ਸਬੰਧੀ ਦਿੱਤੀ ਜਾਣਕਾਰੀ ਮੁਤਾਬਕ ਕੀਤੀ ਜਾਵੇਗੀ।

ਬਾ ਹੁਕਮ
ਲਈ ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਟਿਡ
ਸਹੀ/-
ਸੰਜੀਵ ਗੁਪਤਾ
(ਡੀਆਈਐਨ-00412914)
ਡਾਇਰੈਕਟਰ-ਕਮ-ਵਾਈਸ ਚੇਅਰਪਰਸਨ

ਮਿਤੀ : 10.09.2025
ਸਥਾਨ : ਲੁਧਿਆਣਾ

## ਐਲਐਸਸੀ ਸਕਿਓਰਿਟੀਜ਼ ਲਿਮਟਿਡ

CIN: U67120PB2000PLC054428
ਰਜਿ ਦਫ਼ਤਰ : ਪਹਿਲੀ ਮੰਜ਼ਿਲ, ਐਲਐਸਈ ਬਿਲਡਿੰਗ, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ
ਫੋਨ : 0161-5021018, ਈ-ਮੇਲ: cs@lsesl.com, ਵੈਬਸਾਈਟ: www.lse.co.in

### 26ਵੀਂ ਸਾਲਾਨਾ ਜਨਰਲ ਮੀਟਿੰਗ ਅਤੇ ਬੁਕ ਕਲੋਜ਼ਰ ਦਾ ਨੋਟਿਸ

ਮੈਂਬਰ ਕ੍ਰਿਪਾ ਨੋਟ ਕਰਨ ਕਿ ਕੰਪਨੀ ਦੇ ਮੈਂਬਰਾਂ ਦੀ 26ਵੀਂ ਸਾਲਾਨਾ ਜਨਰਲ ਮੀਟਿੰਗ (ਏਜੀਐਮ) ਮਿਤੀ 30 ਸਤੰਬਰ 2025 ਨੂੰ ਸ਼ਾਮ 4:00 ਵਜੇ ਕੰਪਨੀ ਦੇ ਰਜਿ ਦਫ਼ਤਰ ਪਹਿਲੀ ਮੰਜ਼ਿਲ, ਐਲਐਸਈ ਬਿਲਡਿੰਗ, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ ਵਿਖੇ ਕੀਤੀ ਜਾਵੇਗੀ। ਕੰਪਨੀਜ਼ ਐਕਟ, 2013 ਦੇ ਸੈਕਸ਼ਨ 91 ਜਿਵੇਂ ਸੋਧਿਆ ਗਿਆ ਤਹਿਤ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਮੈਂਬਰਾਂ ਦਾ ਰਜਿਸਟਰ ਅਤੇ ਭੁਗਤਾਨ ਕੀਤੇ ਸੁਨੀਤੀ ਸ਼ੇਅਰ ਟਰਾਂਸਫਰ ਬੁਕ ਮਿਤੀ 27-09-2025 (ਸ਼ਨੀਵਾਰ) ਤੋਂ 30-09-2025 (ਮੰਗਲਵਾਰ) ਤੱਕ (ਦੋਵੇਂ ਮਿਤੀਆਂ ਸ਼ਾਮਲ) ਏਜੀਐਮ ਅਤੇ ਲਾਭਾਂਸ਼ ਦੀ ਅਦਾਇਗੀ ਲਈ ਬੰਦ ਰਹਿਣਗੇ। ਮਿਤੀ 29-08-2025 ਨੂੰ ਹੋਈ ਬੋਰਡ ਆਫ ਡਾਇਰੈਕਟਰਾਂ ਦੀ ਮੀਟਿੰਗ ਤਜਵੀਜ ਕੀਤੇ ਰੁ 10/- ਹਰੇਕ ਦੇ ਪ੍ਰਤੀ ਸੁਨੀਤੀ ਸ਼ੇਅਰਾਂ ਲਈ ਰੁ 0.40/- (4.00 ਫੀਸਦੀ) ਦਾ ਲਾਭਾਂਸ਼ ਜੇਕਰ ਆਗਾਮੀ ਏਜੀਐਮ ਵਿਖੇ ਸ਼ੇਅਰਧਾਰਕਾਂ ਦੁਆਰਾ ਮੰਜ਼ੂਰ ਕਰ ਲਿਆ ਜਾਂਦਾ ਹੈ ਤਾਂ ਉਨ੍ਹਾਂ ਸ਼ੇਅਰ ਧਾਰਕਾਂ ਨੂੰ ਜਿਨ੍ਹਾਂ ਦੇ ਨਾਮ ਮੈਂਬਰਾਂ ਦੇ ਰਜਿਸਟਰ ਵਿਖੇ ਮਿਤੀ 26-09-2025 ਨੂੰ ਦਰਜ ਹਨ, ਨੂੰ ਇਸ ਦੀ ਅਦਾਇਗੀ ਕੀਤੀ ਜਾਵੇਗੀ। ਜੇਕਰ ਸੁਨੀਤੀ ਸ਼ੇਅਰ ਇਲੈਕਟ੍ਰਾਨਿਕ ਰੂਪ ਵਿਚ ਹਨ ਤਾਂ ਮਿਤੀ 26-09-2025 ਦੇ ਅਖੀਰਲੇ ਕਾਰਜਕਾਰੀ ਸਮੇਂ ਦੇ ਸ਼ੇਅਰਾਂ ਦੇ ਲਾਭਪਾਤਰੀ ਮਾਲਕ ਨੂੰ ਲਾਭਾਂਸ਼ ਦੀ ਅਦਾਇਗੀ ਦੁਆਰਾ ਇਸ ਸਬੰਧੀ ਦਿੱਤੀ ਜਾਣਕਾਰੀ ਮੁਤਾਬਕ ਕੀਤੀ ਜਾਵੇਗੀ।

ਬਾ ਹੁਕਮ ਬੋਰਡ
ਲਈ ਐਲਐਸਸੀ ਸਕਿਓਰਿਟੀਜ਼ ਲਿਮਟਿਡ
ਸਹੀ/-
ਸੁਮੀਤ ਮਲਹੋਤਰਾ (ਕੰਪਨੀ ਸਕੱਤਰ)
(ਮੈਂਬਰਸ਼ਿਪ ਨੰਬਰ : ਏ54874)

ਸਥਾਂਨ: ਲੁਧਿਆਣਾ
ਮਿਤੀ : 10-09-2025

## AXIS BANK

Retail Asset Center "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office:-, "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮਿੱਠਾ ਸਿੰਘ (2) ਸ੍ਰੀ ਮਿੱਠਾ ਸਿੰਘ ਪੁੱਤਰ ਸੋਹਣ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 8 ਸਤੰਬਰ 2025 ਨੂੰ ਬਕਾਇਆ ਰਕਮ ਰੁਪਏ 18,28,929 (ਅਠਾਰਾਂ ਲੱਖ ਅਠਾਈ ਹਜ਼ਾਰ ਨੌਂ ਸੌ ਉਨੱਤੀ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 29 ਸਤੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 11,26,500 (ਗਿਆਰਾਂ ਲੱਖ ਛੱਬੀ ਹਜ਼ਾਰ ਪੰਜ ਸੌ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,12,650 (ਰੁਪਏ ਇੱਕ ਲੱਖ ਬਾਰਾਂ ਹਜ਼ਾਰ ਛੇ ਸੌ ਪੰਜਾਹ ਰੁਪਏ ਕੇਵਲ) ਡੀ ਜੀ/ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 26 ਸਤੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ ਹਰਪ੍ਰੀਤ ਨਾਥ ਦੇ ਪਤੇ 'ਤੇ |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 29 ਸਤੰਬਰ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

#### ਸਾਰਣੀ-ਜਾਇਦਾਦ ਦਾ ਵੇਰਵਾ

ਇੰਤਕਾਲ ਬੈਨਾਮਾ ਨੰ. 5743 ਮਿਤੀ 11-11-2024 ਅਨੁਸਾਰ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਮਿੱਠਾ ਸਿੰਘ ਦੇ ਨਾਂਅ ਜਾਇਦਾਦ/ਬੂਥ ਨੰ. 459 ਰਕਬਾ 33.75 ਵਰਗ ਗਜ਼, ਨਵੀਂ ਦਾਣਾ ਮੰਡੀ ਭਗਤਾਂਵਾਲਾ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਖਾਲੀ ਪਲਾਟ ਕਮ-ਬੂਥ ਨੰ. 458, ਪੱਛਮ : ਬੂਥ ਨੰ. 460, ਉੱਤਰ : ਸੜਕ-ਕਮ-ਕੰਮ ਵਾਲਾ ਖੇਤਰ, ਦੱਖਣ : ਕੰਮ ਵਾਲਾ ਖੇਤਰ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਹਰਪ੍ਰੀਤ ਨਾਥ, ਮੋਬਾਈਲ ਨੰ. 99156-15220 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10.00 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 10.09.2025 ਸਥਾਨ : ਅੰਮ੍ਰਿਤਸਰ
ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)

## AXIS BANK

Retail Asset Center "2nd and 3rd Floor, Property No. 7-E, Malhar Road, Saraabha Nagar, Ludhiana -141001.
Corporate Office:-, "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ।
ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਸ੍ਰੀ ਨਰਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ 2) ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸ੍ਰੀ ਨਰਿੰਦਰ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 08 ਸਤੰਬਰ 2025 ਨੂੰ ਬਕਾਇਆ ਰਕਮ ਰੁਪਏ 29,33,090/- (ਉਨੱਤੀ ਲੱਖ ਤੇਤੀ ਹਜ਼ਾਰ ਨੱਬੇ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਆਧਾਰ 'ਤੇ 29 ਸਤੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 14,62,115/- (ਚੌਦਾਂ ਲੱਖ ਬਾਹਠ ਹਜ਼ਾਰ ਇੱਕ ਸੌ ਪੰਦਰਾਂ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 1,46,212/- (ਇੱਕ ਲੱਖ ਛਿਆਲੀ ਹਜ਼ਾਰ ਦੋ ਸੌ ਬਾਰਾਂ ਰੁਪਏ ਕੇਵਲ) |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 26 ਸਤੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 29 ਸਤੰਬਰ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 01.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

#### ਸਾਰਣੀ

ਬੈਨਾਮਾ ਦਸਤਾਵੇਜ਼ ਨੰ. 2020-21/89/1/3854 ਮਿਤੀ 06-08-2021 ਅਨੁਸਾਰ ਸ੍ਰੀਮਤੀ ਰੁਪਿੰਦਰ ਕੌਰ ਪਤਨੀ ਨਰਿੰਦਰ ਸਿੰਘ ਦੇ ਨਾਂਅ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 53 ਮਿੰਨ 'ਤੇ ਨਿਰਮਤ ਮਕਾਨ ਰਕਬਾ 112.49 ਵਰਗ ਗਜ਼, ਖਸਰਾ ਨੰ. 4668//2 ਮਿੰਨ, ਖੱਤਾ-ਖਤੌਨੀ ਨੰ. 900/2324, ਜਮ੍ਹਾਂਬੰਦੀ ਸਾਲ 2015-26 ਸੁਲਤਾਨਵਿੰਡ ਸਬ-ਅਰਬਨ ਤਰਫ ਮਾਹਲ II ਵਿਖੇ ਸਥਿਤ, ਅਬਾਦੀ ਭਾਈ ਮੰਝ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਹੋਰ ਮਾਲਕ, ਪੱਛਮ : ਗਲੀ 20' ਚੌੜੀ, ਉੱਤਰ : ਪਲਾਟ ਨੰ. 54, ਦੱਖਣ : ਪਲਾਟ ਨੰ. 53 ਮਿੰਨ ਦਾ ਬਾਕੀ ਹਿੱਸਾ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 89207-05598) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 10.09.2025,
ਸਥਾਨ : ਅੰਮ੍ਰਿਤਸਰ,
ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)

## ADMISSION NOTICE

Counseling for 3 years L.L.B. Management Quota in K.C.L. Institute of Laws, Jalandhar will be held on 13.09.2025 at 11.00 a.m. in the college campus. As per notification of Punjab Govt. interested candidates may submit their application in prescribed form by 12.09.2025 at 03:00 p.m. Hostel facility available. Principal.

## ਛੱਪੜ ਦੀ ਬੋਲੀ

ਪਿੰਡ ਗੁਰਨੇ ਕਲਾਂ ਵਿਖੇ ਛੱਪੜ ਦੀ ਬੋਲੀ ਮਿਤੀ 16 ਸਤੰਬਰ 2025 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਸਾਂਝੀ ਥਾਂ ਸੱਥ ਵਿੱਚ ਰੱਖੀ ਗਈ ਹੈ। ਚਾਹਵਾਨ ਸੱਜਣ ਨੋਟ ਕਰਨ । ਬਾਕੀ ਸ਼ਰਤਾ ਮੌਕੇ ਤੇ ਦੱਸੀਆ ਜਾਣਗੀਆਂ।

ਸਰਪੰਚ ਪਰਮਜੀਤ ਕੌਰ
ਗ੍ਰਾਮ ਪੰਚਾਇਤ ਗੁਰਨੇ ਕਲਾਂ (ਮਾਨਸਾ)
ਮੋ. 92397-92536

## COURT NOTICE

(U/o 5 Rule 20 CPC)
In The Court of
Ms. Parminder Kaur
Additional District and Sessions Judge, Ludhiana

Next Date, Purpose of case, Orders and Judgments as well as other case information is available on http://ecourts.gov.in

CA-105-2024
CNR No. PBLD01-001849-2024
Next Date:- 15-10-2025

Sunil Kumar
Vs.
Kailash Rani

Publication Issued To:
Kailash Rani
Spouse: Sh. Kimti Lal
Resident of Preet Nagar, New Shimlapuri, District Ludhiana

Whereas it has been proved to the satisfaction of the Court that the defendant(s)/respondent(s) above named cannot be served in the ordinary way of service. Hence, this proclamation under order 5 Rule 20 CPC is hereby issued against him/them and should appear personally or through their counsel on 15-10-2025 at 10:00 a.m.

Take notice that, in default of his/their appearance on the day before mentioned, the above said case will be heard and determined in his/their absence according to law. Giyen under my hand and the seal of the Court, this 06-09-2025.

Additional District and Sessions Judge Ludhiana

## COURT NOTICE

(U/o 5 Rule 20 CPC)
In The Court of
Ms. Khushdeep Kaur
Civil Judge Junior Division 4 Rajpura

CNR No. PBPTA0-001339-2024
Next Date:- 26-09-2025
CS-968-2024

State Bank of India
Vs.
Manpreet Singh

Publication Issued To:
Manpreet Singh
Father : Daljit Singh
Village Chhaleri Kalan, P.O. Pola, Tehsil and District Fatehgarh Sahib.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division 4 Rajpura
Dated, this day of 08-09-2025

## COURT NOTICE

(U/o 5 Rule 20 CPC)
In The Court of
Harpreet Kaur-1
Civil Judge (Senior Division) Jalandhar

CNR No. PBJL02-005688-2024
Next Date:- 23-10-2025
CS/5664/2024

Sita Ram
Vs.
General Public

Suit for grant of decree of declaration as prayed for

Publication Issued To:
General Public
:- General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Senior Division) Jalandhar
Dated, this day of 03-09-2025

## COURT NOTICE

(U/o 5 Rule 20 CPC)
In The Court of
Riya Goyal
Civil Judge Junior Division-14, Jalandhar

CNR No. PBJL02-003475-2025
Next Date:- 25-09-2025

Harjinder Kaur
Vs.
General Public

Suit for grant of decree of declaration as prayed for.

Publication Issued To:
General Public
:- General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 25-09-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge Junior Division-14, Jalandhar
Dated, this day of 12-08-2025

## COURT NOTICE

(U/o 5 Rule 20 CPC)
In The Court of
Garima Gupta
Civil Judge (Junior Division), Amritsar

CNR No. PBAS02-003137-2025
Next Date:- 10-10-2025
CS/1949/2025 PARTITION P INJ

Narinder Kaur Widow of Sukhpal Singh S/o Baldev Singh Resident of 46-B, New Green Field, Majitha Road, Amritsar & Ors.
Vs.
Baldev Singh

Publication Issued To:
Baldev Singh S/o Tasvir Singh R/o Fathapur, Tehsil And District Amritsar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 09-09-2025

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

| | |
|---|---|
| ਕੰਮ ਦਾ ਨਾਮ | "ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ (SVDK) ਰੇਲਵੇ ਸਟੇਸ਼ਨ ਤੇ ਲੋਕੋ ਟ੍ਰਿਪ ਸ਼ੈਡ, ਦਫਤਰ ਭਵਨ (G+1) ਅਤੇ ਸਬੰਧਿਤ ਪੀ-ਵੇ ਕੰਮਾਂ ਦੀ ਉਸਾਰੀ, ਜੰਮੂ ਤਵੀ (JAT) ਰੇਲਵੇ ਸਟੇਸ਼ਨ ਤੇ 750V EOG ਸਿਸਟਮ ਦੇ ਬਿਜਲੀ ਸਬਸਟੇਸ਼ਨ ਦੇ ਲਈ ਭਵਨ ਦੀ ਉਸਾਰੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ (MCTM) ਰੇਲਵੇ ਸਟੇਸ਼ਨ ਤੇ ਈਆਈ ਭਵਨ (G+1) ਦੇ ਰਿਲੇ ਹਟਸ, ਡੀਜੀ ਰੂਮਾਂ ਅਤੇ ਸਬੰਧਿਤ ਪੀ-ਵੇ ਕੰਮਾਂ ਦੀ ਉਸਾਰੀ।" |
| ਲਗਭਗ ਲਾਗਤ | ₹14,29,17,739.09 /- (ਰੁਪਏ ਚੌਂਦਹਾ ਕਰੋੜ ਉਨੱਤੀ ਲਖ ਸਤਾਰਾਂ ਹਜਾਰ ਸਤ ਸੌ ਉਨਤਾਲੀ ਅਤੇ ਨੌਂ ਪੈਸੇ ਕੇਵਲ) |
| ਬੋਲੀ ਸੁਰੱਖਿਆ ਰਾਸ਼ੀ | ₹ 8,64,600 /- (ਰੁਪਏ ਅਠ ਲਖਚ ਚੌਂਹਠ ਹਜਾਰ ਛੇ ਸੌ ਕੇਵਲ) |
| ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 06.10.2025 ਨੂੰ 15:30 ਵਜੇ |
| ਨਿਵਿਦਾ ਅਪਲੋਡ ਕਰਨ ਦੀ ਅੰਤਮ ਮਿਤੀ /ਸਮਾਂ | 06.10.2025 ਨੂੰ 15:30 ਵਜੇ ਤਕ, ਨਿਵਿਦਾ ਦਸਤਾਵੇਜ ਬੋਲੀਦਾਤਾ ਦੁਅਰਾ ਆਈਆਰਈਪੀਐਸ ਵੈਬਸਾਈਟ ਤੇ ਮਿਤੀ 06.10.2025 ਤੋਂ 06.10.2025 ਨੂੰ 15:30 ਵਜੇ ਤਕ ਅਪਲੋਡ ਕੀਤੇ ਜਾ ਸਕਦੇ ਹਨ। |
| ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵੇਜ | ਨਿਵਿਦਾ ਦਾ ਵਿਸਤ੍ਰਿਤ ਵੇਰਵਾ ਪ੍ਰਾਪਤ ਕਰਨ ਲਈ ਕਿਰਪਾ www.ireps.gov.in 'ਤੇ ਅਵਲੋਕਨ ਕਰੋ। ਉਕਤ ਨਿਵਿਦਾ ਦੀ ਵਿਸਤ੍ਰਿਤ ਸੂਚਨਾ ਸਬੰਧਿਤ ਦਫਤਰ ਦੇ ਸੂਚਨਾ ਪਟ ਤੇ ਵੀ ਅਵਲੋਕਨਾਰਥ ਉਪਲਬਧ ਹੈ। |

ਨਿਵਿਦਾ ਸੂਚਨਾ: 75-W/1/2025/WA/Umbrella Works/JAT ਤਾਰੀਕ : 06.09.2025
2737/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਮਜ਼ਦੂਰਾਂ ਦੇ ਸਾਂਝੇ ਮੋਰਚੇ ਵੱਲੋਂ 11-12 ਨੂੰ ਜ਼ਿਲ੍ਹਾ ਤੇ ਤਹਿਸੀਲ ਪੱਧਰ 'ਤੇ ਮੁਜ਼ਾਹਰੇ

**ਜਲੰਧਰ (ਰਾਜੇਸ਼ ਥਾਪਾ)**- ਸਰਕਾਰਾਂ ਦੀ ਅਣਗਹਿਲੀ ਕਾਰਨ, ਪਿਛਲੇ ਦੋ ਹਫ਼ਤਿਆਂ ਤੋਂ ਪਾਣੀ ਨਾਲ ਆਵਦੇ ਨਦੀਆਂ ਨਾਲਿਆਂ ਵੱਲੋਂ ਮਚਾਈ ਤਬਾਹੀ ਨੇ ਜਿਥੇ ਪੰਜਾਬ ਦੇ ਦਰਿਆਵਾਂ ਵੇਈਆਂ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਭਾਰੀ ਤਬਾਹੀ ਮਚਾਈ ਹੈ ਉੱਥੇ ਭਾਰੀ ਬਾਰਸ਼ ਕਾਰਨ ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਵੀ ਲੋਕਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ ਪਰ ਸੂਬਾ ਸਰਕਾਰ ਪੀੜਤਾਂ ਦੀ ਬਾਂਹ ਫੜਨ ਵਿਚ ਅਸਫਲ ਰਹੀ ਹੈ। ਅੱਜ ਇੱਥੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਦਫ਼ਤਰ ਵਿਖੇ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਹੰਗਾਮੀ ਮੀਟਿੰਗ ਵਿੱਚ ਇਹ ਗੱਲ ਆਗੂ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਂਝੇ ਮਜ਼ਦੂਰ ਮੋਰਚੇ ਨੇ ਫੈਸਲਾ ਕੀਤਾ ਕਿ ਹੜ੍ਹਾਂ/ਬਾਰਸ਼ਾਂ ਕਾਰਨ ਹੋਏ ਮਜ਼ਦੂਰਾਂ ਕਿਸਾਨਾਂ ਦੇ ਅਤੇ ਆਮ ਲੋਕਾਂ ਦੇ ਭਾਰੀ ਨੁਕਸਾਨ ਦੀ ਭਰਪਾਈ ਲਈ 11-12 ਸਤੰਬਰ ਨੂੰ ਜ਼ਿਲ੍ਹਾ ਤੇ ਤਹਿਸੀਲ ਪੱਧਰਾਂ 'ਤੇ ਵਿਸ਼ਾਲ ਮੁਜ਼ਾਹਰੇ ਕਰਕੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਨਾਂਅ ਡਿਪਟੀ ਕਮਿਸ਼ਨਰਾਂ ਅਤੇ ਐੱਸ ਡੀ ਐੱਮਜ਼ ਨੂੰ ਮੰਗ ਪੱਤਰ ਦਿੱਤੇ ਜਾਣਗੇ। ਸਾਂਝੇ ਮੋਰਚੇ ਦੇ ਆਗੂਆਂ ਸਾਥੀ ਦਰਸ਼ਨ ਨਾਹਰ ਸੂਬਾ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਹਰਮੇਸ਼ ਮਾਲੜੀ, ਸੂਬਾ ਵਿੱਤ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ, ਮੁਕੇਸ਼ ਮਲੌਦ, ਜ਼ੋਨਲ ਪ੍ਰਧਾਨ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਸੰਦੀਪ ਲਾਲ, ਸੂਬਾ ਆਗੂ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਅਤੇ ਕਸ਼ਮੀਰ ਘੁੰਗਰਲੀ ਸੂਬਾ ਆਗੂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਸੂਬਾ ਸਰਕਾਰ ਹੜ੍ਹਾਂ ਦੀ ਕ੍ਰੋਪੀ ਨੂੰ ਕੁਦਰਤੀ ਕ੍ਰੋਪੀ ਗਰਦਾਨ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਪੰਜਾਬ ਵਿੱਚ ਹੜ੍ਹਾਂ ਨੂੰ ਕੌਮੀ ਆਫ਼ਤ ਐਲਾਨ ਕੇ ਵੱਡੇ ਰਾਹਤ ਪੈਕੇਜ ਦਾ ਐਲਾਨ ਕੀਤਾ ਜਾਵੇ, ਹੜ੍ਹਾਂ ਕਾਰਨ ਜਾਨਾਂ ਗਵਾਉਣ ਵਾਲੇ ਇਨਸਾਨਾਂ ਦੇ ਪਰਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ, ਮਰੇ ਡੰਗਰਾਂ ਲਈ ਪ੍ਰਤੀ ਪਸ਼ੂ ਇਕ ਲੱਖ ਰੁਪਏ, ਮਜ਼ਦੂਰਾਂ ਦੇ ਢਹਿ ਗਏ ਘਰਾਂ ਦੀ ਮੁੜ ਉਸਾਰੀ ਲਈ 15 ਲੱਖ ਰੁਪਏ ਅਤੇ ਬਾਕੀ ਗਾਰਡਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਗਰਾਂਟ ਤੋਂ ਇਲਾਵਾ ਮਜ਼ਦੂਰਾਂ ਦੀਆਂ ਟੁੱਟੀਆਂ ਕੰਮ ਦਿਹਾੜੀਆਂ ਲਈ 50000 ਰੁਪਏ ਪ੍ਰਤੀ ਪਰਵਾਰ ਦਿੱਤੇ ਜਾਣ। ਸਾਂਝੇ ਮੋਰਚੇ ਨੇ ਮੰਗ ਕੀਤੀ ਹੈ ਕਿ ਹੜ੍ਹਾਂ ਤੋਂ ਰੋਕਥਾਮ ਦੇ ਸਥਾਈ ਹੱਲ ਲਈ ਦਰਿਆਵਾਂ, ਵੇਈਆਂ, ਬਰਸਾਤੀ ਨਾਲਿਆਂ ਦੀ ਸਫ਼ਾਈ ਲਈ ਪੱਕੇ ਮੁਲਾਜ਼ਮ ਭਰਤੀ ਕੀਤੇ ਜਾਣ ਅਤੇ ਫੌਰੀ ਸਫ਼ਾਈ ਲਈ ਮਨਰੇਗਾ ਬਜਟ ਵਧਾ ਕੇ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ ਅਤੇ ਪ੍ਰਤੀ ਦਿਨ ਕੰਮ ਲਈ 700 ਦਿਹਾੜੀ ਦਿੱਤੀ ਜਾਵੇ, ਮਜ਼ਦੂਰਾਂ ਦੇ ਸਰਕਾਰੀ, ਸਹਿਕਾਰੀ ਅਤੇ ਮਾਈਕ੍ਰੋਫਾਈਨਾਂਸ ਕੰਪਨੀਆਂ ਦੇ ਸਮੁੱਚੇ ਕਰਜ਼ੇ ਮਾਫ਼ ਕੀਤੇ ਜਾਣ, ਹੜ੍ਹਾਂ ਬਾਰਸ਼ਾਂ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਉਚੇਚੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀ ਅਣਗਹਿਲੀ ਕਾਰਨ ਹੜ੍ਹਾਂ ਦੀ ਸਥਿਤੀ ਪੈਦਾ ਹੋਈ ਉਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਐੱਸ ਦੀ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਸੂਬਾ ਆਗੂ ਗੁਰਨਾਮ ਸਿੰਘ ਦਾਊਦ ਅਤੇ ਬਲਦੇਵ ਸਿੰਘ ਨੂਰਪੁਰੀ ਵੀ ਹਾਜ਼ਰ ਸਨ, ਜ਼ਰੂਰੀ ਰੁਝੇਵਿਆਂ ਕਾਰਨ ਗੈਰਹਾਜ਼ਰ ਰਹੇ ਪੰਜਾਬ ਖੇਤ ਮਜ਼ਦੂਰ ਸਭਾ ਜਨਰਲ ਸਕੱਤਰ ਦੇਵੀ ਕੁਮਾਰੀ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਵਰਾ ਨੇ ਫੈਸਲਿਆਂ ਨਾਲ ਸਹਿਮਤੀ ਪ੍ਰਗਟ ਕੀਤੀ।



## ਭੱਠੇ 'ਤੇ ਡਿੱਗੀ ਅਸਮਾਨੀ ਬਿਜਲੀ, ਲੱਖਾਂ ਦਾ ਨੁਕਸਾਨ

**ਗੁਰਾਇਆ (ਬਿੰਦਰ ਸੁਮਨ)**- ਪੰਜਾਬ 'ਚ ਲਗਾਤਾਰ ਮੀਂਹ ਨਾਲ ਜਿਥੇ ਪੰਜਾਬ ਦੇ ਕਈ ਇਲਾਕੇ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ, ਉਥੇ ਹੀ ਮੀਂਹ ਦੌਰਾਨ ਪੈਣ ਵਾਲੀ ਅਸਮਾਨੀ ਬਿਜਲੀ ਨਾਲ ਵੀ ਕਾਫੀ ਨੁਕਸਾਨ ਹੋ ਰਿਹਾ ਹੈ। ਤਾਜ਼ਾ ਮਾਮਲਾ ਪਿੰਡ ਬੋੜਾਲਾ ਮੰਜਕੀ ਤੋਂ ਸਾਹਮਣੇ ਆਇਆ ਹੈ। ਰਵੀਕਾਂਤ ਅਗਰਵਾਲ ਇੱਟਾਂ ਦੇ ਭੱਠੇ ਦੀ ਬਣੀ ਚਿਮਨੀ ਉਪਰ ਅਸਮਾਨੀ ਬਿਜਲੀ ਡਿੱਗਣ ਨਾਲ ਜਿਥੇ ਚਿਮਨੀ ਵਿੱਚ ਪਾੜ ਪੈ ਗਿਆ, ਉੱਥੇ ਹੀ ਹੋਰ ਵੀ ਨੁਕਸਾਨ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਭੱਠੇ ਦੇ ਮਾਲਕ ਰਵੀਕਾਂਤ ਅਗਰਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਜਦ ਉਹ ਆਪਣੇ ਭੱਠੇ 'ਤੇ ਮੌਜੂਦ ਸਨ ਤਾਂ ਇੱਕਦਮ ਬਲਾਸਟ ਹੋਣ ਦੀ ਆਵਾਜ਼ ਆਈ। ਜਦ ਉਨ੍ਹਾਂ ਬਾਹਰ ਜਾ ਕੇ ਦੇਖਿਆ ਤਾਂ ਉਨ੍ਹਾਂ ਦੇ ਭੱਠੇ ਦੀ ਚਿਮਨੀ 'ਤੇ ਅਸਮਾਨੀ ਬਿਜਲੀ ਡਿੱਗਣ ਨਾਲ ਜਿਥੇ ਚਿਮਨੀ 'ਚ 10 ਤੋਂ 12 ਫੁੱਟ ਦਾ ਪਾੜ ਪੈ ਗਿਆ, ਉੱਥੇ ਹੀ ਭੱਠੇ ਉਪਰ ਬਣੀਆਂ ਛੋਟੀਆਂ ਵੀ ਕਈ ਥਾਵਾਂ ਤੋਂ ਟੁੱਟ ਗਈਆਂ ਅਤੇ ਇਲੈਕਟ੍ਰੋਨਿਕਸ ਦਾ ਸਮਾਨ ਵੀ ਸੜ ਗਿਆ, ਜਿਸ ਨਾਲ ਉਨ੍ਹਾਂ ਦਾ ਤਕਰੀਬਨ 4 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ।



## ਪ੍ਰਿੰ. ਪ੍ਰੇਮ ਕੁਮਾਰ ਨੇ ਸੀਵਰੇਜ ਸਾਫ਼ ਕਰਨ ਲਈ ਮਸ਼ੀਨ ਨਗਰ ਕੌਂਸਲ ਨੂੰ ਕੀਤੀ ਭੇਟ

**ਫਿਲੌਰ (ਨਿਰਮਲ)**- ਨਗਰ ਕੌਂਸਲ ਫਿਲੌਰ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਨਗਰ ਕੌਂਸਲ ਫਿਲੌਰ ਅਤੇ ਨਗਰ ਕੌਂਸਲ ਗੁਰਾਇਆ ਲਈ ਮਸ਼ੀਨ ਭੇਟ ਕੀਤੀ। ਇਹ ਮਸ਼ੀਨ ਗੰਦਾ ਪਾਣੀ ਅਤੇ ਸੀਵਰੇਜ ਦੀ ਸਫ਼ਾਈ ਕਰਨ ਲਈ ਹੈ। ਸੁਪਰ ਸਕਸ਼ਨ ਮਸ਼ੀਨ ਦੀ ਸਮਰੱਥਾ 8 ਹਜ਼ਾਰ ਕੈਪਸਟੀ ਦੀ ਹੈ।ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕਿਹਾ ਕਿ ਹੁਣ ਇਸ ਮਸ਼ੀਨ ਦੀ ਮਦਦ ਨਾਲ ਨਗਰ ਕੌਂਸਲ ਫਿਲੌਰ ਅਤੇ ਗੁਰਾਇਆ ਦੇ ਨਾਲੇ ਤੇ ਸੀਵਰੇਜ ਸਾਫ਼ ਹੋਣਗੇ। ਲੋਕਾਂ ਨੂੰ ਗੰਦੇ ਪਾਣੀ ਦੀ ਨਿਕਾਸੀ ਲਈ ਸਮੱਸਿਆ ਤੋਂ ਛੁਟਕਾਰਾ ਮਿਲੇਗਾ।ਇਸ ਮੌਕੇ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਰਾਮ ਚੁੰਬਰ, ਬਲਾਕ ਪ੍ਰਧਾਨ ਪਰਮਜੀਤ ਸਿੰਘ ਸਮਰਾ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਸ਼ੰਕਰ ਸੰਧੂ, ਕੌਂਸਲਰ ਰਾਜ ਕੁਮਾਰ ਸੰਧੂ, ਰਾਏ ਵਰਿੰਦਰ, ਸੁਰਿੰਦਰ ਡਾਬਰ, ਰਣਜੀਤ ਮਸੀਹ, ਯਾਦਵਿੰਦਰ ਦਾਦਰਾ, ਪੰਕਜ ਰਾਏ, ਸੰਜੀਵ ਕੱਕੜ, ਦੀਪਾ ਬਕਾਪੁਰ (ਪੀ.ਏ.) ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।



## ਵਿਦਿਆਰਥਣਾਂ ਨੇ ਸੀ ਬੀ ਐਸ ਈ ਨੈਸ਼ਨਲ ਗੇਮਜ਼ 'ਚ ਕੀਤਾ ਪ੍ਰਵੇਸ਼

**ਮਹਿਤਪੁਰ (ਰਾਜਾ)**- ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਵੱਲੋਂ ਕਰਵਾਈਆਂ ਜਾ ਰਹੀਆਂ ਕਲਸਟਰ ਗੇਮਜ਼ ਦੇ ਵਿੱਚ ਏਕਮ ਪਬਲਿਕ ਸਕੂਲ ਦੀਆਂ ਦੋ ਵਿਦਿਆਰਥਣਾਂ ਚੰਨਪ੍ਰੀਤ ਕੌਰ ਅਤੇ ਅਨਮੋਲਪ੍ਰੀਤ ਕੌਰ ਨੇ ਲੜਕੀਆਂ ਦੇ ਮੁਕਾਬਲਿਆਂ ਨੂੰ ਜਿੱਤਦਿਆਂ ਹੋਇਆਂ ਸੀ ਬੀ ਐਸ ਈ ਨੈਸ਼ਨਲ ਗੇਮਜ਼ ਵਿੱਚ ਪ੍ਰਵੇਸ਼ ਕੀਤਾ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਬਿੰਦ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਚੰਨਪ੍ਰੀਤ ਕੌਰ ਨੇ ਅੰਡਰ 19 ਲੜਕੀਆਂ ਦੇ ਮੁਕਾਬਲੇ ਵਿੱਚ 3000 ਅਤੇ 1500 ਮੀਟਰ ਰੇਸ ਵਿੱਚ ਪਹਿਲਾ ਦਰਜਾ ਹਾਸਲ ਕੀਤਾ। ਅਨਮੋਲਪ੍ਰੀਤ ਕੌਰ ਨੇ ਅੰਡਰ 17 ਦੇ ਹੋਏ ਮੁਕਾਬਲਿਆਂ ਵਿੱਚ ਲੌਂਗ ਜੰਪ ਵਿੱਚ ਦੂਜੀ ਪੁਜ਼ੀਸ਼ਨ ਹਾਸਲ ਕਰਕੇ ਸੀ ਬੀ ਐਸ ਈ ਨੈਸ਼ਨਲ ਗੇਮ ਦੇ ਵਿੱਚ ਆਪਣਾ ਨਾਮ ਦਰਜ ਕਰਵਾਇਆ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਇਹਨਾਂ ਵਿਦਿਆਰਥਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਹੀ ਇਹਨਾਂ ਬੱਚਿਆਂ, ਇਹਨਾਂ ਦੇ ਮਾਪਿਆਂ ਅਤੇ ਕੋਚ ਪਰਮਿੰਦਰ ਸਿੰਘ ਨੂੰ ਵਧਾਈ ਦਿੱਤੀ।



## ਪੰਜਾਬ ਸਰਕਾਰ ਵੱਲੋਂ ਨਿਗੂਣੀ ਰਾਹਤ ਵਿੱਚ ਵਾਧਾ ਕੀਤਾ ਜਾਵੇ : ਕਰਨ ਸਿੰਘ ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਲੋਕਾਂ ਲਈ ਜਾਰੀ ਕੀਤਾ ਰਾਹਤ ਪੈਕੇਜ ਨਾ ਕਾਫ਼ੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਚਿੰਤਾ ਪ੍ਰਗਟ ਕੀਤੀ ਕਿ ਫਸਲ ਦਾ ਨੁਕਸਾਨ 20 ਹਜ਼ਾਰ ਰੁਪਿਆ ਪ੍ਰਤੀ ਏਕੜ ਬਹੁਤ ਹੀ ਘੱਟ ਹੈ ਇਸ ਨਗੂਣੀ ਰਾਹਤ ਨਾਲ ਪੰਜਾਬ ਦਾ ਕਿਸਾਨ ਮਜ਼ਦੂਰਾ ਭਿਅੰਕਰ ਸੰਕਟ ਵਿਚੋਂ ਨਹੀਂ ਨਿਕਲ ਸਕੇਗਾ। ਉਹਨਾਂ ਮੰਗ ਕੀਤੀ ਕਿ ਮੌਜੂਦਾ ਰਾਹਤ ਪੈਕਜ ਨੂੰ ਹੋਰ ਵਧਾਇਆ ਜਾਵੇ।



## ਰੋਟਰੀ ਕਲੱਬ ਨੇ ਖੁਨਦਾਨ ਕੈਂਪ ਲਗਾਇਆ

**ਜਲੰਧਰ (ਰਾਜੇਸ਼ ਥਾਪਾ)**- ਰੋਟਰੀ ਕਲੱਬ ਜਲੰਧਰ ਸੈਂਟਰਲ ਅਤੇ ਰੋਟਰੀ ਕਲੱਬ ਹੈਲਪਿੰਗ ਹੈਂਡ ਜਲੰਧਰ ਦੇ ਸਾਂਝੇ ਉੱਦਮ ਨਾਲ ਇਕ ਐਮਰਜੈਂਸੀ ਸੱਦੇ ਤੇ ਮੈਡੀਕਲ ਕੈਂਪ ਪਿੰਡ ਖੁਣ ਖੁਣ ਨਕੋਦਰ ਰੋਡ ਵਿਖੇ ਲਗਾਇਆ ਗਿਆ। ਕੈਂਪ ਵਿੱਚ ਲੋੜਵੰਦ ਲੋਕਾਂ ਨੂੰ ਮੁਫ਼ਤ ਦਵਾਈਆਂ ਬੱਚਿਆਂ ਦੇ ਖਾਣ ਪੀਣ ਦੀਆਂ ਵਸਤਾਂ ਅਤੇ ਮਲੱਹਮ ਪੱਟੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਡਾਕਟਰ ਮਨਦੀਪ ਸਿੰਘ ਪ੍ਰਧਾਨ ਹੈਲਪਿੰਗ ਹੈਂਡ ਡਾਕਟਰ ਹਰਿੰਦਰ ਕੌਰ ਦੀਪਕ ਸੂਰੀ ਕਲੱਬ ਸੈਕਟਰੀ ਗੁਰਮੀਤ ਸਿੰਘ ਬਸਰਾ ਹਾਜ਼ਰ ਸਨ। ਪਿੰਡ ਵਾਸੀਆਂ ਨੇ ਸਾਰੀ ਟੀਮ ਦਾ ਧੰਨਵਾਦ ਕੀਤਾ । ਪਿੰਡ ਵਾਸੀਆਂ ਨੇ ਪੀਣ ਵਾਲੇ ਸਾਫ਼ ਪਾਣੀ ਅਤੇ ਪਸ਼ੂਆਂ ਲਈ ਚਾਰੇ ਤੇ ਫ਼ੀਡ ਦੀ ਮਦਦ ਵੀ ਮੰਗੀ । ਕੁਲਵੰਤ ਸਿੰਘ ਅਰੋੜਾ ਨੇ ਸਾਰੀ ਟੀਮ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਹੋਰ ਸਹਾਇਤਾ ਦਾ ਭਰੋਸਾ ਦਿਵਾਇਆ ਇਸ ਦੌਰਾਨ ਸਰਦਾਰ ਮੇਜਰ ਸਿੰਘ ਸਹੋਤਾ ਕਨੇਡਾ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਕਲੱਬ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਲਈ 20,000 ਰੁਪਏ ਦੀ ਸਹਾਇਤਾ ਕੀਤੀ ਗਈ।



## ਹਰਜੋਤ ਸਿੰਘ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਭੇਜੀਆਂ

**ਭਲਾਣ (ਹਰਜਸ਼ਨ ਢਿੱਲੋਂ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਹੇਠ ਡਾ.ਪਰਵੀਨ ਅਗਰਵਾਲ, ਸੀਨੀਅਰ ਵੈਟਨਰੀ ਅਫਸਰ ਨੰਗਲ ਦੀ ਅਗਵਾਈ ਵਿੱਚ ਪਿੰਡ ਭਨਾਮ, ਦੋਲਾ ਬਸਤੀ, ਬੇਲਾ ਧਿਆਨੀ ਲੋਅਰ, ਬੇਲਾ ਸ਼ਿਵ ਸਿੰਘ, ਦਬਖੇੜਾ,ਸਹਿਜੋਵਾਲ ਸਮੇਤ ਦਰਜਨਾਂ ਪਿੰਡਾਂ ਵਿੱਚ ਪਸ਼ੂਆਂ ਦੀ ਵੈਕਸੀਨੇਸ਼ਨ ਕੀਤੀ ਜਾ ਰਹੀ ਹੈ। ਡਾ.ਅਗਰਵਾਲ ਨੇ ਦੱਸਿਆ ਕਿ ਪਸ਼ੂਆਂ ਨੂੰ ਗਲ ਘੋਟੂ ਬਿਮਾਰੀਆਂ ਤੋਂ ਬਚਾਉਣ ਲਈ ਇਹ ਵੈਕਸੀਨੇਸ਼ਨ ਕੀਤੀ ਜਾ ਰਹੀ ਹੈ ਅਤੇ ਬੂਸਟਰ ਡੋਜ਼ ਵੀ ਲਗਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ.ਹਰਜੋਤ ਸਿੰਘ ਬੈਂਸ ਵੱਲੋਂ ਪਿੰਡਾਂ ਵਿਚ ਪਹਿਲਾ ਸਿਹਤ ਟੀਮਾ ਭੇਜਿਆਂ ਗਈਆਂ ਅਤੇ ਉਨ੍ਹਾਂ ਵੱਲੋਂ ਹੜ੍ਹਾਂ ਦੌਰਾਨ ਪਸ਼ੂਆਂ ਨੂੰ ਲੱਗਣ ਵਾਲੀਆ ਬਿਮਾਰੀਆਂ ਤੋ ਬਚਾਅ ਲਈ ਵੈਟਨਰੀ ਡਾਕਟਰਾਂ ਦੀਆਂ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ ਤਾਂ ਜੋ ਹੜ੍ਹਾਂ ਵਰਗੇ ਹਾਲਾਤ ਵਿੱਚ ਬਰਸਾਤੀ ਪਾਣੀ ਨਾਲ ਹੋਣ ਵਾਲੀਆਂ ਪਸ਼ੂਆਂ ਦੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕੇ।



## ਸੰਯੁਕਤ ਕਿਸਾਨ ਮੋਰਚਾ ਵੱਲੋਂ ਮੁਕੇਰੀਆਂ ਦੇ ਹੜ੍ਹ ਮਾਰੇ ਪਿੰਡਾਂ ਦਾ ਦੌਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਯੁਕਤ ਕਿਸਾਨ ਮੋਰਚਾ ਦੇ ਵਫ਼ਦ ਨੇ ਮੁਕੇਰੀਆਂ ਦੇ ਹੜ੍ਹ ਮਾਰੇ ਪਿੰਡਾਂ ਦਾ ਦੌਰਾ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਇਆਂ ਵਫ਼ਦ ਮੈਂਬਰ ਅਮਰਜੀਤ ਕਾਨ੍ਹੂੰਗੋ, ਸਵਰਨ ਸਿੰਘ, ਰੋਸ਼ਨ ਖਾਨ, ਖੜਕ ਸਿੰਘ, ਕੁੰਦਨ ਲਾਲ, ਡਾ. ਤੇਜਿੰਦਰ ਕਾਲੜਾ ਆਦਿ ਨੇ ਦੱਸਿਆ ਕਿ ਸਬ ਡਵੀਜ਼ਨ ਮੁਕੇਰੀਆਂ ਅਧੀਨ ਆਉਂਦੇ 23 ਪਿੰਡ ਹੜ੍ਹ ਦੀ ਮਾਰ ਹੇਠ ਹਨ।ਇਹ ਪਿੰਡ ਦਰਿਆ ਬਿਆਸ ਦੇ ਨਜ਼ਦੀਕ ਪੈਂਦੇ ਹਨ।ਇਨ੍ਹਾਂ ਪਿੰਡਾਂ 'ਚ ਹੜ੍ਹ ਕਾਰਨ ਰਸਤੇ ਰੁੜ੍ਹ ਗਏ ਹਨ।ਫਸਲਾਂ ਦੀ ਭਾਰੀ ਤਬਾਹੀ ਹੋਈ ਹੈ।ਮੋਰਚੇ ਵੱਲੋਂ ਇੱਕਠੇ ਕੀਤੇ ਅੰਕੜਿਆਂ ਮੁਤਾਬਕ ਹੜ੍ਹ ਮਾਰੇ ਪਿੰਡਾਂ 'ਚ ਕਰੀਬ 4325 ਏਕੜ ਜ਼ਮੀਨ 'ਤੇ ਲੱਗੀ ਕਮਾਦ, ਪਰਮਲ, ਬਾਸਮਤੀ ਅਤੇ ਹੋਰ ਫਸਲਾਂ ਦਾ ਨੁਕਸਾਨ ਹੋਇਆ ਹੈ।ਹੜ੍ਹ ਮਾਰੇ ਪਿੰਡਾਂ 'ਚ ਮਜ਼ਦੂਰ ਪਰਵਾਰਾਂ ਦੀਆਂ ਬਾਲਿਆਂ ਵਾਲੀਆਂ ਛੱਤਾਂ ਡਿੱਗ ਗਈਆਂ ਜਾਂ ਡਿੱਗਣ ਕੰਢੇ ਹਨ।ਨੀਵੇਂ ਥਾਂ ਸਥਿਤ ਮਕਾਨਾਂ 'ਚ ਪਾਣੀ ਭਰਨ ਕਰਕੇ ਪੱਕੇ ਕੋਠੇ ਚੋਣ ਲੱਗ ਪਏ ਹਨ।ਪਿੰਡ ਨੌਸ਼ਹਿਰਾ ਪੱਤਣ ਦੀ ਰਾਜਕਮਲ ਕੌਰ, ਜਸਬੀਰ ਕੌਰ ਅਤੇ ਬਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਅਜੇ ਤੱਕ ਨਾ ਕੋਈ ਸਿਆਸੀ ਲੀਡਰ ਅਤੇ ਨਾ ਹੀ ਪ੍ਰਸ਼ਾਸ਼ਨਿਕ ਅਧਿਕਾਰੀ ਬਹੁੜਿਆ।ਹੜ੍ਹ ਦੇ ਪਾਣੀ 'ਚ ਉਸਦੀ ਗਊ ਰੁੜ੍ਹ ਗਈ ਅਤੇ ਹਵੇਲੀ 'ਚ ਪਾਣੀ ਭਰ ਗਿਆ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਹੜ੍ਹ ਮਾਰੇ ਇਲਾਕਿਆਂ 'ਚ ਸਥਿਤੀ ਨਾਜ਼ੁਕ ਹੈ।ਮੰਗਲਵਾਰ ਉਕਤ ਇੱਕਤਰ ਕੀਤੇ ਅੰਕੜਿਆਂ ਦੇ ਅਧਾਰ 'ਤੇ ਐਸ ਡੀ ਐਮ ਮੁਕੇਰੀਆਂ ਨੂੰ ਮੋਰਚੇ ਵੱਲੋਂ ਮੰਗ ਪੱਤਰ ਦਿੱਤਾ ਜਾਵੇਗਾ।

## ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਜੰਗੀ ਪੱਧਰ ਤੇ ਜਾਰੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਬੁਰਜ ਟਹਿਲ ਦਾਸ ਵਿਖੇ ਸੁਖਚੈਨ ਸਤਲੁਜ ਦਰਿਆ ਦੇ ਬੰਨ੍ਹ 'ਚ ਪਏ ਪਾੜ ਉਪਰੰਤ ਬੰਨ੍ਹ ਦਾ ਪਾੜ ਪੂਰਨ ਤੇ ਬੰਨ੍ਹ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਜੰਗੀ ਪੱਧਰ 'ਤੇ ਕੰਮ ਜਾਰੀ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ, ਭਾਰਤੀ ਫੌਜ ਦੀ ਟੀਮ ਅਤੇ ਭਾਰੀ ਗਿਣਤੀ ਪਿੰਡ ਵਾਸੀਆਂ ਸਮੇਤ ਮੌਕੇ 'ਤੇ ਹੀ ਮੌਜੂਦ ਹਨ ਅਤੇ ਚੱਲ ਰਹੇ ਕੰਮ ਦਾ ਜਾਇਜ਼ਾ ਲੈ ਰਹੇ ਹਨ। ਐਸ. ਐਸ. ਪੀ. ਡਾ. ਮਹਿਤਾਬ ਸਿੰਘ ਦੀ ਅਗਵਾਈ ਵਿਚ ਪੰਜਾਬ ਪੁਲਸ ਦੇ ਜਵਾਨ ਵੀ ਬੰਨ੍ਹ ਦੀ ਮਜ਼ਬੂਤੀ ਦੇ ਕਾਰਜਾਂ ਵਿਚ ਜੁਟੇ ਹਨ।



## ਲੋੜਵੰਦਾਂ ਨੂੰ ਰਾਸ਼ਨ ਵੰਡਿਆ

**ਬਿਲਗਾ (ਵਿਜੇ ਕੁਮਾਰ)**- ਕਾਂਗਰਸ ਪਾਰਟੀ ਦੇ ਇਸਤਰੀ ਵਿੰਗ ਦੀ ਪ੍ਰਧਾਨ ਊਸ਼ਾ ਰਾਣੀ ਬੱਧਨ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਂਹ ਪੈਣ ਕਾਰਨ ਕਈ ਲੋੜਵੰਦ ਪਰਵਾਰਾਂ ਦੇ ਮੈਂਬਰ ਜੋ ਦਿਹਾੜੀਦਾਰ ਹਨ , ਲਗਾਤਾਰ ਮੀਂਹ ਪੈਣ ਕਾਰਨ ਮਜ਼ਦੂਰ ਲੋਕ ਦਿਹਾੜੀ ਨਹੀਂ ਲਗਾ ਸਕੇ ,ਕੰਮ ਤੇ ਨਹੀਂ ਜਾ ਸਕੇ। ਇਸ ਲਈ ਇਨ੍ਹਾਂ ਪਰਵਾਰਾਂ ਦੇ ਘਰਾਂ ਵਿੱਚ ਰਾਸ਼ਨ ਨਹੀਂ ਆ ਸਕਿਆ ਤੇ ਇਹ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਲਈ ਪ੍ਰਧਾਨ ਨੇ ਇਨ੍ਹਾਂ ਲੋੜਵੰਦ ਪਰਵਾਰਾਂ ਦੀ ਮਦਦ ਕਰਨ ਬਾਰੇ ਅਤੇ ਇਨ੍ਹਾਂ ਨੂੰ ਰਾਸ਼ਨ ਦੇਣ ਬਾਰੇ ਸੋਚਿਆ ਅਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ । ਉਨ੍ਹਾਂ ਕਿਹਾ ਇਸ ਮੁਸ਼ਕਲ ਦੀ ਘੜੀ ਵਿੱਚ ਉਹ ਆਪ ਤੇ ਉਨ੍ਹਾਂ ਦੀ ਪਾਰਟੀ ਕਾਂਗਰਸ ਪਾਰਟੀ ਹਮੇਸ਼ਾ ਲੋੜਵੰਦਾਂ ਦੇ ਨਾਲ ਖੜੀ ਹੈ । ਉਨ੍ਹਾਂ ਦੇ ਨਾਲ ਉਪ ਪ੍ਰਧਾਨ ਜਸਬੀਰ ਕੌਰ ਸਮਰਾ, ਮੈਂਬਰ ਲਕਸ਼ਮੀ ਦੇਵੀ, ਕੁਲਵਿੰਦਰ ਕੌਰ, ਸੁਨੀਤਾ ਬੰਗਾ,ਅਨੀਤਾ ,ਆਸ਼ਾ ਰਾਣੀ ,ਬਿੰਦਰ ਰਜਨੀ ਰਾਣੀ, ਸੰਦੀਪ , ਓਮ ਪ੍ਰਕਾਸ਼,ਹਰਭਜਨ ਬੱਧਨ ,ਜਸਪਾਲ ਤੇ ਹੋਰ ਪਾਰਟੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।



## ਹੜ੍ਹਾਂ ਦੀ ਮਾਰ ਝੱਲ ਰਹੇ ਮਜ਼ਦੂਰਾਂ ਨਾਲ ਵਿਤਕਰਾ ਕਿਉਂ ?

**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਜਿਥੇ ਹੀ ਲੋਕਾਂ ਦੀਆਂ ਜ਼ਮੀਨਾਂ ਤਬਾਹ ਹੋ ਗਈਆ ਹਨ ਉੱਥੇ ਹੀ ਲੋਕਾਂ ਦੇ ਘਰ ਢਹਿ-ਢੇਰੀ ਹੋ ਗਏ ,ਮਾਲ ਪਸ਼ੂ ਦਾ ਵੀ ਵੱਡਾ ਨੁਕਸਾਨ ਹੋਇਆ ਹੈ ਜੋ ਕਿ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਮਜ਼ਦੂਰ ਜਮਾਤ ਦਾ ਵੀ ਬਹੁਤ ਵੱਡੇ ਪੱਧਰ ਤੇ ਨੁਕਸਾਨ ਹੋਇਆ ਹੈ। ਇੱਥੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਜ਼ਦੂਰ ਤੇ ਮੁਲਾਜ਼ਮ ਆਗੂ ਜਸਵੀਰ ਸਿੰਘ ਸ਼ੀਰਾ ਨੇ ਕਰਦਿਆਂ ਕਿਹਾ ਕਿ ਇਤਿਹਾਸ ਗਵਾਹ ਹੈ ਜਿਨੇ ਵੀ ਘੋਲ਼ ਲੜੇ ਹੋਣ ਉਨ੍ਹਾਂ ਵਿੱਚ ਸਭ ਤੋਂ ਵੱਧ ਯੋਗਦਾਨ ਤੇ ਕੁਰਬਾਨੀਆਂ ਮਜ਼ਦੂਰਾਂ ਨੇ ਦਿੱਤੀਆਂ ਨੇ ਕਿਸਾਨੀ ਘੋਲਾਂ ਵਿਚ ਵੀ ਸਭ ਤੋਂ ਵੱਡਾ ਯੋਗਦਾਨ ਮਜ਼ਦੂਰਾਂ ਦਾ ਰਿਹਾ ਹੈ। ਇਨ੍ਹਾਂ ਦੇ ਢਹਿ-ਢੇਰੀ ਹੋ ਚੁੱਕੇ ਘਰਾਂ ਨੂੰ ਦੁਬਾਰਾ ਤੋਂ ਉਸਾਰਨ ਲਈ ਯੋਗਦਾਨ ਕਰਨ। ਮਜ਼ਦੂਰਾਂ ਨਾਲ ਕੀਤਾ ਜਾ ਰਿਹਾ ਵਿਤਕਰਾ ਬੰਦ ਕਰਵਾਇਆ ਜਾਵੇ।

## ਹੜ੍ਹਾਂ ਨਾਲ ਪ੍ਰਭਾਵਿਤ ਇਲਾਕੇ 'ਚ ਖਾਣ-ਪੀਣ ਦਾ ਸਮਾਨ ਪਹੁੰਚਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ ਬਾਪੂ ਗੰਗਾ ਦਾਸ ਮਾਹਿਲਪੁਰ ਦੇ ਮੁੱਖ ਸੇਵਾਦਾਰ ਦਾਸ ਮਨਦੀਪ ਬੈਂਸ ਦੀ ਯੋਗ ਅਗਵਾਈ ਹੇਠ ਹੜ੍ਹਾਂ ਨਾਲ ਪ੍ਰਭਾਵਿਤ ਇਲਾਕੇ ਦੀਨਾਨਗਰ ਵਿਖੇ ਲੋੜਵੰਦ ਵਿਅਕਤੀਆਂ ਨੂੰ ਖਾਣ ਪੀਣ ਦਾ ਸਮਾਨ ਵੰਡਿਆ ਗਿਆ। ਗੱਲਬਾਤ ਕਰਦਿਆਂ ਦਾਸ ਮਨਦੀਪ ਬੈਂਸ ਨੇ ਦੱਸਿਆ ਕਿ ਵੰਡੇ ਗਏ ਸਮਾਨ ਵਿੱਚ 1200 ਬਰੈਡ, 300 ਪੇਟੀ ਪਾਣੀ, 80 ਪੇਟੀਆਂ ਰਸ, 70 ਪੇਟੀਆਂ ਬਿਸਕੁਟ, ਅਚਾਰ, ਸੈਨੇਟਰੀ ਪੈਡ, ਓਡੋਮਾਸ ਅਤੇ ਸੁੱਕਾ ਦੁੱਧ ਸ਼ਾਮਲ ਸੀ। ਉਹਨਾਂ ਦੱਸਿਆ ਕਿ ਜਲਦੀ ਹੀ ਇੱਕ ਦੂਜੀ ਗੱਡੀ ਸੁਲਤਾਨਪੁਰ ਲੋਧੀ ਦੇ ਏਰੀਏ ਵਿੱਚ ਭੇਜੀ ਜਾਵੇਗੀ। ਜਿਸ ਵਿੱਚ ਇੱਕ ਹਜ਼ਾਰ ਪਾਣੀ ਦੀ ਪੇਟੀ, 100 ਕੁਇੰਟਲ ਪਸ਼ੂਆਂ ਲਈ ਅਚਾਰ ਅਤੇ ਹੋਰ ਲੁੜੀਦਾ ਸਮਾਨ ਹੋਵੇਗਾ। ਉਹਨਾਂ ਦੱਸਿਆ ਕਿ ਇਸ ਮੌਕੇ ਚੇਤਨ ਮਹਿਦੂਦ, ਵਿੱਕੀ ਅਗਨੀਹੋਤਰੀ, ਮਨਜੀਤ ਬੈਂਸ, ਹੈਪੀ ਬੈਂਸ, ਹੈਪੀ ਨਾਗਰਾ, ਜੱਗਾ ਮੇਘੋਵਾਲ, ਕਮਲ ਮਾਛੀਵਾੜਾ ਵੀ ਉਹਨਾਂ ਨਾਲ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਡੇਰਾ ਬਾਪੂ ਗੰਗਾ ਦਾਸ ਵਿਖੇ ਹੋ ਰਹੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਕਸ਼ਮੀ ਲਾਈਫ ਸਟਾਈਲ, ਲਕਸ਼ਮੀ ਇਲੈਕਟਰੋਨਿਕਸ, ਐਡ ਕਲੈਕਸ਼ਨ, ਚਾਚਾ ਬਰਤਨ ਸਟੋਰ ਵੱਲੋਂ ਆਂਟੀ ਰਾਣੀ, ਬਲਦੇਵ ਸਿੰਘ ਬੈਂਸ, ਅਵਤਾਰ ਸਿੰਘ ਬੈਂਸ,ਜਿਕੀ ਤਨੇਜਾ, ਗੁਰਵਿੰਦਰ ਸਿੰਘ, ਸਤਨਾਮ ਦਾਸ, ਗੋਪੀ ਮਜਾਰਾ, ਇੰਸਪੈਕਟਰ ਪਰਮਜੀਤ ਸਿੰਘ, ਪਰਮਜੀਤ ਬੈਂਸ, ਹਰਵਿੰਦਰ ਰਾਣਾ, ਤਿਲਕ ਰਾਜ ਭਾਰਤਵਾਜ, ਰਵੀ ਖੜੌਦੀ, ਗੋਪੀ ਬਸਰਾ, ਅਨਿਲ ਕੁਮਾਰ ਕਾਲਾ, ਅੱਛਰ ਕੁਮਾਰ ਜੋਸ਼ੀ, ਰਾਜ ਕੁਮਾਰ ਸੀ.ਆਈ.ਡੀ, ਰਵੀ ਠੇਕੇਦਾਰ, ਚੰਨਣ ਰਾਮ ਅਗਨੀਹੋਤਰੀ, ਅਨੁਰਾਗ ਹਾਂਡਾ, ਸਤੀਸ਼ ਕੁਮਾਰ ਜੋਸ਼ੀ, ਜੀਵਨ ਗੌਤਮ, ਜੁਗਿੰਦਰ ਪਾਲ ਪਿੰਕੀ, ਸੀਤਲ ਈਸਪੁਰ, ਬਿਕਰਮਜੀਤ ਰਾਣਾ,ਪਰਮਜੀਤ ਰਾਣਾ ਅਤੇ ਡੇਰੇ ਨਾਲ ਜੁੜੇ ਸ਼ਰਧਾਲੂ ਹਮੇਸ਼ਾ ਹੀ ਸਹਿਯੋਗ ਕਰਦੇ ਰਹਿੰਦੇ ਹਨ।



## ਲਾਇਲਪੁਰ ਖ਼ਾਲਸਾ ਕਾਲਜ ਦੇ ਫਿਜ਼ੀਓਥਰੈਪੀ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੈਚੁਲਰ ਆਫ ਫਿਜ਼ੀਓਥਰੈਪੀ ਭਾਗ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਸ਼੍ਰੇਆ ਨੇ 1100 ਵਿਚੋਂ 787 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ, ਲਵਲੀ ਸ਼ਰਮਾ ਨੇ 759 ਅੰਕ ਪ੍ਰਾਪਤ ਕਰਕੇ ਅੱਠਵਾਂ ਸਥਾਨ, ਅਮਨਦੀਪ ਕੌਰ ਨੇ 749 ਅੰਕ ਪ੍ਰਾਪਤ ਕਰਕੇ 14ਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਰਾਜੂ ਸ਼ਰਮਾ ਮੁਖੀ ਫਿਜ਼ੀਓਥਰੈਪੀ ਵਿਭਾਗ, ਡਾ.ਜਸਵੰਤ ਕੌਰ, ਪ੍ਰੋ. ਪ੍ਰਿਆਂਕ ਸ਼ਾਰਦਾ, ਪ੍ਰੋ. ਵਿਸ਼ਾਲੀ ਮਹਿੰਦਰੂ , ਪ੍ਰੋ. ਆਲੀਸ਼ਾ ਕੰਬੋਜ ਵੀ ਹਾਜ਼ਰ ਸਨ।

## ਕਰੜਾ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ 14 ਨੂੰ



**ਮਾਹਿਲਪੁਰ (ਸ.ਫਰੀ)**- ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰੜਾ ਗੋਤ ਦੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ , ਪਿੰਡ ਬਿੰਜੋ , ਤਹਿਸੀਲ ਗੜ੍ਹਸ਼ੰਕਰ , ਜਿਲ੍ਹਾ ਹੁਸ਼ਿਆਰਪੁਰ ਵਿਖੇ ਸਮੂਹ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਕਰੜਾ ਗੋਤਰ ਦੇ ਜਠੇਰਿਆਂ ਦੇ ਧਾਰਮਿਕ ਅਸਥਾਨ ਤੇ 14 ਸਤੰਬਰ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦਿਨ ਸਭ ਤੋਂ ਪਹਿਲਾਂ ਰੋਸ਼ਨ ਚਿਰਾਗ , ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਜਾਵੇਗੀ। ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ , ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ ਚਾਹ ਪਕੌੜਿਆਂ ਦਾ ਤੇ ਗੁਰੂ ਦੇ ਅਤੁੱਟ ਲੰਗਰ ਚੱਲਣਗੇ। ਇਸ ਮੌਕੇ ਸੇਵਦਾਰ ਚਿਰੰਜੀ ਲਾਲ , ਜਸਵੀਰ ਸਿੰਘ , ਰਾਜ ਕੁਮਾਰ , ਮਹਿੰਦਰ ਪਾਲ ਆਦਿ ਹਾਜ਼ਰ ਸਨ।ਇਸ ਪ੍ਰੋਗਰਾਮ ਵਿਚ ਉਚੇਚੇ ਤੌਰ ਤੇ, ਹੁਸਨ ਲਾਲ (ਜੱਜ ਹਾਈ ਕੋਰਟ ), ਰਸ਼ਪਾਲ ਕਰੜਾ , ਤੀਰਥ ਕਰੜਾ , ਬਲਵੰਤ ਕੁਮਾਰ ( ਸਾਬਕਾ ਚੀਫ ਇੰਜੀਨੀਅਰ ਪਟਿਆਲਾ ), ਬੀਬੀ ਬਲਵੀਰ ਕੌਰ ਠੰਡਲ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਗਵਾਉਣਗੇ।

## ਮਿੱਟੀ ਦੀਆਂ ਟਰਾਲੀਆਂ ਜਥੇਦਾਰ ਹਰਨਾਮ ਸਿੰਘ ਦੀ ਅਗਵਾਈ 'ਚ ਰਵਾਨਾ



**ਅਲਾਵਲਪੁਰ (ਮਦਨ ਬੰਗੜ)**- ਹੜ੍ਹਾਂ ਦੀ ਮਾਰ ਝੱਲ ਰਹੇ ਸੁਲਤਾਨਪੁਰ ਲੋਧੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਦਾਣਾ ਮੰਡੀ ਅਲਾਵਲਪੁਰ ਤੋਂ ਜਥੇਦਾਰ ਹਰਨਾਮ ਸਿੰਘ ਦੀ ਅਗਵਾਈ ਵਿੱਚ ਮਿੱਟੀ ਦੀਆਂ 8 ਟਰਾਲੀਆਂ ਰਵਾਨਾ ਕੀਤੀਆਂ ਗਈਆਂ। ਜਾਣਕਾਰੀ ਦਿੰਦਿਆਂ ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਨੇ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਥੱਲੇ ਆਏ ਇਲਾਕੇ ਦੇ ਲੋਕਾਂ ਦੀ ਮਦਦ ਵਾਸਤੇ ਪੰਜਾਬ ਦੇ ਲੋਕਾਂ ਦੇ ਨਾਲ ਨਾਲ ਵੱਖ ਵੱਖ ਪ੍ਰਾਂਤਾਂ ਤੋਂ ਸੇਵਾਦਾਰ ਆਪੋ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਦਿਨ ਰਾਤ ਲੱਗੇ ਹੋਏ ਹਨ। ਦਾਣਾ ਮੰਡੀ ਅਲਾਵਲਪੁਰ ਤੋਂ ਨੌਜਵਾਨਾਂ ਵੀਰਾਂ ਦੇ ਸਹਿਯੋਗ ਨਾਲ ਸੁਲਤਾਨਪੁਰ ਦੇ ਕਰੀਬਪੁਰ ਬੰਨ੍ਹ ਨੂੰ ਮਜ਼ਬੂਤ ਕਰਨ ਲਈ 10 ਹਜ਼ਾਰ ਰੁਪਏ ਦਾ ਡੀਜ਼ਲ ਸਮੇਤ ਮਿੱਟੀ ਦੀਆਂ ਟਰਾਲੀਆਂ ਭੇਜੀਆਂ ਗਈਆਂ ਹਨ। ਇਸ ਮੌਕੇ ਜਥੇ ਹਰਨਾਮ ਸਿੰਘ ਅਲਾਵਲਪੁਰ, ਦਲੇਰ ਸਿੰਘ ਸ਼ਾਮ ਚੁਰਾਸੀ, ਜਸਵਿੰਦਰ ਸਿੰਘ ਸੋਨੂੰ, ਤਰਨਵੀਰ ਸਿੰਘ ਸ਼ਾਮਚੁਰਸੀ, ਸੋਨੂੰ ਬਾਦੋਵਾਲ, ਜੱਗੀ ਮਹੱਦੀਪੁਰ ਸਮੇਤ ਇਲਾਕਾ ਵਾਸੀ ਹਾਜ਼ਰ ਸਨ।

## ਮੁੱਖ ਮੰਤਰੀ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੇ ਹਿੱਤ 'ਚ ਲਏ ਗਏ ਫੈਸਲੇ ਸ਼ਲਾਘਾਯੋਗ : ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਹਸਪਤਾਲ ਤੋਂ ਹੀ ਵੀਡੀਓ ਕਾਨਫਰੰਸ ਜ਼ਰੀਏ ਕੈਬਨਿਟ ਦੇ ਨਾਲ ਕੀਤੀ ਗਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬੀਆਂ ਅਤੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਵਿੱਚ ਜੋ ਇਤਿਹਾਸਕ ਫੈਸਲੇ ਲਏ ਹਨ, ਉਹ ਅਤਿ ਸ਼ਲਾਘਾਯੋਗ ਹਨ ਅਤੇ ਮੇਰਾ ਯਕੀਨ ਹੈ ਕਿ ਇਸ ਨਾਲ ਨਾ ਸਿਰਫ ਹਲਕਾ ਚੱਬੇਵਾਲ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਜਨਤਾ ਅਤੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ, ਬਲਕਿ ਇਸ ਨਾਲ ਪੂਰੇ ਪੰਜਾਬ ਦੀ ਜਨਤਾ ਜੋ ਇਸ ਸਮੇਂ ਕੇਂਦਰ ਸਰਕਾਰ ਦੀ ਅਣਗਹਿਲੀ ਅਤੇ ਨਕਾਰਾਤਮਕ ਰਵੱਈਏ ਦੇ ਦੌਰ ਵਿੱਚ ਵੀ ਇੱਕਜੁੱਟ ਹੋ ਕੇ ਹੜ੍ਹਾਂ ਨਾਲ ਆਈਆਂ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰ ਰਹੇ ਹਨ। ਇਹ ਵਿਚਾਰ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਜ਼ਾਹਰ ਕੀਤੇ । ਉਹਨਾਂ ਕਿਹਾ ਕਿ ਸਾਡੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁੱਖ ਮੰਤਰੀ ਵੱਲੋਂ ਦਿੱਤੀ ਗਈ ਇਹ ਰਾਹਤ ਬਹੁਤ ਜਲਦੀ ਹੀ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਲੀਹ 'ਤੇ ਲਿਆਉਣ ਵਿੱਚ ਬਹੁਤ ਵੱਡੀ ਮਦਦਗਾਰ ਸਾਬਿਤ ਹੋਵੇਗੀ। ਉਹਨਾਂ ਦੱਸਿਆ ਕਿ ਅੱਜ ਇਸ ਅਹਿਮ ਮੀਟਿੰਗ ਵਿੱਚ ਮਾਨ ਨੇ ਪੰਜਾਬ ਦੀ ਕਿਸਾਨੀ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਦੀ ਜੋ ਘੋਸ਼ਣਾ ਕੀਤੀ ਹੈ ਉਹ ਇਤਿਹਾਸ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਮੁਆਵਜ਼ਾ ਹੈ, ਹਾਲਾਂਕਿ ਜੋ ਨੁਕਸਾਨ ਸਾਡੇ ਪੰਜਾਬ ਦੇ ਕਿਸਾਨਾਂ ਦਾ ਇਹਨਾਂ ਹੜ੍ਹਾਂ ਕਰਕੇ ਹੋਇਆ ਹੈ ਇਸ ਨਾਲ ਉਸ ਦੀ ਪੂਰੀ ਭਰਪਾਈ ਤਾਂ ਨਹੀ ਹੋ ਸਕਦੀ ਪਰ ਸਾਡੇ ਪੰਜਾਬ ਦੇ ਅਣਖੀ ਕਿਸਾਨਾਂ ਨੂੰ ਕੇਂਦਰ ਦੀ ਮਦਦ ਤੋਂ ਬਿਨਾਂ ਵੀ ਇਹ ਮੁਆਵਜ਼ਾ ਦੇਣਾ ਉਹਨਾ ਦੇ ਜ਼ਖਮਾਂ ਤੇ ਇੱਕ ਵੱਡੇ ਮਰਹਮ ਦਾ ਕੰਮ ਕਰੇਗਾ।ਇਸਦੇ ਨਾਲ ਨਾਲ ਹੀ ਮੁੱਖ ਮੰਤਰੀ ਵੱਲੋਂ ਖੇਤ ਦੀ ਜ਼ਮੀਨ ਨੂੰ ਮੁੜ ਵਾਹੀਯੋਗ ਬਣਾਉਣ ਲਈ ਜਿਸ ਦਾ ਪਿੰਡ, ਉਸ ਦੀ ਰੇਤ ਤਹਿਤ ਦਰਿਆ ਨਾਲ ਲਗਦੇ ਖੇਤਾਂ ਵਿੱਚੋਂ ਮਿੱਟੀ ਚੁੱਕ ਕੇ ਉਸ ਨੂੰ ਅਪਣੇ ਇਸਤੇਮਾਲ ਲਈ ਵਰਤੋਂ ਕਰਨ ਜਾਂ ਉਸ ਨੂੰ ਵੇਚਣ ਦੀ ਇਜਾਜ਼ਤ ਦੇਣਾ ਵੀ ਇੱਕ ਇਤਿਹਾਸਕ ਫੈਸਲਾ ਹੈ।ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਇਹ ਵੀ ਘੋਸ਼ਣਾ ਕੀਤੀ ਹੈ ਕਿ ਹੜ੍ਹਾਂ ਨਾਲ ਪਸ਼ੂਆਂ ਅਤੇ ਪ੍ਰੋਪਰਟੀ ਦਾ ਜੋ ਨੁਕਸਾਨ ਹੋਇਆ ਹੈ ਉਸ ਦਾ ਵੀ ਅਸੈਸਮੈਂਟ ਕਰਕੇ ਮੁਆਵਜ਼ਾ ਦੇਣ ਦੇ ਸੰਭਵ ਯਤਨ ਕੀਤੇ ਜਾਣਗੇ। ਇਸ ਤੋਂ ਇਲਾਵਾ ਸਕੂਲਾਂ ਅਤੇ ਸਰਕਰੀ ਬਿਲਡਿੰਗਾਂ ਨੂੰ ਹੋਏ ਨੁਕਸਾਨ ਦਾ ਸਰਵੇ ਕਰਕੇ ਜੰਗੀ ਪੱਧਰ 'ਤੇ ਮੁੜ ਉਸਾਰੀ ਅਤੇ ਮੁਰੰਮਤ ਦਾ ਕੰਮ ਸ਼ੁਰੂ ਕਰਨ ਦਾ ਵੀ ਉਹਨਾਂ ਨੇ ਵਿਸ਼ਵਾਸ ਦਿਵਾਇਆ। ਡਾ. ਇਸ਼ਾਂਕ ਨੇ ਦੱਸਿਆ ਕਿ ਮਾਨ ਹੜ੍ਹਾਂ ਦੌਰਾਨ ਹੋਈਆਂ ਮੌਤਾ ਲਈ ਪਹਿਲਾ ਹੀ ਪੀੜਤ ਪਰਵਾਰਾਂ ਨੂੰ 4 ਲੱਖ ਦਾ ਮੁਆਵਜਾ ਘੋਸ਼ਿਤ ਕਰ ਚੁੱਕੇ ਹਨ ਅਤੇ ਨੌਗਰਾਈਆਂ ਸਮੇਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਈਆਂ 7 ਮੌਤਾਂ ਦੇ ਪੀੜਿਤ ਪਰਵਾਰਾਂ ਨੂੰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਮੁੱਖ ਮੰਤਰੀ ਵੱਲੋਂ ਭੇਜੇ ਗਈ ਰਾਹਤ ਦੇ ਚੈੱਕ ਸੌਂਪੇ ਜਾ ਚੁੱਕੇ ਹਨ। ਡਾ. ਇਸ਼ਾਂਕ ਨੇ ਕਿਹਾ ਕਿ ਇਸ ਤੋਂ ਇਲਾਵਾ ਮੁਖ ਮੰਤਰੀ ਨੇ ਕਿਸਾਨਾ ਵੱਲੋਂ ਸਰਕਾਰੀ ਅਤੇ ਕੋਪਰੇਟਿਵ ਬੈਂਕਾਂ, ਸੁਸਾਇਟੀ ਤੋਂ ਲਏ ਗਏ ਕਰਜ਼ਿਆਂ ਦੀ ਵਾਪਸੀ ਵਿੱਚ 6 ਮਹੀਨੇ ਦੀ ਰਾਹਤ ਅਤੇ 6 ਮਹੀਨੇ ਦੇ ਵਿਆਜ ਦੀ ਮਾਫੀ ਦੀ ਘੋਸ਼ਣਾ ਵੀ ਕੀਤੀ ਹੈ। ਇਸ ਮੌਕੇ ਤੇ ਉਹਨਾਂ ਨਾਲ ਐਸ.ਡੀ.ਐਮ ਮਾਹਿਲਪੁਰ ਅਤੇ ਸੈਕਟਰੀ ਅਦਿ ਮੌਜੂਦ ਸਨ ।



## ਸ਼ਰਾਧ ਮੇਲਾ 21 ਨੂੰ



**ਬੰਗਾ (ਅਵਤਾਰ ਕਲੇਰ)**- ਸਰਬ ਸਾਂਝਾ ਦਰਬਾਰ ਰੱਤੂ ਜਠੇਰੇ ਅਸਥਾਨ ਧੰਨ-ਧੰਨ ਬਾਬਾ ਡੋਗਰ ਪੀਰ,ਬਾਬਾ ਜਾਹਰ ਪੀਰ ਅਤੇ ਬਾਬਾ ਸੇਲਬਰਾਹ ਝੰਡੇਰਾਂ ਵਿਖੇ ਸਲਾਨਾ ਸ਼ਰਾਧ ਮੇਲਾ ਰੱਤੂ ਜਠੇਰੇ ਪ੍ਰਬੰਧਕ ਕਮੇਟੀ ਅਤੇ ਸਮੂਹ ਰੱਤੂ ਭਾਈਚਾਰੇ ਦੇ ਸਹਿਯੋਗ ਨਾਲ 21 ਸਤੰਬਰ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ। ਪ੍ਰਧਾਨ ਮੇਜਰ ਰਾਮ ਰੱਤੂ ਤੇ ਕੁਲਦੀਪ ਕੁਮਾਰ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆ ਚੱਲ ਰਹੀਆ ਹਨ। ਉਨ੍ਹਾ ਕਿਹਾ ਕਿ ਮੇਲੇ ਦੌਰਾਨ ਧਾਰਮਿਕ ਸਟੇਜ ਸਜਾਈ ਜਾਵੇਗੀ। ਜਿਸ ਵਿੱਚ ਨਾਮਵਰ ਕਲਾਕਾਰ ਹਾਜ਼ਰੀਆਂ ਭਰਨਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਪ੍ਰਧਾਨ ਮੇਜਰ ਰਾਮ ਰੱਤੂ, ਕੁਲਦੀਪ ਕੁਮਾਰ ਰੱਤੂ, ਇਰਵਨ ਕੁਮਾਰ ਰੱਤੂ ਬਲਾਕ ਪ੍ਰਧਾਨ, ਮਹਿੰਦਰ ਰਾਮ,ਅਜਮੇਰ ਸਿੰਘ,ਜੀਤ ਰਾਮ ਆਦਿ ਹਾਜ਼ਰ ਸਨ।

## ਪੱਕੇ ਹੋਣ ਦੀ ਖੁਸ਼ੀ 'ਚ ਡਿਪਟੀ ਸਪੀਕਰ ਰੌੜੀ ਨੂੰ ਕੀਤਾ ਸਨਮਾਨਤ



**ਮਾਹਿਲਪੁਰ (ਸ.ਫਰੀ)**- ਨਗਰ ਕੌਂਸਲ ਗੜ੍ਹਸ਼ੰਕਰ ਵਿਖੇ ਕਾਰਜ ਸਾਧਕ ਅਫ਼ਸਰ ਮਦਨ ਸਿੰਘ ਦੀ ਅਗਵਾਈ ਹੇਠ ਸਮੂਹ ਸਫਾਈ ਸੇਵਕਾਂ ਵੱਲੋਂ ਪੱਕੇ ਹੋਣ ਦੀ ਖ਼ੁਸ਼ੀ ਵਿੱਚ ਮਾਣਯੋਗ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਮਾਨ ਨੂੰ ਸਨਮਾਨਤ ਕੀਤਾ ਗਿਆ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਕੌਂਸਲਰ ਸਹਿਬਾਨ ਵਲੋਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਹਨਾਂ ਵਿੱਚ ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਪਾਲਾ, ਸੁਮਿਤ ਸੋਨੀ, ਦੀਪਕ ਕੁਮਾਰ, ਹਰਪ੍ਰੀਤ ਸਿੰਘ, ਸ੍ਰੀਮਤੀ ਭਾਵਨਾ ਕ੍ਰਿਪਾਲ, ਸ਼ਾਮਿਲ ਸਨ। ਇਹਨਾਂ ਤੋਂ ਇਲਾਵਾ ਸ਼ਹਿਰ ਦੇ ਨੰਬਰਦਾਰ ਹਰਿੰਦਰ ਸਿੰਘ ਮਾਨ, ਚੇਅਰਮੈਨ ਬਲਦੀਪ ਸਿੰਘ ਸੈਣੀ, ਸਾਬਕਾ ਸਰਪੰਚ ਤਰਸੇਮ ਰਾਣਾ ਰਾਮਪੁਰ (ਬਿਲੜੋਂ), ਦਲਵੀਰ ਸਿੰਘ ਰਾਜੂ, ਲੇਖ ਰਾਜ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਗੜ੍ਹਸ਼ੰਕਰ ਦਾ ਸਮੂਹ ਸਟਾਫ ਦੇ ਕਰਮਚਾਰੀ ਹਾਜ਼ਰ ਸਨ।

## ਸੁਆਮੀ ਹੰਸ ਰਾਜ ਦੇ ਬਰਸੀ ਸਮਾਗਮ 'ਤੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਨੇ ਭਰੀ ਹਾਜ਼ਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬ੍ਰਹਮਲੀਨ ਨਾਮ ਦੇ ਰਸੀਏ ਸੰਤ ਸੁਆਮੀ ਹੰਸ ਰਾਜ ਮਹਾਰਾਜ ਬੀ ਏ ਭਗਤ ਨਗਰ ਵਾਲਿਆਂ ਦੇ 15ਵੇਂ ਬਰਸੀ ਸਮਾਗਮ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਡੇਰਾ ਸੰਤ ਹੰਸ ਰਾਜ ਚੜ੍ਹਿਆਲ ਵਿਖੇ ਮੌਜੂਦਾ ਗੱਦੀ ਨਸ਼ੀਨ ਸੰਤ ਦਿਨੇਸ਼ਗਿਰ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਮਨਾਏ ਗਏ।ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਰਾਗੀ, ਢਾਡੀ, ਕਥਾਵਾਚਕ ਅਤੇ ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਨਿਰਮਲ ਸਿੰਘ ਆਵਾਦਾਨ ਜਨਰਲ ਸਕੱਤਰ, ਸੰਤ ਦੇਸ਼ ਰਾਜ ਫਗਵਾੜਾ ਮੀਤ ਪ੍ਰਧਾਨ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਜਸਵਿੰਦਰ ਸਿੰਘ ਡਾਂਡੀਆ ਕੈਸ਼ੀਅਰ, ਸੰਤ ਗੁਰਮੇਲ ਦਾਸ ਰਹੀਮਪੁਰ, ਸੰਤ ਮੇਲਾ ਰਾਮ, ਜਥੇਦਾਰ ਦਲਜੀਤ ਸਿੰਘ ਸੋਢੀ, ਸੰਤ ਸਤਨਾਮ ਦਾਸ ਗੜ੍ਹਸ਼ੰਕਰ, ਓ ਪੀ ਰਾਣਾ ਆਦਿ ਸੰਤਾਂ ਮਹਾਂਪੁਰਸ਼ਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਡੇਰੇ ਦੇ ਗੱਦੀ ਨਸ਼ੀਨ ਸੰਤ ਦਿਨੇਸ਼ਗਿਰ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸਮੂਹ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਥੇ ਅੱਜ ਗੁਰੂਆਂ, ਪੀਰਾਂ, ਫਕੀਰਾਂ, ਕੌਮ ਦੇ ਮਹਾਨ ਰਹਿਬਰਾਂ ਦੀ ਸਰਬ ਸਾਂਝੀਵਾਲਤਾ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ ਹੈ। ਇਸ ਮੌਕੇ ਏ ਐਸ ਆਈ ਸਤਨਾਮ ਸਿੰਘ ਨੰਗਲ ਬਿਹਾਲਾ, ਵਿਜੇ ਕੁਮਾਰ ਭਗਤ ਨਗਰ, ਸਤਪਾਲ ਨੰਗਲ ਈਸ਼ਰ, ਕੈਪਟਨ ਮਹਿੰਦਰ ਸਿੰਘ, ਰਵਿੰਦਰ ਸਿੰਘ ਸਾਬੀ, ਐਸ ਆਈ ਰਾਇ ਬੁਲਾਰ ਹੁਕੜਾਂ, ਅਵਿਨਾਸ਼ ਕੁਮਾਰ, ਗਿਆਨੀ ਗੁਰਮੇਲ ਸਿੰਘ, ਰਜੀਵ ਕੁਮਾਰ, ਧਰਮਜੀਤ ਗੋਮਰਾ, ਅਮਨ ਗੋਮਰਾ, ਰਘੁਵੀਰ ਤਾਨੂੰਲੀ,ਗੋਪਾਲ ਫਲਾਹੀ, ਮਨਵੀਰ ਫਲਾਹੀ, ਧਰਮਿੰਦਰ ਗੋਮਰਾ, ਸ਼ਾਂਤਾ ਕੁਮਾਰ, ਸੁੱਖਾ ਫਲਾਹੀ, ਨਿਰਮਲ ਬਰੋਟਾ, ਸਿਮਰਨ ਹੁਕੜਾਂ, ਸਰਪੰਚ ਕੇਵਲ ਕਿਸ਼ਨ ਚੜ੍ਹਿਆਲ, ਜਗੀਰੀ ਲਾਲ ਸਾਬਕਾ ਸਰਪੰਚ, ਰਕੇਸ਼ ਚੜ੍ਹਿਆਲ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਸਨ।



## ਗੈਰ-ਕਾਨੂੰਨੀ ਮਾਈਨਿੰਗ 'ਤੇ ਸਿਆਸਤ ਭਖੀ, ਬਲਾਕ ਤਲਵਾੜਾ ਤੇ ਹਾਜੀਪੁਰ 'ਚ ਖੁਦਾਈ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ 'ਚ ਹਾਲੀਆ ਆਏ ਹੜ੍ਹਾਂ ਲਈ ਗੈਰ ਕਾਨੂੰਨੀ ਮਾਈਨਿੰਗ ਨੂੰ ਜਿੰਮੇਵਾਰ ਠਹਿਰਾਇਆ ਹੈ।ਕੇਂਦਰੀ ਮੰਤਰੀ ਨੇ ਇਹ ਬਿਆਨ ਹੜ੍ਹ ਪ੍ਰਭਾਵਿਤ ਪੰਜਾਬ ਦਾ ਦੌਰਾ ਕਰਨ ਮਗਰੋਂ ਦਿੱਤਾ ਹੈ।ਪੰਜਾਬ ਸਰਕਾਰ ਨੇ ਕੇਂਦਰੀ ਮੰਤਰੀ ਦੇ ਬਿਆਨ ਮੁੱਢੋਂ ਹੀ ਖਾਰਜ ਕਰ ਦਿੱਤਾ ਹੈ।ਕੇਂਦਰ ਅਤੇ ਰਾਜ ਸਰਕਾਰ ਦਰਮਿਆਨ ਭਖੀ ਸ਼ਬਦੀ ਜੰਗ ਨੇ ਇੱਕ ਵਾਰ ਫਿਰ ਦਰਿਆਵਾਂ ਸਮੇਤ ਪੰਜਾਬ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਚੱਲ ਰਹੀ ਗੈਰ ਕਾਨੂੰਨੀ ਮਾਈਨਿੰਗ ਨੂੰ ਚਰਚਾ ਵਿਚ ਲੈ ਆਉਂਦਾ ਹੈ।ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਪੰਜਾਬ ਦੇ ਜਨ. ਸਕੱਤਰ ਅਤੇ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਸੰਯੋਜਕ ਧਰਮਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦਾ ਕੰਢੀ ਖ਼ੇਤਰ ਗੈਰ ਕਾਨੂੰਨੀ ਮਾਈਨਿੰਗ ਦਾ ਧੁਰਾ ਬਣਿਆ ਹੋਇਆ।ਅਕਾਲੀ ਭਾਜਪਾ ਗਠਜੋੜ ਸਰਕਾਰ ਦੇ ਪਹਿਲੇ ਕਾਰਜ਼ਕਾਲ 'ਚ ਇਹ ਕਥਿਤ ਕਾਰੋਬਾਰ ਸ਼ੁਰੂ ਹੋਇਆ ਸੀ।ਕਾਂਗਰਸ ਦੇ ਰਾਜ ਵਿਚ ਵੀ ਕੋਈ ਰੋਕ ਨਹੀਂ ਲੱਗੀ, ਉਲਟਾ ਸਰਕਾਰ ਦੇ ਵਿਧਾਇਕਾਂ ਨੇ ਇਸ ਕਾਰੋਬਾਰ 'ਚ ਹਿੱਸਾ ਪੱਤੀ ਪਾ ਲਈ।ਮੌਜ਼ੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਧਾਨ ਸਭਾ ਚੋਣਾਂ 'ਚ ਨਾਜਾਇਜ਼ ਮਾਈਨਿੰਗ ਨੂੰ ਅਹਿਮ ਮੁੱਦਾ ਬਣਾਇਆ ਸੀ ਅਤੇ ਦਾਅਵਾ ਕੀਤਾ ਸੀ ਕਿ ਸਰਕਾਰ ਬਣਨ ਦੇ ਛੇ ਮਹੀਨਿਆਂ ਦੇ ਅੰਦਰ ਗੈਰਕਾਨੂੰਨੀ ਮਾਈਨਿੰਗ 'ਤੇ ਨਕੇਲ ਕੱਸਣ ਦਾ ਦਾਅਵਾ ਕੀਤਾ ਸੀ।ਪਰ ਦਰਿਆਵਾਂ 'ਚੋਂ ਸ਼ੁਰੂ ਹੋਇਆ ਇਹ ਨਾਜਾਇਜ਼ ਕਾਰੋਬਾਰ ਪਹਾੜਾਂ ਦੀ ਪੁਟਾਈ ਤੱਕ ਅਪੱੜ ਗਿਆ ਹੈ।ਹਾਜੀਪੁਰ 'ਚ ਵਾਹੀਯੋਗ ਜ਼ਮੀਨਾਂ ਪੁੱਟ ਕੇ 100-100 ਫੁੱਟ ਦੇ ਡੂੰਘੇ ਟੋਏ ਪਾ ਦਿੱਤੇ ਗਏ ਹਨ, ਨੇੜਲੇ ਜ਼ਮੀਨ ਮਾਲਕਾਂ ਕੋਲ ਆਪਣੀਆਂ ਜ਼ਮੀਨਾਂ ਖਣਨ ਮਾਫੀਆ ਨੂੰ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ।ਵਿਰੋਧ ਕਰਨ ਵਾਲਿਆਂ 'ਤੇ ਪਰਚੇ ਦਰਜ ਕੀਤੇ ਜਾਂਦੇ ਹਨ।ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ, ਤਲਵਾੜਾ ਦੇ ਜਨਰਲ ਸਕੱਤਰ ਮਨੋਜ ਪਲਾਹੜ, ਪ੍ਰਧਾਰ ਕੈਪਟਨ ਰਾਜੇਸ਼ ਕੁਮਾਰ ਅਤੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਤਲਵਾੜਾ ਖ਼ੇਤਰ 'ਚ ਕੋਈ ਵੀ ਸਰਕਾਰੀ ਖੱਡ ਅਲਾਟ ਨਹੀਂ ਹੈ, ਪਰ ਇੱਥੇ ਅੱਧੀ ਦਰਜਨ ਤੋਂ ਵਧ ਸਟੋਨ ਕਰੱਸ਼ਰ ਬਿਆਸ ਤੇ ਸਵਾਂ ਦਰਿਆ 'ਚ ਲੱਗੇ ਹੋਏ ਹਨ। ਵਣ ਵਿਭਾਗ ਦੀ ਦਫ਼ਾ 4 ਅਤੇ 5 ਲਾਗੂ ਹੈ ਅਤੇ ਕਿਸੇ ਕੋਲ ਵੀ ਵਣ ਵਿਭਾਗ, ਪੰਜਾਬ ਤੋਂ ਪ੍ਰਾਪਤ ਇਤਰਾਜਹੀਣਤਾ ਸਰਟੀਫਿਕੇਟ (ਐਨਓਸੀ) ਨਹੀਂ ਹੈ। ਇਹ ਖੁਲਾਸਾ ਖੁਦ ਨਿਗਰਾਨ ਇੰਜਨੀਅਰ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ, ਜੋਲ ਸਰੋਤ ਵਿਭਾਗ ਹਲਕਾ ਰੋਪੜ ਨੇ ਆਪਣੇ ਪੱਤਰ ਵਿੱਚ ਕੀਤਾ ਹੈ। ਵਿਭਾਗ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਉਪ ਮੰਡਲ ਦਸੂਹਾ ਅਤੇ ਮੁਕੇਰੀਆਂ ਨੂੰ ਸੱਤ ਸਟੋਨ ਕਰੱਸ਼ਰਾਂ ਦੀ ਸੂਚੀ ਭੇਜਦੇ ਹੋਇਆਂ ਤਲਵਾੜਾ ਖ਼ੇਤਰ ਵਿੱਚ ਚੱਲਦੇ ਇਨ੍ਹਾਂ ਕਰੱਸ਼ਰਾਂ ਖ਼ਿਲਾਫ਼ ਕਾਰਵਾਈ ਕਰਕੇ ਰਿਪੋਰਟ ਹਲਕਾ ਦਫ਼ਤਰ ਨੂੰ ਭੇਜਣ ਲਈ ਕਿਹਾ ਸੀ।ਇਨ੍ਹਾਂ ਕਰੱਸ਼ਰਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਚਲਾਉਣ ਵਿਚ ਸਹਾਈ ਉਪ ਮੰਡਲ ਅਫ਼ਸਰਾਂ ਦੀ ਜਾਂਚ ਕਰਕੇ ਰਿਪੋਰਟ ਦਫ਼ਤਰ ਦਾਖ਼ਲ ਕਰਨ ਲਈ ਲਿਖਿਆ ਸੀ ਤਾਂ ਜੋ ਦੋਸ਼ੀ ਅਧਿਕਾਰੀ ਖ਼ਿਲਾਫ਼ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਪਰ ਇਸ ਦੇ ਬਾਵਜੂਦ ਖ਼ੇਤਰ 'ਚ ਨਾਜਾਇਜ਼ ਖੁਦਾਈ ਜ਼ਾਰੀ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕਿਹਾ ਕਿ ਸਟੋਨ ਕਰੱਸ਼ਰਾਂ ਨੂੰ ਪ੍ਰਵਾਨਗੀ ਪ੍ਰਦੂਸ਼ਨ ਕੰਟਰੋਲ ਬੋਰਡ ਦਿੰਦਾ ਹੈ ਅਤੇ ਮਾਈਨਿੰਗ ਵਿਭਾਗ ਨੇ ਜਾਂਚ ਕਰਨੀ ਹੁੰਦੀ ਹੈ।ਇਹ ਵਿਭਾਗ ਉਨ੍ਹਾਂ ਤੋਂ ਨਹੀਂ ਪੁੱਛਦੇ, ਇਹ ਆਪਣੇ ਨਿਯਮਾਂ ਤਹਿਤ ਪ੍ਰਵਾਨਗੀ ਦਿੰਦੇ ਹਨ।ਪਰ ਜਦੋਂ ਕੋਈ ਸਮੱਸਿਆ ਆਉਂਦੀ ਹੈ ਤਾਂ ਅਸੀਂ ਜਵਾਬ ਦੇਹੀ ਤੈਅ ਕਰਦੇ ਹਾਂ।ਉਨ੍ਹਾਂ ਦਾਅਵਾ ਕੀਤਾ ਕਿ ਸਬੰਧਤ ਵਿਭਾਗਾਂ ਦੀਆਂ ਟੀਮਾਂ ਸ਼ਿਕਾਇਤ ਮਿਲਣ 'ਤੇ ਬਣਦੀ ਕਾਰਵਾਈ ਕਰਦੀਆਂ ਹਨ। ਖਣਨ ਤੇ ਭੂ ਵਿਗਿਆਨ, ਭੂਮੀ ਤੇ ਜਲ ਸੰਭਾਲ ਅਤੇ ਜਲ ਸਰੋਤ ਮੰਤਰੀ ਪੰਜਾਬ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕੇਂਦਰ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਬਿਆਨ ਦੀ ਨਿਖੇਧੀ ਕੀਤੀ ਹੈ।ਕੇਂਦਰੀ ਮੰਤਰੀ ਹੜ੍ਹਾ ਮਾਰੇ ਲੋਕਾਂ ਦੀ ਬਾਂਹ ਫੜ੍ਹਨ ਦੀ ਬਜਾਇ ਹੇਠਲੇ ਪੱਧਰ ਦੀ ਸਿਆਸਤ ਕਰਕੇ ਪੰਜਾਬ ਨਾਲ ਕੋਝਾ ਮਜ਼ਾਕ ਕਰ ਰਹੇ ਹਨ। ਤਲਵਾੜਾ ਖ਼ੇਤਰ 'ਚ ਚੱਲਦੇ ਸਟੋਨ ਕਰੱਸ਼ਰ ਅਤੇ ਗੈਰ ਕਾਨੂੰਨ ਮਾਈਨਿੰਗ ਸੰਬੰਧੀ ਉਨ੍ਹਾਂ ਕਿਹਾ ਕਿ ਕਿਸੇ ਨੇ ਉਨ੍ਹਾਂ ਨੂੰ ਨਹੀਂ ਦਸਿਆ।ਤੁਸੀਂ ਦੱਸੋ ਅਸੀਂ ਜਾਂਚ ਕਰਵਾ ਕੇ ਬਣਦੀ ਕਾਰਵਾਈ ਕਰਾਂਗੇ।



10 Sep Page 9.qxd 9/9/2025 10:24 PM Page 1



## ਹੜ੍ਹ ਪੀੜਤਾਂ ਦੀਆਂ ਸਮੱਸਿਆਵਾਂ ਸੰਬੰਧੀ ਜਮਹੂਰੀ ਕਿਸਾਨ ਸਭਾ ਵੱਲੋਂ ਤਹਿਸੀਲਦਾਰ ਨੂੰ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਇਕਾਈ ਵੱਲੋਂ ਜ਼ਿਲ੍ਹਾ ਜਨਰਲ ਸਕੱਤਰ ਡਾ. ਦਵਿੰਦਰ ਸਿੰਘ ਕੱਕੋਂ, ਡਾ. ਸੁਖਦੇਵ ਸਿੰਘ ਢਿੱਲੋਂ, ਬਲਵਿੰਦਰ ਸਿੰਘ ਗਿੱਲ ਦੀ ਅਗਵਾਈ ਵਿਚ ਤਹਿਸੀਲਦਾਰ ਹੁਸ਼ਿਆਰਪੁਰ ਨੂੰ ਹੜ੍ਹ ਪੀੜਤਾਂ ਦੀਆਂ ਸਮੱਸਿਆਵਾਂ ਸਬੰਧੀ ਮੰਗ ਪੱਤਰ ਦਿੱਤਾ। ਜਥੇਬੰਦੀ ਨੇ ਮੰਗ ਕੀਤੀ ਕਿ ਹੜ੍ਹਾਂ ਨਾਲ ਮਾਰੇ ਗਏ ਕਿਸਾਨਾਂ ਮਜ਼ਦੂਰਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ, ਹੜ੍ਹ ਪ੍ਰਭਾਵਿਤ ਕਿਸਾਨਾਂ-ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਕੀਤਾ ਜਾਵੇ, ਮਰੀਆਂ ਫਸਲਾਂ ਦਾ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਅਗਲੀ ਫਸਲ ਨਾ ਬੀਜੇ ਜਾਣ ਦੀ ਸੂਰਤ 'ਚ ਇਹ ਮੁਆਵਜ਼ਾ ਦੁੱਗਣਾ ਦਿੱਤਾ ਜਾਵੇ। ਗੰਨੇ ਦੀ ਫਸਲ ਲਈ ਇਕ ਲੱਖ ਰੁਪਏ ਪ੍ਰਤੀ ਏਕੜ ਦਿੱਤੇ ਜਾਣ, ਹੜ੍ਹਾਂ ਦੀ ਮਾਰ ਹੇਠ ਆਏ ਬੇਜ਼ਮੀਨੇ ਕਿਰਤੀ ਪਰਵਾਰ ਨੂੰ 10 ਹਜ਼ਾਰ ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਅਤੇ ਭੋਜਨ ਪਦਾਰਥ-ਦਵਾਈਆਂ ਆਦਿ ਮੁਫਤ ਦਿੱਤੀਆਂ ਜਾਣ, ਹੜ੍ਹਾਂ ਤੋਂ ਪਿਛੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਮਰੀ ਮੱਝ-ਗਾਂ ਲਈ ਇਕ ਲੱਖ ਰੁਪਏ ਪ੍ਰਤੀ ਪਸ਼ੂ, ਡਿੱਗੇ ਮਕਾਨਾਂ ਲਈ 10 ਲੱਖ ਰੁਪਏ ਪ੍ਰਤੀ ਮਕਾਨ, ਹੜ੍ਹ ਦੀ ਮਾਰ ਝੱਲ ਰਹੇ ਸਮੁੱਚੇ ਪੀੜਤ ਪਰਵਾਰਾਂ ਲਈ ਯਕਮੁਸ਼ਤ ਇਕ ਲੱਖ ਰੁਪਏ, ਟਿਊਬਵੈਲ ਬੋਰ, ਖੇਤੀ ਮਸ਼ੀਨਰੀ, ਡੇਅਰੀ ਫਾਰਮ, ਪੋਲਟਰੀ, ਫਿਸ਼ਰੀ, ਭੇਡ, ਬੱਕਰੀ ਆਦਿ ਦੇ ਹੋਏ ਨੁਕਸਾਨ ਦੀ ਮੁਕੰਮਲ ਭਰਪਾਈ ਕੀਤੀ ਜਾਵੇ, ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ, ਹਰ ਖੇਤ ਲਈ, ਹਰ ਕਿਸਾਨ, ਕਾਸ਼ਤਕਾਰ, ਆਬਾਦਕਾਰ ਆਦਿ ਨੂੰ ਦਿੱਤਾ ਜਾਵੇ। ਡੀਜ਼ਲ ਸਮਤਲ ਕਰਨ ਦਾ ਤੇਲ ਖਰਚਾ ਦਿੱਤਾ ਜਾਵੇ ਅਤੇ ਲੋੜਵੰਦ ਕਿਸਾਨਾਂ ਨੂੰ ਮਸ਼ੀਨਰੀ ਤੇ ਖੇਤੀ ਸੰਦ ਮੁਹੱਈਆ ਕਰਾਏ ਜਾਣ। ਆਉਂਦੀ ਫਸਲ ਲਈ ਬੀਜ-ਖਾਦ ਆਦਿ ਦਾ ਪ੍ਰਬੰਧ ਕੀਤਾ ਜਾਵੇ। ਆਬਾਦਕਾਰ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿੱਤੇ ਜਾਣ। ਦਰਿਆ ਬੁਰਦ ਹੋਈ ਜ਼ਮੀਨ ਬਦਲੇ ਜ਼ਮੀਨ ਦਿੱਤੀ ਜਾਵੇ, ਦਰਿਆਵਾਂ ਨੂੰ ਚੈਨਲਾਈਜ਼ ਕਰਕੇ ਇਨ੍ਹਾਂ ਦਾ ਨਹਿਰੀਕਰਨ ਕੀਤਾ ਜਾਵੇ, ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਨੁਕਸਾਨੇ ਪੁਲਾਂ ਸੜਕਾਂ, ਸਕੂਲ-ਹਸਪਤਾਲ, ਬੰਨ੍ਹਾਂ ਆਦਿ ਦੀ ਮੁੜ ਉਸਾਰੀ ਕੀਤੀ ਜਾਵੇ ਅਤੇ ਮੰਡ/ਬੇਟ ਏਰੀਆ ਦੇ ਸਮੁੱਚੇ ਵਿਕਾਸ ਲਈ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ, ਇਸ ਮੌਕੇ ਪਰਦੁਮਣ ਸਿੰਘ, ਗੁਰਚਰਨ ਸਿੰਘ, ਮਲਕੀਤ ਸਿੰਘ ਸਲੇਮਪੁਰ, ਓਮ ਪ੍ਰਕਾਸ਼ ਸਲੇਮਪੁਰ, ਗਿਆਨ ਸਿੰਘ, ਰਜਿੰਦਰ ਸਿੰਘ ਕੱਕੋਂ, ਜਗਤਾਰ ਸਿੰਘ ਸਤੌਰ, ਮੰਗਲ ਸਿੰਘ ਮਿਆਨੀ, ਸੁਖਦੇਵ ਸਿੰਘ ਮਿਆਨੀ ਆਦਿ ਹਾਜ਼ਰ ਸਨ।



## ਐੱਨ ਪੀ ਐੱਸ ਕਰਮਚਾਰੀਆਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ




**ਅੱਡਾ ਸਰਾਂ (ਜਸਵੀਰ ਕਾਜਲ)**- ਪੰਜਾਬ 'ਚ ਹੜ੍ਹਾਂ ਕਾਰਨ ਵੱਖ ਵੱਖ ਜ਼ਿਲ੍ਹਿਆਂ 'ਚ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਦੌਰਾਨ ਵੱਖ ਵੱਖ ਜਥੇਬੰਦੀਆਂ ਅਤੇ ਪਰਵਾਸੀ ਪੰਜਾਬੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਹਨ ਅਤੇ ਸੰਸਥਾਵਾਂ ਆਪੋ ਆਪਣੇ ਤਰੀਕਿਆਂ ਨਾਲ ਹੜ੍ਹ ਪੀੜਤ ਲੋਕਾਂ ਦੀ ਮਦਦ ਕਰ ਰਹੀਆਂ ਹਨ। ਇਸ ਲੜੀ ਤਹਿਤ ਟਾਂਡਾ ਹਲਕੇ ਦੇ ਸਮੂਹ ਐੱਨ. ਪੀ. ਐੱਸ ਮੁਲਾਜ਼ਮਾਂ ਅਤੇ ਅਧਿਆਪਕਾਂ ਨੇ ਆਪਣੀ ਨੇਕ ਕਮਾਈ ਵਿੱਚੋਂ ਹੜ੍ਹ ਪੀੜਤਾਂ ਦੀ ਮਦਦ ਲਈ ਹੱਥ ਅੱਗੇ ਵਧਾਇਆ ਹੈ। ਇਸ ਸਬੰਧੀ ਮੁੱਖ ਅਧਿਆਪਕ ਹਰਪ੍ਰੀਤ ਸਿੰਘ ਅਤੇ ਮਾਸਟਰ ਬਲਦੇਵ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਸਮੂਹ ਅਧਿਆਪਕਾਂ ਦੁਆਰਾ ਦਿੱਤੀ ਦਾਨ ਰਾਸ਼ੀ ਨੂੰ ਸੁਚਾਰੂ ਅਤੇ ਲੋੜਵੰਦਾਂ ਤੱਕ ਸਹੀ ਤਰੀਕੇ ਨਾਲ ਪਹੁੰਚਾਉਣ ਲਈ ਉਨ੍ਹਾਂ ਦੀ ਟੀਮ ਮਾਸਟਰ ਰਕੇਸ਼ ਰੋਸ਼ਨ, ਮਾਸਟਰ ਭਜਨੀਕ ਸਿੰਘ ਨੇ ਪਹਿਲਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਨਿੱਜੀ ਦੌਰਾ ਕੀਤਾ। ਜਿਸ ਤੋਂ ਬਾਅਦ ਪਿੰਡ ਘੋਨੇਵਾਲ, ਧਰਮਕੋਟ, ਠੇਠਰਕਾ, ਡੇਰਾ ਬਾਬਾ ਨਾਨਕ, ਹਰੂਵਾਲ ਅਤੇ ਮੇਤਲਾ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਤੋਂ ਉਨ੍ਹਾਂ ਦੀ ਲੋੜ ਅਨੁਸਾਰ ਪ੍ਰਿੰਸੀਪਲ ਕੁਲਵੰਤ ਸਿੰਘ ਦੀ ਰਹਿਨੁਮਾਈ 'ਚ ਰਾਸ਼ਨ ਅਤੇ ਪਸ਼ੂਆਂ ਲਈ ਅਚਾਰ (ਖੁਰਾਕ) ਦੀ ਮੰਗ ਅਨੁਸਾਰ ਵੱਖ ਵੱਖ ਪਿੰਡਾਂ ਦੇ ਲਗਭਗ 100 ਪਰਿਵਾਰਾਂ ਨੂੰ ਆਟਾ, ਚਾਵਲ, ਦਾਲ, ਚਾਹ ਪੱਤੀ ਅਤੇ ਖੰਡ ਪੁੱਜਦੀ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਮੇਤਲਾ ਦੇ ਵਸਨੀਕਾਂ ਦੀ ਮੰਗ ਅਨੁਸਾਰ ਪਿੰਡ ਦੇ ਮੌਜੂਦਾ ਸਰਪੰਚ ਮਨਜੀਤ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਅਤੇ ਹੋਰਨਾਂ ਪਿੰਡ ਵਾਸੀਆਂ ਦੀ ਮੌਜੂਦਗੀ ਵਿਚ ਪਸ਼ੂਆਂ ਲਈ 35 ਕੁਇੰਟਲ ਅਚਾਰ ਦੀ ਸੇਵਾ ਇਲਾਕੇ ਦੇ ਸਮੂਹ ਮੁਲਾਜ਼ਮਾਂ ਦੇ ਸਹਿਯੋਗ ਨਾਲ ਪੁੱਜਦੀ ਕੀਤੀ ਗਈ।

## ਹੜ੍ਹ ਪ੍ਰਭਾਵਤ ਲੋਕਾਂ ਲਈ 130 ਰਾਸ਼ਨ ਕਿੱਟਾਂ ਦੀ ਵੰਡ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਹੜ੍ਹ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਰਸ ਲੋਕਾਂ ਦੀ ਸਹਾਇਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਰਾਹਤ ਕਾਰਜ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪ੍ਰਭਾਵਿਤ ਪਰਵਾਰਾਂ ਨੂੰ ਜ਼ਰੂਰੀ ਸਮੱਗਰੀ ਦੇ ਨਾਲ-ਨਾਲ ਰਾਸ਼ਨ ਕਿੱਟਾਂ ਦੀ ਵੰਡ ਲਗਾਤਾਰ ਜਾਰੀ ਹੈ। ਇਨ੍ਹਾਂ ਰਾਸ਼ਨ ਕਿੱਟਾਂ ਵਿੱਚ ਆਟਾ, ਚਾਵਲ, ਦਾਲਾਂ, ਤੇਲ ਅਤੇ ਹੋਰ ਰੋਜ਼ਮਰ੍ਹਾ ਦੀ ਵਰਤੋਂ ਵਾਲੀਆਂ ਚੀਜ਼ਾਂ ਸ਼ਾਮਲ ਹਨ। ਸੁਲਤਾਨਪੁਰ ਲੋਧੀ ਦੇ ਐਸ ਡੀ ਐਮ ਅਲਕਾ ਕਾਲੀਆ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਤ ਲੋਕਾਂ ਨੂੰ 130 ਰਾਸ਼ਨ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਰਫ ਲੋਕਾਂ ਹੀ ਨਹੀਂ, ਸਗੋਂ ਪਸ਼ੂ ਧਨ ਦੀ ਸੰਭਾਲ ਲਈ ਵੀ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ। ਪਸ਼ੂਆਂ ਲਈ ਵੈਟਰੀਨਰੀ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ ਜੋ 24 ਘੰਟੇ ਸੇਵਾਵਾਂ ਨਿਭਾ ਰਹੀਆਂ ਹਨ। ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਲਈ ਚਾਰਾ ਅਤੇ ਫੀਡ ਦੀ ਨਿਰੰਤਰ ਵੰਡ ਕੀਤੀ ਜਾ ਰਹੀ ਹੈ, ਨਾਲ ਹੀ ਪਸ਼ੂਆਂ ਦੇ ਇਲਾਜ ਲਈ ਵੀ ਵੈਟਰਨਰੀ ਡਾਕਟਰਾਂ ਦੀਆਂ ਟੀਮਾਂ ਨਿਰੰਤਰ ਕੰਮ ਕਰ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਭਰੋਸਾ ਦਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸੰਭਵ ਮਦਦ ਲੋਕਾਂ ਦੇ ਦਰਵਾਜ਼ੇ ਤੱਕ ਪਹੁੰਚਾ ਰਿਹਾ ਹੈ ਅਤੇ ਕਿਸੇ ਵੀ ਸਹਾਇਤਾ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਨੰਬਰ 62800-49331, 01822-231990 'ਤੇ ਸੰਪਰਕ ਕੀਤਾ ਦਾ ਸਕਦਾ ਹੈ।

## ਜਿੰਪਾ ਨੇ ਬਿਰਧ ਆਸ਼ਰਮ 'ਚ ਬਜ਼ੁਰਗਾਂ ਨਾਲ ਮਨਾਇਆ ਗਰੈਂਡ ਪੇਰੈਂਟਸ ਡੇਅ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗਰੈਂਡ ਪੇਰੈਂਟਸ ਦਿਵਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਥਾਨਕ ਬਿਰਧ ਆਸ਼ਰਮ ਦਾ ਦੌਰਾ ਕੀਤਾ ਅਤੇ ਉਥੇ ਮੌਜੂਦ ਬਜ਼ੁਰਗਾਂ ਨਾਲ ਇਹ ਦਿਨ ਮਨਾਇਆ।ਇਸ ਦੌਰਾਨ ਉਨ੍ਹਾਂ ਬਜ਼ੁਰਗਾਂ ਨਾਲ ਸਮਾਂ ਬਿਤਾਇਆ, ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਲਈ। ਵਿਧਾਇਕ ਜਿੰਪਾ ਨੇ ਕਿਹਾ ਕਿ ਬਜ਼ੁਰਗ ਸਮਾਜ ਦੀ ਵਿਰਾਸਤ ਹਨ, ਜਿਨ੍ਹਾਂ ਦੇ ਜੀਵਨ ਤਜਰਬੇ ਅਤੇ ਕਦਰਾਂ-ਕੀਮਤਾਂ ਅਗਲੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਬਣਦੇ ਹਨ। ਉਨ੍ਹਾਂ ਕਿਹਾ ਕਿ ਗਰੈਂਡ ਪੇਰੈਂਟਸ ਦਿਵਸ ਸਾਨੂੰ ਆਪਣੇ ਦਾਦਾ-ਦਾਦੀ, ਨਾਨਾ-ਨਾਨੀ ਨਾਲ ਬਿਤਾਏ ਕੀਮਤੀ ਸਮੇਂ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬਜ਼ੁਰਗਾਂ ਨੂੰ ਸਮਾਂ ਦੇਣ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਵਿਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾ ਰਹੀ ਹੈ ਅਤੇ ਸਮਾਜ ਦੇ ਹਰੇਕ ਵਰਗ ਦਾ ਫਰਜ਼ ਬਣਦਾ ਹੈ ਕਿ ਉਹ ਬਜ਼ੁਰਗਾਂ ਦਾ ਸਤਿਕਾਰ ਅਤੇ ਦੇਖ-ਭਾਲ ਯਕੀਨੀ ਬਣਾਏ। ਇਸ ਮੌਕੇ ਵਿਧਾਇਕ ਨੇ ਬਿਰਧ ਆਸ਼ਰਮ ਵਿਚ ਰਹਿ ਰਹੇ ਬਜ਼ੁਰਗਾਂ ਨਾਲ ਕੇਕ ਕੱਟਿਆ ਅਤੇ ਫਲ, ਮਠਿਆਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਵੀ ਉਨ੍ਹਾਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਵਿਧਾਇਕ ਜਿੰਪਾ ਨੇ ਸਮਾਜਿਕ ਸੰਸਥਾਵਾਂ ਅਤੇ ਸਵੈ-ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਜ਼ੁਰਗਾਂ ਦਾ ਮਨੋਬਲ ਵਧਾਉਣ ਅਤੇ ਉਨ੍ਹਾਂ ਨੂੰ ਘਰ ਵਰਗਾ ਮਹਿਸੂਸ ਕਰਵਾਉਣ ਲਈ ਸਮੇਂ-ਸਮੇਂ 'ਤੇ ਬਿਰਧ ਆਸ਼ਰਮਾਂ ਦਾ ਦੌਰਾ ਕਰਨ।ਇਸ ਮੌਕੇ ਓਲਡ ਏਜ ਹੋਮ ਸਟਾਫ ਤੋਂ ਇਲਾਵਾ ਚੰਦਰ ਪ੍ਰਕਾਸ਼ ਸੈਣੀ, ਐਸ.ਬੀ.ਐਸ.ਡੀ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਸ਼ਰਮਾ, ਡਿੰਪਲ, ਅਮਿਤ ਸ਼ਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ।



## ਹਰੀਕੇ ਪੱਤਣ ਵਿੱਚ ਡੀ-ਸਿਲਟਿੰਗ ਨਾ ਹੋਈ ਤਾਂ ਹੜ੍ਹ ਆਉਂਦੇ ਰਹਿਣਗੇ : ਸੀਚੇਵਾਲ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)** -ਬਾਊਪੁਰ ਮੰਡ ਹੜ੍ਹ ਪ੍ਰਭਾਵਤ ਇਲਾਕੇ ਦਾ ਲੁਧਿਆਣੇ ਦੇ ਸ਼ਾਹੀ ਇਮਾਮ ਅਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਅਰਥਸ਼ਾਸਤਰੀ ਡਾ. ਦਵਿੰਦਰ ਸ਼ਰਮਾ ਨੇ ਹੜ੍ਹ ਪੀੜਤਾਂ ਨਾਲ ਸਿੱਧਾ ਸੰਵਾਦ ਰਚਾਇਆ। ਇਨ੍ਹਾਂ ਦੋਵੇਂ ਸ਼ਖਸੀਅਤਾਂ ਨੂੰ ਕਿਸ਼ਤੀ ਰਾਹੀਂ ਸ਼ਾਂਗਰਾ ਪਿੰਡ ਦੇ ਇਕ ਡੇਰੇ 'ਤੇ ਲੈ ਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਜਦੋਂ ਤੱਕ ਹਰੀਕੇ ਪੱਤਣ ਦੀ ਡੀ-ਸਿਲਟਿੰਗ ਨਹੀਂ ਹੁੰਦੀ ਉਦੋਂ ਤੱਕ ਇਸ ਇਲਾਕੇ 'ਤੇ ਹੜ੍ਹਾਂ ਦੀ ਮਾਰ ਪੈਂਦੀ ਰਹੇਗੀ। ਉਨ੍ਹਾਂ ਕਿਹਾ ਕਿ ਹਰੀਕੇ ਹੈੱਡ ਵਰਕਸ ਜਦੋਂ ਤੋਂ ਬਣਿਆ ਹੋਇਆ ਹੈ, ਉਦੋਂ ਦੀ ਹੀ ਇਸ ਵਿੱਚੋਂ ਗਾਰ ਕੱਢੀ ਨਹੀਂ ਗਈ ਤੇ ਬਿਆਸ ਦਰਿਆ ਉੱਚਾ ਹੋ ਕੇ ਵਗਦਾ ਹੈ। ਸੰਤ ਸੀਚੇਵਾਲ ਲੁਧਿਆਣੇ ਦੇ ਬੁੱਢੇ ਦਰਿਆ ਦੀ ਹਾਲ ਹੀ ਵਿੱਚ ਕੱਢੀ ਗਾਰ ਦਾ ਜ਼ਿਕਰ ਕਰਦਿਆ ਕਿਹਾ ਕਿ ਜੇ ਇਸ ਵਿੱਚੋਂ ਗਾਰ ਨਾ ਕੱਢੀ ਹੁੰਦੀ ਤਾਂ ਅੱਧਾ ਲੁਧਿਆਣਾ ਹੜ੍ਹ ਵਿੱਚ ਡੁੱਬਿਆ ਹੋਣਾ ਸੀ।ਇਸੇ ਤਰ੍ਹਾਂ ਗਿੱਦੜਪਿੰਡੀ ਦੇ ਰੇਲਵੇ ਪੁਲ ਹੇਠੋਂ 2020 ਵਿੱਚ ਵੱਡੇ ਪੱਧਰ 'ਤੇ ਗਾਰ ਕੱਢੀ ਗਈ ਸੀ ਪਰ ਜਦੋਂ ਦੋ ਸਾਲ ਗਾਰ ਨਹੀਂ ਕੱਢੀ ਗਈ ਤਾਂ ਸਾਲ 2023 ਵਿੱਚ ਹੜ੍ਹ ਆ ਗਿਆ। ਇਸੇ ਤਰ੍ਹਾਂ ਪਵਿੱਤਰ ਕਾਲੀ ਵੇਈਂ ਦੀ ਗਾਰ ਕੱਢਣ ਨਾਲ ਇਸ ਵਿੱਚ ਹੜ੍ਹ ਆਉਣ ਦੀਆਂ ਸੰਭਾਵਨਾਵਾਂ ਘਟੀਆਂ ਹਨ। ਮੰਡ ਇਲਾਕੇ ਦੇ ਪਿੰਡਾਂ ਦੇ ਹਰ ਮੰਤਰੀ ਅਤੇ ਸੀਨੀਅਰ ਅਧਿਕਾਰੀ ਕੋਲ ਇਸ ਦੇ ਪੱਕੇ ਹੱਲ ਦੀ ਮੰਗ ਰੱਖੀ ਹੈ।ਹੜ੍ਹਾਂ ਦਾ ਪੱਕਾ ਇਲਾਜ ਤਾਂ ਦਰਿਆ ਨੂੰ ਡੂੰਘੇ ਤੇ ਚੌੜੇ ਕਰਨਾ ਹੈ। ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣੀ ਅੱਜ ਸੁਲਤਾਨਪੁਰ ਲੋਧੀ ਪਹੁੰਚੇ। ਉਨ੍ਹਾਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਹਵਾਲੇ ਰਾਹਤ ਸਮੱਗਰੀ ਕਰਦਿਆਂ ਕਿਹਾ ਕਿ ਸਹੀ ਢੰਗ ਨਾਲ ਤੇ ਲੋੜਵੰਦਾਂ ਤੱਕ ਰਾਹਤ ਸਮੱਗਰੀ ਸੰਤ ਸੀਚੇਵਾਲ ਹੀ ਪਹੁੰਚਾ ਸਕਦੇ ਹਨ। ਇਸੇ ਮੌਕੇ ਕੌਮਾਂਤਰੀ ਪੱਧਰ ਦੇ ਅਰਥਸ਼ਾਸ਼ਤਰੀ ਤੇ ਖ਼ਾਸ ਕਰਕੇ ਕਿਸਾਨੀ 'ਤੇ ਕੰਮ ਕਰਨ ਵਾਲੇ ਡਾ. ਦਵਿੰਦਰ ਸ਼ਰਮਾ ਨੇ ਬਾਊਪੁਰ ਮੰਡ ਦਾ ਦੌਰਾ ਕੀਤਾ। ਸਾਂਗਰਾ ਪਿੰਡ ਵਿੱਚ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਇਸ ਪੀੜਤ ਪਰਵਾਰ ਨੇ ਆਪਣਾ ਘਰ ਉਚੀ ਥਾਂ 'ਤੇ ਪਾਇਆ ਸੀ ਤੇ ਅਚਾਨਕ ਉਨ੍ਹਾਂ ਦੇ ਘਰ ਪਾਣੀ ਆ ਵੜਿਆ ਇਸ ਵਿੱਚ ਘਰਦਿਆ ਦਾ ਕੀ ਕਸੂਰ ਹੈ।



● ਯੋਜਨਾਵਾਂ ਕਾਗਜ਼ਾਂ 'ਤੇ ਨਹੀਂ ਜ਼ਮੀਨ 'ਤੇ ਸਕਾਰ ਹੋਣ

## ਇਜ਼ਰਾਇਲੀ ਵਿੱਤ ਮੰਤਰੀ ਦੀ ਭਾਰਤ ਫੇਰੀ ਦਾ ਡਟਵਾਂ ਵਿਰੋਧ ਕਰੇਗਾ ਫਾਸ਼ੀ ਹਮਲਿਆਂ ਵਿਰੋਧੀ ਫਰੰਟ

**ਜਲੰਧਰ** : 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵੱਲੋਂ ਇਜ਼ਰਾਇਲ ਦੇ ਵਿੱਤ ਮੰਤਰੀ ਬੇਜਾ ਲੇਲ ਸਮੋਟਰਿਚ ਦੀ ਭਾਰਤ ਫੇਰੀ ਦੇ ਵਿਰੋਧ 'ਚ 10 ਸਤੰਬਰ ਨੂੰ ਪੰਜਾਬ ਭਰ 'ਚ ਜ਼ਿਲ੍ਹਾ ਕੇਂਦਰਾਂ 'ਤੇ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ।'ਫਰੰਟ' 'ਚ ਸ਼ਾਮਲ ਪਾਰਟੀਆਂ ਤੇ ਜੱਥੇਬੰਦੀਆਂ ਦੇ ਆਗੂਆਂ ਸਰਵਸ੍ਰੀ ਬੰਤ ਬਰਾੜ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਬਖਤਪੁਰ, ਅਜਮੇਰ ਸਿੰਘ, ਕੰਵਲਜੀਤ ਖੰਨਾ, ਕਿਰਨਜੀਤ ਸੇਖੋਂ ਨੇ ਇੱਥੋਂ ਜਾਰੀ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਇਜ਼ਰਾਇਲ ਨੇ ਸਾਮਰਾਜੀ ਜੁੰਡਲੀ ਦੇ ਥਾਪੜੇ ਨਾਲ ਸਾਰੇ ਮਾਨਵੀ ਅਤੇ ਜੰਗੀ ਅਸੂਲਾਂ ਦੀ ਘੋਰ ਉਲੰਘਣਾ ਕਰਦਿਆਂ ਵਿਸ਼ਵ ਦੇ ਨਕਸ਼ੇ ਤੋਂ ਫਲਸਤੀਨ ਦੀ ਹੋਂਦ ਮਿਟਾਉਣ ਅਤੇ ਦੇਸ਼ ਦੀ ਸਮੁੱਚੀ ਵਸੋਂ ਦੀ ਨਸਲਕੁਸ਼ੀ ਦੀ ਮੁਹਿੰਮ ਵਿੱਢੀ ਹੋਈ ਹੈ। ਬਾਹਰੋਂ ਜਾਣ ਵਾਲੀ ਮਾਨਵੀ ਸਹਾਇਤਾ, ਖਾਸ ਕਰਕੇ ਖੁਰਾਕੀ ਵਸਤਾਂ, ਦਵਾਈਆਂ, ਪਾਣੀ ਆਦਿ 'ਤੇ ਵੀ ਰੋਕਾਂ ਲਾਈਆਂ ਹੋਈਆਂ ਹਨ। ਸਕੂਲਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ 'ਤੇ ਵਿਉਂਤਬੱਧ ਹਮਲੇ ਤੇ ਬੰਬਾਰੀ ਕੀਤੀ ਜਾ ਰਹੀ ਹੈ। ਬੱਚੇ, ਔਰਤਾਂ, ਬਜ਼ੁਰਗ ਤੇ ਇਜ਼ਰਾਇਲ-ਅਮਰੀਕਾ ਜੰਗਬਾਜ਼ ਜੁੰਡਲੀ ਦੇ ਕਾਲੇ ਕਾਰਨਾਮੇ ਬੇਪਰਦ ਵਾਲੇ ਪੱਤਰਕਾਰ ਇਨ੍ਹਾਂ ਘਾਤਕ ਹਮਲਿਆਂ ਦਾ ਉਚੇਚਾ ਨਿਸ਼ਾਨਾ ਬਣਾਏ ਜਾ ਰਹੇ ਹਨ।ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਨਾ ਕੇਵਲ 'ਇੰਟਰਨੈਸ਼ਨਲ ਕੋਰਟ ਆਫ ਜਸਟਿਸ' ਨੇ ਜੰਗੀ ਅਪਰਾਧੀ ਐਲਾਨਿਆ ਹੋਇਆ ਹੈ, ਬਲਕਿ ਇਨ੍ਹਾਂ ਘਿਨਾਉਣੇ ਕਾਰਨਾਮਿਆਂ ਖਿਲਾਫ਼ ਦੁਨੀਆ ਦੇ ਸਾਰੇ ਦੇਸ਼ਾਂ ਦੇ ਵੱਖੋ-ਵੱਖ ਸ਼ਹਿਰਾਂ 'ਚ ਲੱਖਾਂ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਵੀ ਕੀਤੇ ਹਨ। ਇੱਥੋਂ ਤੱਕ ਕਿ ਇਜ਼ਰਾਇਲ ਅੰਦਰ ਵੀ ਲੋਕ ਜੰਗਬੰਦੀ ਲਈ ਸੜਕਾਂ 'ਤੇ ਉੱਤਰੇ ਹਨ। ਨੇਤਨਯਾਹੂ ਚੋਣਾਂ 'ਚ ਲੋਕਾਂ ਦਾ ਸਾਹਮਣਾ ਕਰਨੋਂ ਬਚਣ ਤੇ ਆਪਣੇ ਭ੍ਰਿਸ਼ਟ ਕਾਰਨਾਮਿਆਂ ਨੂੰ ਢਕਣ ਲਈ ਜੰਗ ਜਾਰੀ ਰੱਖਣ ਲਈ ਬਜ਼ਿੱਦ ਹੈ।ਇਸ ਹਾਲਾਤ 'ਚ ਇਜ਼ਰਾਇਲੀ ਵਿੱਤ ਮੰਤਰੀ ਦੀ ਭਾਰਤ ਫੇਰੀ ਤੇ ਮੋਦੀ ਸਰਕਾਰ ਵੱਲੋਂ ਦੋਹਾਂ ਦੇਸ਼ਾਂ ਦਰਮਿਆਨ ਦੁਵੱਲੇ ਵਪਾਰਕ ਸਬੰਧ ਮਜ਼ਬੂਤ ਬਣਾਉਣ ਲਈ ਗੱਲਬਾਤ ਕਰਨੀ ਮਨੁੱਖਤਾ ਦੇ ਕਾਤਲ ਜੰਗਬਾਜ਼ਾਂ ਦੇ ਅਪਰਾਧਕ ਮਨਸੂਬਿਆਂ ਦੀ ਪੁਸ਼ਤ ਪਨਾਹੀ ਕਰਨਾ ਹੈ। ਯੂ.ਐਨ.ਓ. ਵਿੱਚ ਪੇਸ਼ ਕੀਤੇ ਗਏ ਜੰਗਬੰਦੀ ਦੇ ਮਤਿਆਂ ਦੇ ਹੱਕ 'ਚ ਵੋਟ ਪਾਉਣ ਦੀ ਬਜਾਇ ਮੋਦੀ ਸਰਕਾਰ ਨੇ ਗੈਰ-ਹਾਜ਼ਰ ਰਹਿਣ ਨੂੰ ਤਰਜੀਹ ਦੇਣ ਦੀ ਅਤਿ ਨਿੰਦਣਯੋਗ ਪਹੁੰਚ ਲਈ ਸੀ। ਹੁਣ ਦੁਵੱਲੀ ਵਾਰਤਾ ਰਾਹੀਂ ਇਜ਼ਰਾਇਲ ਨਾਲ ਸਬੰਧ ਹੋਰ ਮਜ਼ਬੂਤ ਕਰਨ ਵੱਲ ਵਧਣਾ ਦਰ ਹਕੀਕਤ ਫਲਸਤੀਨੀਆਂ ਦੇ ਵਿਰੋਧ 'ਚ ਭੁਗਤਣਾ ਹੈ।ਆਗੂਆਂ ਨੇ ਜੰਗਾਂ ਦੀ ਭਿਆਨਕਤਾ ਤੋਂ ਜਾਗਰੂਕ, ਅਮਨ ਪਸੰਦ ਸ਼ਹਿਰੀਆਂ ਨੂੰ ਸੱਦਾ ਦਿੱਤਾ ਹੈ ਕਿ 10 ਸਤੰਬਰ ਨੂੰ ਕੀਤੇ ਜਾ ਰਹੇ ਉਕਤ ਪ੍ਰਦਰਸ਼ਨਾਂ 'ਚ ਵਧ-ਚੜ੍ਹ ਕੇ ਸ਼ਾਮਿਲ ਹੋਣ।

## 'ਰਿਸ਼ਤਿਆਂ ਦੀ ਮਹਿਕ' ਦਾ ਲੋਕ-ਅਰਪਣ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਰਚਾਏ ਸਮਾਗਮ ਵਿੱਚ ਪ੍ਰਿੰਸੀਪਲ ਗੁਰਦਿਆਲ ਸਿੰਘ ਫੁੱਲ ਦੀ ਪੁਸਤਕ 'ਰਿਸ਼ਤਿਆਂ ਦੀ ਮਹਿਕ' ਦਾ ਲੋਕ-ਅਰਪਣ ਅਤੇ ਗੋਸ਼ਟੀ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ, ਮਦਨ ਵੀਰਾ, ਤ੍ਰਿਪਤਾ ਕੇ ਸਿੰਘ, ਡਾ. ਜਸਵੰਤ ਰਾਏ ਅਤੇ ਡਾ. ਹਰਪ੍ਰੀਤ ਸਿੰਘ ਨੇ ਕੀਤੀ।ਸਭਾ ਦੀ ਪ੍ਰਧਾਨ ਤ੍ਰਿਪਤਾ ਕੇ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਸ਼ਬਦ ਆਖੇ ਅਤੇ ਲੇਖਕ ਨੂੰ ਵਾਰਤਕ ਪੁਸਤਕ ਲਈ ਮੁਬਾਰਕਾਂ ਦਿੱਤੀਆਂ।ਪੁਸਤਕ 'ਤੇ ਪਰਚਾ ਪੇਸ਼ ਕਰਦਿਆਂ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਫੁੱਲ ਹੁਰਾਂ ਦੀ ਪੁਸਤਕ ਜਿਸਦੇ ਵਿਭਿੰਨ ਅਤੇ ਵਿਆਪਕ ਵਿਸ਼ੇ ਇਹ ਦੱਸ ਪਾਉਂਦੇ ਹਨ ਲੇਖਕ ਕੋਲ ਵਿਸ਼ਿਆਂ ਦੀ ਵਿਭਿੰਨਤਾ ਹੈ।ਨਾਲ ਹੀ ਨਾਲ ਇਹ ਲੇਖ ਉਨ੍ਹਾਂ ਦੀ ਮਾਨਵੀ ਪਹੁੰਚ ਵਿਧੀ ਦੀ ਵੀ ਝਾਤ ਪਾਉਂਦੇ ਹਨ। ਮਦਨ ਵੀਰਾ ਨੇ ਪੁਸਤਕ ਬਾਰੇ ਆਪਣੀ ਆਲੋਚਨਾਤਮਕ ਟਿੱਪਣੀ ਦਿੰਦਿਆਂ ਕਿਹਾ ਕਿ ਪੁਸਤਕ ਵਿੱਚ ਜਿੱਥੇ ਗੁਰਦਿਆਲ ਸਿੰਘ ਇੱਕ ਅਧਿਆਪਕ ਵਜੋਂ ਬਿਰਤਾਂਤ ਸਿਰਜਦੇ ਹਨ, ਉਥੇ ਉਨ੍ਹਾਂ ਦਾ ਨਜ਼ਰੀਆ ਉਸਾਰੂ 'ਤੇ ਗੰਭੀਰ ਜਾਪਦਾ ਹੈ, ਪਰ ਜਿੱਥੇ ਸਭਿਆਚਾਰ ਨੂੰ ਲੈ ਕੇ ਮੱਧਕਾਲੀ ਸੋਚ ਅਪਣਾਉਂਦੇ ਹਨ, ਉਥੇ ਪੇਤਲੇ ਨਜ਼ਰ ਆਉਂਦੇ ਹਨ। ਤ੍ਰਿਪਤਾ ਕੇ ਸਿੰਘ ਤੇ ਹੋਰ ਦੋਸਤਾਂ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਰੱਖੇ। ਬਹਿਸ ਨੂੰ ਸਮੇਟਦਿਆਂ ਡਾ. ਕਰਮਜੀਤ ਸਿੰਘ ਨੇ ਇਸ ਵਾਰਤਕ ਪੁਸਤਕ ਦੇ ਵੱਖ-ਵੱਖ ਪੱਖਾਂ 'ਤੇ ਗੱਲ ਕਰਦਿਆਂ ਕਿਹਾ ਕਿ ਵਾਰਤਕ ਲਿਖਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ।ਇਹਦੇ ਲਈ ਪੜ੍ਹਨਾ ਬਹੁਤ ਪੈਂਦਾ ਹੈ। ਪੰਜਾਬੀ ਸਾਹਿਤ ਵਿੱਚ ਇਸਦੀ ਸਭ ਤੋਂ ਵੱਡੀ ਉਦਾਹਰਣ ਪ੍ਰਿੰਸੀਪਲ ਤੇਜਾ ਸਿੰਘ ਹੈ।

## ਕੇਂਦਰ ਸਰਕਾਰ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਪ੍ਰਤੀ ਏਕੜ 80,000 ਰੁਪਏ ਮੁਆਵਜ਼ਾ ਦੇਵੇ : ਅਜੇ ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਸ.ਭ.ਸ. ਨਗਰ ਨੇ ਕੇਂਦਰ ਸਰਕਾਰ ਨੂੰ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਲਈ ਤੁਰੰਤ ਅਤੇ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ। ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਨੂੰ ਪੰਜਾਬੀ ਲੋਕਾਂ ਲਈ ਚਿੰਤਾ ਦਾ ਸੰਕੇਤ ਦੱਸਦੇ ਹੋਏ ਅਜੇ ਮੰਗੂਪੁਰ ਨੇ ਕਿਹਾ ਕਿ ਹੜ੍ਹਾਂ ਨਾਲ 4.5 ਲੱਖ ਏਕੜ ਤੋਂ ਵੱਧ ਖੇਤੀਬਾੜੀ ਜ਼ਮੀਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ, ਜਿੱਥੇ ਸਾਉਣੀ ਦੀਆਂ ਫਸਲਾਂ, ਖਾਸ ਕਰਕੇ ਝੋਨਾ ਅਤੇ ਗੰਨਾ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਉਨ੍ਹਾਂ ਨੁਕਸਾਨ ਤੋਂ ਬਾਅਦ ਕਿਸਾਨਾਂ ਨੂੰ ਖੇਤੀ ਜਾਰੀ ਰੱਖਣ ਲਈ ਘੱਟੋ-ਘੱਟ 80,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਕੀਤੀ ਹੈ। ਅਜੇ ਮੰਗੂਪੁਰ ਨੇ ਘਰਾਂ, ਡੇਅਰੀ ਜਾਨਵਰਾਂ, ਪਿੰਡਾਂ ਵਿੱਚ ਛੋਟੇ ਉਦਯੋਗਾਂ ਜਿਵੇਂ ਕਿ ਆਟਾ ਮਿੱਲਾਂ, ਲਿੰਕ ਸੜਕਾਂ, ਧਰਮਸ਼ਾਲਾਵਾਂ ਅਤੇ ਡਿਸਪੈਂਸਰੀਆਂ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਹੋਏ ਨੁਕਸਾਨ ਦਾ ਵੀ ਜ਼ਿਕਰ ਕਰਦੇ ਹੋਏ ਜ਼ੋਰ ਦੇ ਕੇ ਕਿਹਾ ਕਿ ਮੁਆਵਜ਼ਾ ਪੈਕੇਜ ਸਿਰਫ਼ ਫ਼ਸਲਾਂ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਹੜ੍ਹਾਂ ਨਾਲ ਪ੍ਰਭਾਵਤ ਪੇਂਡੂ ਜੀਵਨ ਦੇ ਹਰ ਪਹਿਲੂ ਨੂੰ ਕਵਰ ਕਰਨਾ ਚਾਹੀਦਾ ਹੈ। ਅਜੇ ਮੰਗੂਪੁਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਦੀ ਆਲੋਚਨਾ ਕਰਦਿਆਂ ਕਿਹਾ ਕਿ ਡੈਮਾਂ ਤੋਂ ਪਾਣੀ ਛੱਡਣ ਵਿੱਚ ਤਾਲਮੇਲ ਦੀ ਘਾਟ ਕਾਰਨ ਹੜ੍ਹ ਦੀ ਸਥਿਤੀ ਵਿਗੜ ਗਈ। ਉਨ੍ਹਾਂ ਸੁਝਾਅ ਦਿੱਤਾ ਕਿ ਭਾਵੇਂ ਬੀ ਬੀ ਐਮ ਬੀ ਕੇਂਦਰ ਦੇ ਅਧੀਨ ਰਹਿੰਦਾ ਹੈ, ਪਰ ਇਸ ਦਾ ਕਾਰਜਕਾਰੀ ਨਿਯੰਤਰਣ ਅਤੇ ਪ੍ਰਬੰਧਨ ਪੰਜਾਬ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਦੇ ਸਿੰਚਾਈ ਵਿਭਾਗ ਵਿੱਚ ਇੰਜੀਨੀਅਰ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਉਹ ਖੇਤਰ ਦੀਆਂ ਭੂਗੋਲਿਕ ਸਥਿਤੀਆਂ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਸਮਝਦੇ ਹਨ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਕਿਸਾਨ ਸਗੋਂ ਖੇਤ ਮਜ਼ਦੂਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਵੀ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇੰਜੀਨੀਅਰਾਂ ਦੀ ਇੱਕ ਟੀਮ ਬਣਾਈ ਜਾਵੇ ਜੋ ਪੰਜਾਬ ਦੇ ਤੇਜ਼ੀ ਨਾਲ ਘਟ ਰਹੇ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਲਈ ਵਾਧੂ ਹੜ੍ਹ ਦੇ ਪਾਣੀ ਦੀ ਵਰਤੋਂ ਕਰਨ ਦੀ ਯੋਜਨਾ ਤਿਆਰ ਕਰੇ। ਉਨ੍ਹਾਂ ਸੁਝਾਅ ਦਿੱਤਾ ਕਿ ਇੱਕ ਸਮਾਨ ਅਤੇ ਸਹਿਯੋਗੀ ਵਿਧੀ ਬਣਾਈ ਜਾਵੇ ਜਿਸ ਵਿੱਚ ਸਾਰੇ ਭਾਈਵਾਲ ਰਾਜ ਨਾ ਸਿਰਫ਼ ਸਰੋਤਾਂ ਨੂੰ ਸਾਂਝਾ ਕਰਦੇ ਹਨ, ਸਗੋਂ ਕੁਦਰਤੀ ਆਫ਼ਤਾਂ ਦਾ ਬੋਝ ਵੀ ਸਾਂਝਾ ਕਰਦੇ ਹਨ।



## ਮੋਦੀ ਜੀ, ਪੰਜਾਬ ਦਾ ਬਕਾਇਆ ਵੀ ਦਿਓ : ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਆਦਮੀ ਪਾਰਟੀ ਦਾ ਹਰੇਕ ਵਲੰਟੀਅਰ ਤੇ ਅਹੁਦੇਦਾਰ ਹੜ੍ਹ ਪੀੜਤਾਂ ਦੀ ਮਦਦ ਲਈ ਜੁਟਿਆ ਹੋਇਆ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਨਵੀਰ ਕਟਾਰੀਆ ਯੂਥ ਆਗੂ ਆਮ ਆਦਮੀ ਪਾਰਟੀ ਨੇ ਪਿੰਡ ਤਾਜੋਵਾਲ ਦੇ ਸਤਲੁਜ ਬੰਨ੍ਹ ਤੇ ਦੇਰ ਰਾਤ ਸੇਵਾ ਕਰਦਿਆਂ ਹੋਇਆ ਕੀਤਾ। ਇਸ ਦੁੱਖ ਦੀ ਘੜੀ 'ਚ ਆਪ ਆਗੂ ਕਰਨਵੀਰ ਕਟਾਰੀਆ ਲਗਾਤਾਰ ਹਲਕੇ ਦੇ ਸਾਰੇ ਬੰਨ੍ਹਾਂ ਦੇ ਦੌਰੇ 'ਤੇ ਹਨ। ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਹਲਕਾ ਬਲਾਚੌਰ ਦੀ ਲੀਡਰਸ਼ਿਪ ਵੱਲੋਂ ਲੋਕਾਂ ਲਈ ਰਾਹਤ ਕਾਰਜ ਕੀਤੇ ਜਾ ਰਹੇ ਹਨ ਅਤੇ ਪੀੜਤਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਜਲਦੀ ਤੋਂ ਜਲਦੀ ਪਿੰਡਾਂ ਦੇ ਹਾਲਾਤ ਠੀਕ ਹੋ ਸਕਣ। ਇਸ ਸਮੇਂ ਪੰਜਾਬ ਦੀ ਸਥਿਤੀ ਕਾਫ਼ੀ ਨਾਜ਼ੁਕ ਬਣੀ ਹੋਈ ਹੈ। ਕਰਨਵੀਰ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਹਰੇਕ ਪੱਖੋਂ ਲੋਕਾਂ ਦੇ ਨਾਲ ਹੈ। ਉਹਨਾਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਅਪੀਲ ਕੀਤੀ ਹੈ ਕਿ ਪੰਜਾਬ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਜੀ ਪੰਜਾਬ ਦੇ ਹੱਕ ਦਾ 60 ਹਜ਼ਾਰ ਕਰੋੜ ਰੁਪਏ ਜੋ ਕੇਂਦਰ ਸਰਕਾਰ ਦੇ ਵੱਲ ਪਹਿਲਾਂ ਤੋਂ ਹੀ ਬਕਾਇਆ ਪਿਆ ਹੈ, ਨੂੰ ਅਦਾ ਕਰਕੇ ਹੀ ਆਉਣ। ਪੰਜਾਬ ਵਿੱਚ ਖ਼ਾਲੀ ਹੱਥ ਆਉਣ ਦਾ ਕੋਈ ਫ਼ਾਇਦਾ ਨਹੀਂ ਹੈ, ਪੰਜਾਬ ਨੂੰ ਇਸ ਵੇਲੇ ਆਪਣਾ ਹੱਕ ਚਾਹੀਦਾ ਹੈ ਨਾ ਕਿ ਫੋਕੇ ਲਾਰੇ ਤਾਂ ਜੋ ਪੰਜਾਬ ਮੁੜ ਤੋਂ ਆਪਣੇ ਪੈਰਾਂ 'ਤੇ ਆ ਸਕੇ। ਇਸ ਮੌਕੇ ਲਾਡੀ ਰਾਣਾ ਪ੍ਰਧਾਨ ਨਗਰ ਕੌਂਸਲ ਬਲਾਚੌਰ, ਅਮ੍ਰਿਤ ਕੁਮਾਰ ਚੰਦਨ, ਹਨੀ ਜੋਗਵਾਲ, ਵਿਸ਼ੂ ਰਾਣਾ, ਗੁਰਪ੍ਰੀਤ ਗੋਪੀ ਆਦਿ ਵਲੰਟੀਅਰ ਤੇ ਪਿੰਡ ਵਾਸੀ ਹਾਜ਼ਰ ਸਨ।



## ਸਿਵਲ ਸਰਜਨ ਵੱਲੋਂ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ 'ਚ ਸਿਹਤ ਪ੍ਰਬੰਧਾਂ ਦਾ ਨਿਰੀਖਣ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਗੁਆਂਢੀ ਰਾਜਾਂ ਸਮੇਤ ਸੂਬੇ ਵਿੱਚ ਪੈ ਰਹੇ ਲਗਾਤਾਰ ਮੀਂਹ ਕਾਰਨ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ ਸਤਲੁਜ ਦਰਿਆ ਨਾਲ ਲੱਗਦੇ ਇਲਾਕਿਆਂ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁਸਤੈਦ ਹੈ।ਇਸੇ ਕੜੀ ਤਹਿਤ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡ ਬੁਰਜ ਟਹਿਲ ਦਾਸ ਤੇ ਧੈਂਗੜਪੁਰ ਦੇ ਬੰਨ੍ਹ ਦੀ ਮੌਜੂਦਾ ਸਥਿਤੀ ਨੂੰ ਦੇਖਿਆ ਤੇ ਆਮ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਸੁਣਿਆ। ਇਸ ਮੌਕੇ ਉਨ੍ਹਾਂ ਨਾਲ ਸੀ.ਐੱਚ.ਸੀ., ਮੁਕੰਦਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ, ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਤਲੁਜ ਦਰਿਆ ਨਾਲ ਲੱਗਦੇ ਇਲਾਕਿਆਂ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨੇ ਮੈਡੀਕਲ ਟੀਮਾਂ ਨਾਲ ਗੱਲਬਾਤ ਕੀਤੀ ਤੇ ਹੜ੍ਹ ਵਰਗੀਆਂ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਜ਼ਰੂਰੀ ਦਵਾਈਆਂ, ਮੈਡੀਕਲ ਸਾਜੋ-ਸਮਾਨ ਦੀ ਉਪਲੱਬਧਤਾ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ।



## ਗੈਰ-ਕਾਨੂੰਨੀ ਮਾਈਨਿੰਗ 'ਤੇ ਸਿਆਸਤ ਭਖੀ, ਹਾਜੀਪੁਰ ਦੇ ਪਿੰਡਾਂ 'ਚ ਗੈਰ-ਕਾਨੂੰਨੀ ਖਣਨ ਬੇਖੌਫ਼ ਜਾਰੀ

**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ 'ਚ ਹਾਲੀਆ ਆਏ ਹੜ੍ਹਾਂ ਲਈ ਗੈਰ ਕਾਨੂੰਨੀ ਮਾਈਨਿੰਗ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਕੇਂਦਰੀ ਮੰਤਰੀ ਨੇ ਇਹ ਬਿਆਨ ਹੜ੍ਹ ਪ੍ਰਭਾਵਿਤ ਪੰਜਾਬ ਦਾ ਦੌਰਾ ਕਰਨ ਮਗਰੋਂ ਦਿੱਤਾ। ਪੰਜਾਬ ਸਰਕਾਰ ਨੇ ਕੇਂਦਰੀ ਮੰਤਰੀ ਦੇ ਬਿਆਨ ਨੂੰ ਮੁੱਢੋਂ ਹੀ ਖਾਰਜ ਕਰ ਦਿੱਤਾ। ਕੇਂਦਰ ਅਤੇ ਰਾਜ ਸਰਕਾਰ ਦਰਮਿਆਨ ਭਖੀ ਸ਼ਬਦੀ ਜੰਗ ਨੇ ਇੱਕ ਵਾਰ ਫਿਰ ਦਰਿਆਵਾਂ ਸਮੇਤ ਪੰਜਾਬ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਚੱਲ ਰਹੀ ਗੈਰ ਕਾਨੂੰਨੀ ਮਾਈਨਿੰਗ ਨੂੰ ਚਰਚਾ ਵਿਚ ਲੈ ਆਂਦਾ ਹੈ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਪੰਜਾਬ ਦੇ ਜਨ. ਸਕੱਤਰ ਅਤੇ ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਸੰਯੋਜਕ ਧਰਮਿੰਦਰ ਸਿੰਘ, ਪ੍ਰਧਾਨ ਰਾਜੇਸ਼ ਕੁਮਾਰ, ਜਨ ਸਕੱਤਰ ਮਨੋਜ ਪਲਾਹੜ, ਜੋਗਿੰਦਰ ਸਿੰਘ ਮੰਗੂ ਮੈਰ੍ਹਾ, ਅਸ਼ੋਕ ਜਲੇਰੀਆ ਆਦਿ ਨੇ ਦਸਿਆ ਕਿ ਪੰਜਾਬ ਦਾ ਕੰਢੀ ਖ਼ੇਤਰ ਗੈਰ ਕਾਨੂੰਨੀ ਮਾਈਨਿੰਗ ਦਾ ਧੁਰਾ ਬਣਿਆ ਹੋਇਆ। ਅਕਾਲੀ ਭਾਜਪਾ ਗਠਜੋੜ ਸਰਕਾਰ ਦੇ ਪਹਿਲੇ ਕਾਰਜ਼ਕਾਲ 'ਚ ਇਹ ਕਥਿਤ ਕਾਰੋਬਾਰ ਸ਼ੁਰੂ ਹੋਇਆ ਸੀ। ਕਾਂਗਰਸ ਦੇ ਰਾਜ ਵਿਚ ਵੀ ਕੋਈ ਰੋਕ ਨਹੀਂ ਲੱਗੀ, ਉਲਟਾ ਸਰਕਾਰ ਦੇ ਵਿਧਾਇਕਾਂ ਨੇ ਇਸ ਕਾਰੋਬਾਰ 'ਚ ਹਿੱਸਾ ਪੱਤੀ ਪਾ ਲਈ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਧਾਨ ਸਭਾ ਚੋਣਾਂ 'ਚ ਨਾਜਾਇਜ਼ ਮਾਈਨਿੰਗ ਨੂੰ ਅਹਿਮ ਮੁੱਦਾ ਬਣਾਇਆ ਸੀ ਅਤੇ ਦਾਅਵਾ ਕੀਤਾ ਸੀ ਕਿ ਸਰਕਾਰ ਬਣਨ ਦੇ ਛੇ ਮਹੀਨਿਆਂ ਦੇ ਅੰਦਰ ਗੈਰਕਾਨੂੰਨੀ ਮਾਈਨਿੰਗ 'ਤੇ ਨਕੇਲ ਕੱਸਣ ਦਾ ਦਾਅਵਾ ਕੀਤਾ ਸੀ। ਪਰ ਦਰਿਆਵਾਂ 'ਚੋਂ ਸ਼ੁਰੂ ਹੋਇਆ ਇਹ ਨਾਜਾਇਜ਼ ਕਾਰੋਬਾਰ ਪਹਾੜਾਂ ਦੀ ਪੁਟਾਈ ਤੱਕ ਅੱਪੜ ਗਿਆ ਹੈ। ਹਾਜੀਪੁਰ 'ਚ ਵਾਹੀਯੋਗ ਜ਼ਮੀਨਾਂ ਪੁੱਟ ਕੇ 100-100 ਫੁੱਟ ਦੇ ਡੂੰਘੇ ਟੋਏ ਪਾ ਦਿੱਤੇ ਗਏ ਹਨ, ਨੇੜਲੇ ਜ਼ਮੀਨ ਮਾਲਕਾਂ ਕੋਲ ਆਪਣੀਆਂ ਜ਼ਮੀਨਾਂ ਖਣਨ ਮਾਫੀਆ ਨੂੰ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ। ਵਿਰੋਧ ਕਰਨ ਵਾਲਿਆਂ 'ਤੇ ਪਰਚੇ ਦਰਜ ਕੀਤੇ ਜਾਂਦੇ ਹਨ। ਉਹ ਖ਼ੁਦ ਇਸ ਦੇ ਭੁਗਤਭੋਗੀ ਹਨ। ਬਿਆਸ ਦਰਿਆ ਸਮੇਤ ਹਾਜੀਪੁਰ ਦੇ ਅੱਧੀ ਦਰਜਨ ਤੋਂ ਵਧ ਪਿੰਡਾਂ 'ਚ ਖਣਨ ਅਤੇ ਕਰੱਸ਼ਰ ਮਾਫੀਆ ਸਰਗਰਮ ਹੈ। ਵਾਹੀਯੋਗ ਜ਼ਮੀਨਾਂ ਤਬਾਹ ਕੀਤੀਆਂ ਜਾ ਰਹੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਦੀ ਚੁੱਪੀ ਖਣਨ ਤੇ ਕਰੱਸ਼ਰ ਮਾਫੀਆ ਨਾਲ ਮਿਲੀਭੁਗਤ ਨੂੰ ਦਰਸਾਉਂਦੀ ਹੈ। ਅੱਜ ਜਦੋਂ ਅੱਧਾ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ, ਲੋਕ ਆਪਣੇ ਮਾਲ ਡੰਗਰ ਨੂੰ ਬਚਾਉਣ ਵਿਚ ਲੱਗੇ ਹੋਏ ਹਨ, ਖਣਨ ਮਾਫੀਆ ਮਾਨਸੂਨ ਸੀਜ਼ਨ ਵਿਚ ਵੀ ਗੈਰ ਕਾਨੂੰਨੀ ਖਣਨ ਦੀਆਂ ਧੂੜਾਂ ਪੁੱਟ ਰਿਹਾ ਹੈ। ਹਨ੍ਹੇਰਾ ਹੁੰਦਿਆਂ ਹੀ ਹਾਜੀਪੁਰ ਅਤੇ ਤਲਵਾੜਾ ਦੀਆਂ ਸੜਕਾਂ 'ਤੇ ਟਿੱਪਰਾਂ ਦਾ ਹੜ੍ਹ ਆ ਜਾਂਦਾ ਹੈ। ਨੰਗੇ ਚਿੱਟੇ ਦਿਨ ਮਾਈਨਿੰਗ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕਿਹਾ ਕਿ ਸਟੋਨ ਕਰੱਸ਼ਰਾਂ ਨੂੰ ਪ੍ਰਵਾਨਗੀ ਪ੍ਰਦੂਸ਼ਨ ਕੰਟਰੋਲ ਬੋਰਡ ਦਿੰਦਾ ਹੈ ਅਤੇ ਮਾਈਨਿੰਗ ਵਿਭਾਗ ਨੇ ਜਾਂਚ ਕਰਨੀ ਹੁੰਦੀ ਹੈ। ਇਹ ਵਿਭਾਗ ਉਨ੍ਹਾਂ ਤੋਂ ਨਹੀਂ ਪੁੱਛਦੇ, ਇਹ ਆਪਣੇ ਨਿਯਮਾਂ ਤਹਿਤ ਪ੍ਰਵਾਨਗੀ ਦਿੰਦੇ ਹਨ। ਪਰ ਜਦੋਂ ਕੋਈ ਸਮੱਸਿਆ ਆਉਂਦੀ ਹੈ ਤਾਂ ਅਸੀਂ ਜਵਾਬ ਦੇਹੀ ਤੈਅ ਕਰਦੇ ਹਾਂ। ਉਨ੍ਹਾਂ ਦਾਅਵਾ ਕੀਤਾ ਕਿ ਸਬੰਧਤ ਵਿਭਾਗਾਂ ਦੀਆਂ ਟੀਮਾਂ ਸ਼ਿਕਾਇਤ ਮਿਲਣ 'ਤੇ ਬਣਦੀ ਕਾਰਵਾਈ ਕਰਦੀਆਂ ਹਨ।ਖਣਨ ਤੇ ਭੂ ਵਿਗਿਆਨ, ਭੂਮੀ ਤੇ ਜਲ ਸੰਭਾਲ ਅਤੇ ਜਲ ਸਰੋਤ ਮੰਤਰੀ ਪੰਜਾਬ ਬਰਿੰਦਰ ਕੁਮਾਰ ਗੋਇਲ ਨੇ ਕੇਂਦਰ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਕੈਬਨਿਟ ਮੰਤਰੀ ਗੋਇਲ ਨੇ ਕਿਹਾ ਕਿ ਗੈਰ ਕਾਨੂੰਨੀ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਗੱਲ ਆਖੀ।



## ਗੁ. ਨਿਰਮਲ ਕੁਟੀਆ ਕਿਲ੍ਹਾ ਬਰੂਨ ਛੋਟਾ ਬਜਵਾੜਾ ਵਿਖੇ ਹੜ੍ਹ ਪੀੜਤਾਂ ਵਾਸਤੇ ਖ਼ੂਨਦਾਨ ਕੈਂਪ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਗੁਰਦੁਆਰਾ ਨਿਰਮਲ ਕੁਟੀਆ ਕਿਲ੍ਹਾ ਬਰੂਨ ਛੋਟਾ ਬਜਵਾੜਾ ਵਿਖੇ ਹੜ੍ਹ ਪੀੜਤਾਂ ਵਾਸਤੇ ਭਾਈ ਘਨੱਈਆ ਜੀ ਬਲੱਡ ਬੈਂਕ ਮਿੱਠਾ ਟਿਵਾਣਾ ਹੁਸ਼ਿਆਰਪੁਰ ਦੇ ਭਰਪੂਰ ਸਹਿਯੋਗ ਸਦਕਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ ਸਮੇਤ ਹੋਰ ਸੰਤਾਂ ਮਹਾਂਪੁਰਸ਼ਾਂ ਅਤੇ ਦਾਨੀ ਸੱਜਣਾਂ ਨੇ ਖ਼ੂਨਦਾਨ ਕੀਤਾ।ਇਸ ਮੌਕੇ ਸੰਤ ਕਰਮਜੀਤ ਸਿੰਘ, ਸੰਤ ਬਲਵੀਰ ਸਿੰਘ ਟਿੱਬਾ ਸਾਹਿਬ, ਸੁਖਵਿੰਦਰ ਪਾਲ, ਗੁਰਜੀਤ ਸਿੰਘ, ਨਿਰਮਲ ਸਿੰਘ, ਮਹਿੰਦਰ ਸਿੰਘ, ਭੁਪਿੰਦਰ ਸਿੰਘ, ਅਤੇ ਨੌਜਵਾਨ ਸਭਾ ਕਿਲਾ ਬਰੂਨ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਗੱਲਬਾਤ ਕਰਦਿਆਂ ਸੰਤ ਮਹਾਂਵੀਰ ਸਿੰਘ ਤਾਜੇਵਾਲ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ।ਉਹਨਾਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਲਗਾਤਾਰ ਹੋਈ ਬਾਰਿਸ਼ ਅਤੇ ਹੜ੍ਹਾਂ ਨਾਲ ਪੰਜਾਬ ਵਾਸੀਆਂ ਦਾ ਭਾਰੀ ਨੁਕਸਾਨ ਹੋਇਆ ਹੈ।ਸਮੇਂ 'ਤੇ ਪ੍ਰਸਥਿਤੀਆਂ ਨੂੰ ਮੁੱਖ ਰੱਖਦੇ ਹੋਏ ਇਹ ਖ਼ੂਨਦਾਨ ਕੈਂਪ ਲਗਾਇਆ ਗਿਆ ਹੈ।

## ਹੜ੍ਹ ਪੀੜਤਾਂ ਦੀ ਮਦਦ ਲਈ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਦਾ ਸਾਮਾਨ ਭੇਜਿਆ



**ਰੋਪੜ (ਬਿੰਦਰਾ)**- ਖਾਲਸਾ ਏਡ ਦੀ ਜ਼ਿਲ੍ਹਾ ਇਕਾਈ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਦੂਜਾ ਟਰੱਕ ਭੇਜਿਆ ਗਿਆ। ਜ਼ਿਲਾ ਪ੍ਰਧਾਨ ਨੇ ਦੱਸਿਆ ਕਿ ਰੋਜ਼ਮਰਾ ਦੀਆਂ ਜ਼ਰੂਰਤਾਂ ਦਾ ਸਾਮਾਨ ਭੇਜਿਆ ਗਿਆ ਹੈ। ਉਹਨਾਂ ਆਖਿਆ ਕਿ ਸਾਮਾਨ ਉਥੇ ਸਥਾਪਤ ਕੀਤੇ ਗਏ ਸੈਂਟਰ ਵਿਚ ਭੇਜਿਆ ਗਿਆ ਹੈ ਤਾਂ ਜੋ ਜ਼ਰੂਰਤਮੰਦਾਂ ਨੂੰ ਇਹ ਸਿਮਾਨ ਮਿਲੇ। ਉਹਨਾਂ ਕਿਹਾ ਕਿ ਉਥੇ ਰਾਸ਼ਨ ਦੀ ਲੋੜ ਨਹੀਂ ਹੈ, ਇਸ ਲਈ ਹੁਣ ਹੋਰ ਸਾਮਾਨ ਨਹੀਂ ਭੇਜਿਆ ਜਾਵੇਗਾ । ਇਸ ਲਈ ਰੋਪੜ ਵਿੱਚ ਸਾਮਾਨ ਇਕੱਠਾ ਕਰਨ ਦਾ ਸੈਂਟਰ ਬੰਦ ਕਰ ਦਿੱਤਾ ਗਿਆ ਹੈ। ਹੁਣ ਪਾਣੀ ਉਤਰਨ ਤੋਂ ਬਾਅਦ ਜਿਹੜਾ ਸਾਮਾਨ ਹੜ੍ਹ ਪੀੜਤਾਂ ਨੂੰ ਚਾਹੀਦਾ ਹੋਵੇਗਾ ਉਹ ਸਾਮਾਨ ਇਕੱਠਾ ਕਰਕੇ ਭੇਜਿਆ ਜਾਵੇਗਾ। ਉਹਨਾਂ ਨੇ ਜ਼ਿਲਾ ਵਾਸੀਆਂ ਵਲੋਂ ਹੜ੍ਹ ਪੀੜਤਾ ਦੀ ਸਹਾਇਤਾ ਕਰਨ ਲਈ ਧੰਨਵਾਦ ਕੀਤਾ।

## ਪ੍ਰਿੰ. ਹਰਭਜਨ ਸਿੰਘ ਕਲੱਬ ਵੱਲੋਂ ਚਰਨਜੀਤ ਸਿੰਘ ਬੈਂਸ ਨੂੰ ਸ਼ਰਧਾਂਜਲੀਆਂ

**ਮਾਹਿਲਪੁਰ (ਸ.ਫਰੀ)**- ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਸਾਬਕਾ ਵਿਦਿਆਰਥੀ ਅਤੇ ਜੇ ਸੀ ਟੀ ਦੇ ਉੱਘੇ ਕੌਮਾਂਤਰੀ ਖਿਡਾਰੀ ਚਰਨਜੀਤ ਸਿੰਘ ਬੈਂਸ ਦੇ ਬੇਵਕਤੀ ਅਕਾਲ ਚਲਾਣੇ 'ਤੇ ਇੱਕ ਸ਼ੋਕ ਸਭਾ ਕੀਤੀ ਗਈ। ਜਿਸ ਵਿੱਚ ਹਾਜ਼ਰ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੀ ਰੂਹ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਬੈਂਸ ਪਰਵਾਰ ਦੀ ਸਮਾਜ ਅਤੇ ਖੇਡ ਜਗਤ ਨੂੰ ਦਿੱਤੀ ਦੇਣ ਨੂੰ ਯਾਦ ਕਰਦਿਆਂ ਕਿਹਾ ਕਿ ਚਰਨਜੀਤ ਸਿੰਘ ਬੱਬੀ ਦੇ ਪਿਤਾ ਰਾਮ ਜੀਤ ਸਿੰਘ ਬੈਂਸ ਸਿਕੰਦਰਪੁਰ ਇਸ ਕਲੱਬ ਦੇ ਫਾਊਂਡਰ ਪ੍ਰਬੰਧਕ ਸਕੱਤਰ ਅਤੇ ਅਨਾਊਂਸਰ ਰਹੇ ਹਨ। ਉਨ੍ਹਾਂ ਦੇ ਵੱਡੇ ਭਰਾ ਸੇਵਾ ਮੁਕਤ ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ ਕਲੱਬ ਦੇ ਨਾਲ ਨਾਲ ਪੰਜਾਬ ਦੀਆਂ ਖੇਡ ਅਤੇ ਸਮਾਜਿਕ ਜਥੇਬੰਦੀਆਂ ਵਿੱਚ ਆਪਣਾ ਨਿੱਗਰ ਯੋਗਦਾਨ ਪਾ ਰਹੇ ਹਨ। ਇਸੇ ਤਰ੍ਹਾਂ ਚਰਨਜੀਤ ਸਿੰਘ ਕਨੇਡਾ ਵਿੱਚ ਆਪਣੇ ਪੁਰਖਿਆਂ ਦੁਆਰਾ ਪਾਈਆਂ ਅਮੀਰ ਪਿਰਤਾਂ 'ਤੇ ਪਹਿਰਾ ਦੇ ਰਹੇ ਸਨ। ਉਹਨਾਂ ਦੇ 62 ਸਾਲ ਦੀ ਉਮਰ ਵਿੱਚ ਬੇਵਕਤੀ ਅਕਾਲ ਚਲਾਣੇ 'ਤੇ ਸਮੁੱਚਾ ਖੇਡ ਸੰਸਾਰ ਸ਼ੋਕ ਵਿੱਚ ਹੈ। ਡਾਕਟਰ ਪਰਮਪ੍ਰੀਤ ਕੈਂਡੋਵਾਲ ਨੇ ਕਿਹਾ ਕਿ ਉਹਨਾਂ ਦਾ ਅੰਤਿਮ ਸੰਸਕਾਰ ਕੰਟਰੀ ਹਿਲਸ ਅਤੇ ਭੋਗ ਦਸ਼ਮੇਸ਼ ਕਲਚਰਲ ਸੈਂਟਰ ਕੈਲਗਰੀ ਕਨੇਡਾ ਵਿੱਚ 13 ਸਤੰਬਰ ਨੂੰ ਸਵੇਰੇ 10 ਵਜੇ ਪਾਇਆ ਜਾਵੇਗਾ।ਇਸ ਸ਼ੋਕ ਸਭਾ ਵਿੱਚ ਪ੍ਰਿੰ. ਪਰਵਿੰਦਰ ਸਿੰਘ, ਤਰਲੋਚਨ ਸਿੰਘ ਸੰਧੂ, ਬਲਜਿੰਦਰ ਮਾਨ, ਡਾ.ਜੰਗ ਬਹਾਦਰ ਸਿੰਘ ਸੇਖੋਂ, ਮਾਸਟਰ ਬਨਿੰਦਰ ਸਿੰਘ, ਅੱਛਰ ਕੁਮਾਰ ਜੋਸ਼ੀ, ਅਮਰੀਕ ਸਿੰਘ, ਹਰਦੇਵ ਸਿੰਘ ਢਿੱਲੋਂ, ਸੁਹੇਲ ਗਾਂਧੀ, ਤਕਦੀਰ ਸਿੰਘ, ਰੁਪਿੰਦਰ ਜੋਤ ਸਿੰਘ, ਜਗਜੀਤ ਸਿੰਘ ਗਣੇਸ਼ਪੁਰ, ਬਖਸ਼ੀਸ਼ ਸਿੰਘ ਬਾਗਲਾ, ਗੁਰਨਾਮ ਸਿੰਘ, ਜਗਜੀਤ ਸਿੰਘ ਘੁਮਿਆਲਾ ਹਾਜ਼ਰ ਹੋਏ।



## ਹੜ੍ਹ ਪੀੜਤਾਂ ਦੀ ਮਦਦ ਤੋਂ ਪ੍ਰਭਾਵਿਤ ਹੋ ਖੰਡੂਪੁਰ ਵਾਸੀਆਂ ਨੇ ਫੜਿਆ ਆਪ ਦਾ ਪੱਲਾ : ਸੰਤੋਸ਼ ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਆਦਮੀ ਪਾਰਟੀ ਦਾ ਹਰੇਕ ਵਲੰਟੀਅਰ ਤੇ ਅਹੁਦੇਦਾਰ ਹੜ੍ਹ ਪੀੜਤਾਂ ਦੀ ਮਦਦ ਲਈ ਜੁਟਿਆ ਹੋਇਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬੀਬੀ ਸੰਤੋਸ਼ ਕਟਾਰੀਆ ਹਲਕਾ ਵਿਧਾਇਕ ਬਲਾਚੌਰ ਨੇ ਕਿਹਾ ਕਿ ਹਲਕਾ ਬਲਾਚੌਰ ਵਿੱਚ ਵਗਦੇ ਸਤਲੁਜ ਦਰਿਆ ਦੇ ਸਾਰੇ ਬੰਨ੍ਹਾਂ ਦੇ ਉੱਪਰ ਪ੍ਰਸ਼ਾਸਨ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਸਮੂਹ ਜਨਤਾ ਦਿਨ ਰਾਤ ਨਿਗਾ ਰੱਖ ਰਹੇ ਹਨ। ਉੱਥੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪ੍ਰਭਾਵਿਤ ਹੋ ਕਿ ਪਿੰਡ ਖੰਡੂਪੁਰ ਤੋਂ ਸਰਪੰਚ ਗੁਰਨਾਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਹਿੱਸਾ ਬਣਨ ਦਾ ਫ਼ੈਸਲਾ ਕੀਤਾ। ਉਨ੍ਹਾਂ ਦਾ 'ਆਪ' ਪਰਵਾਰ ਵਿੱਚ ਤਹਿ ਦਿਲੋਂ ਸਵਾਗਤ ਕੀਤਾ ਗਿਆ ਅਤੇ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਸਰਪੰਚ ਤੇ ਬਾਕੀ ਪਿੰਡ ਵਾਲਿਆਂ ਦਾ ਕਹਿਣਾ ਹੈ ਜੋ ਪਿਛਲੇ 60 ਸਾਲਾਂ ਤੋਂ ਵਿਕਾਸ ਨਹੀਂ ਹੋਇਆ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਬੜੀ ਇਮਾਨਦਾਰੀ ਨਾਲ ਕਰ ਰਹੀ ਹੈ ਤੇ ਬਲਾਚੌਰ ਵਿੱਚ ਵੀ ਵਿਧਾਇਕਾਂ ਸੰਤੋਸ਼ ਕਟਾਰੀਆ ਦੁਆਰਾ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅਸੀ ਵੀ ਹੜ੍ਹ ਪੀੜਤਾਂ ਦੀ ਭਰਪੂਰ ਮਦਦ ਕਰਾਂਗੇ।ਇਸ ਮੌਕੇ ਲਖਵੀਰ ਸਿੰਘ ਪੰਚ, ਸਰਬਣ ਸਿੰਘ, ਗੁਰਪ੍ਰੀਤ ਸਿੰਘ, ਜਗਤਾਰ ਸਿੰਘ, ਭਜਨ ਸਿੰਘ, ਬਲਹਿਆਰ ਸਿੰਘ ਸਮੇਤ ਕਈ ਸਾਥੀ ਸ਼ਾਮਲ ਹੋਏ ਅਤੇ ਬਲਾਕ ਪ੍ਰਧਾਨ ਅਵਤਾਰ ਸਿੰਘ, ਹੁਸਨ ਲਾਲ ਬਲਾਕ ਪ੍ਰਧਾਨ, ਜਸਵਿੰਦਰ ਸਿੰਘ ਸਿਆਣ, ਡਾਕਟਰ ਯੋਗਰਾਜ ਹਾਜ਼ਰ ਸਨ।



## ਰੰਧਾਵਾ ਤੇ ਐੱਸ ਡੀ ਐੱਮ ਨੇ ਭਾਂਖਰਪੁਰ ਵਿਖੇ ਟ੍ਰੈਫਿਕ ਸਥਿਤੀ ਦਾ ਲਿਆ ਜਾਇਜ਼ਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਅੱਜ ਐਸ.ਡੀ.ਐਮ. ਡੇਰਾਬੱਸੀ ਅਮਿਤ ਗੁਪਤਾ ਨੇ ਰਾਸ਼ਟਰੀ ਰਾਜਮਾਰਗ ਅਥਾਰਟੀ ਆਫ਼ ਇੰਡੀਆ (ਐਨ.ਐਚ.ਏ.ਆਈ.) ਅਤੇ ਟ੍ਰੈਫਿਕ ਪੁਲਸ ਦੇ ਅਧਿਕਾਰੀਆਂ ਨਾਲ ਭਾਂਖਰਪੁਰ ਵਿਖੇ ਟ੍ਰੈਫਿਕ ਸਥਿਤੀ ਦਾ ਜਾਇਜ਼ਾ ਲਿਆ। ਸਮੀਖਿਆ ਦੌਰਾਨ, ਐਸ. ਡੀ. ਐਮ. ਨੇ ਐਨ. ਐਚ. ਏ. ਆਈ. ਦੇ ਅਧਿਕਾਰੀਆਂ ਨੂੰ ਟ੍ਰੈਫਿਕ ਨੂੰ ਅਸਥਾਈ ਤੌਰ 'ਤੇ ਡਾਈਵਰਟ ਦੇ ਨਿਰਦੇਸ਼ ਦਿੱਤੇ ਤਾਂ ਜੋ ਮੁਰੰਮਤ ਦਾ ਕੰਮ ਬਿਨਾਂ ਕਿਸੇ ਦੇਰੀ ਦੇ ਪੂਰਾ ਕੀਤਾ ਜਾ ਸਕੇ। ਉਨ੍ਹਾਂ ਨੇ ਟ੍ਰੈਫਿਕ ਪੁਲਸ ਨੂੰ ਕੰਮ ਪੂਰਾ ਹੋਣ ਤੱਕ ਵਾਹਨਾਂ ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ ਲਈ ਐਨ.ਐਚ.ਏ.ਆਈ. ਨੂੰ ਪੂਰਾ ਸਹਿਯੋਗ ਦੇਣ ਦੀ ਵੀ ਅਪੀਲ ਕੀਤੀ। ਐਸ.ਡੀ.ਐਮ. ਗੁਪਤਾ ਨੇ ਸੁਝਾਅ ਦਿੱਤਾ ਕਿ ਟ੍ਰੈਫਿਕ ਨੂੰ ਸਰਵਿਸ ਲੇਨਾਂ ਰਾਹੀਂ ਇੱਕ ਬਦਲਵੇਂ ਪ੍ਰਬੰਧ ਵਜੋਂ ਚਲਾਇਆ ਜਾ ਸਕਦਾ ਹੈ। ਉਨ੍ਹਾਂ ਐਨ.ਐਚ.ਏ.ਆਈ. ਨੂੰ ਸਪੱਸ਼ਟ ਤੌਰ 'ਤੇ ਨਿਰਦੇਸ਼ ਦਿੱਤੇ ਕਿ ਵਾਹਨ ਚਾਲਕਾਂ ਅਤੇ ਸਥਾਨਕ ਨਿਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਘੱਟ ਕਰਨ ਲਈ ਚੱਲ ਰਹੇ ਮੁਰੰਮਤ ਕਾਰਜਾਂ ਨੂੰ ਤੇਜ਼ ਕੀਤਾ ਜਾਵੇ। ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਨੇ ਵੀ ਸਥਿਤੀ ਦਾ ਨਿੱਜੀ ਤੌਰ 'ਤੇ ਜਾਇਜ਼ਾ ਲੈਣ ਲਈ ਸਾਈਟ ਦਾ ਦੌਰਾ ਕੀਤਾ ਅਤੇ ਭਰੋਸਾ ਦਿੱਤਾ ਕਿ ਕੰਮ ਸਮਾਂਬੱਧ ਢੰਗ ਨਾਲ ਪੂਰਾ ਕੀਤਾ ਜਾਵੇਗਾ।ਵਿਧਾਇਕ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਰੇ ਵਿਭਾਗਾਂ ਨੂੰ ਪ੍ਰੋਜੈਕਟ ਦੇ ਜਲਦੀ ਮੁਕੰਮਲ ਹੋਣ ਨੂੰ ਯਕੀਨੀ ਬਣਾਉਣ ਲਈ ਨਜ਼ਦੀਕੀ ਤਾਲਮੇਲ ਵਿੱਚ ਕੰਮ ਕਰਨ ਦੀ ਅਪੀਲ ਕੀਤੀ।



10-SEP-PAGE-10.qxd 9/9/2025 10:22 PM Page 1



## ਪੰਜਾਬ ਨੈਸ਼ਨਲ ਬੈਂਕ ਵੱਲੋਂ ਹੜ੍ਹ ਪ੍ਰਭਾਵਤ ਪਿੰਡ ਨੂੰ ਹਰੇ ਚਾਰੇ ਅਤੇ ਕੈਟਲ ਫੀਡ ਦੀ ਸੇਵਾ



**ਫਾਜ਼ਿਲਕਾ (ਪਰਮਜੀਤ ਢਾਬਾਂ)**-ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੇ ਰਹਿਣ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕੇਂਦਰ ਬਣਾਏ ਗਏ ਹਨ।ਇਨ੍ਹਾਂ ਰਾਹਤ ਕੇਂਦਰਾਂ 'ਚ ਪ੍ਰਭਾਵਤ ਪਿੰਡਾਂ ਦੇ ਲੋਕਾਂ ਦੇ ਨਾਲ ਨਾਲ ਉਨ੍ਹਾਂ ਦੇ ਮਾਲ ਡੰਗਰ ਆਦਿ ਵੀ ਕੇਂਦਰਾਂ ਵਿੱਚ ਲਿਆਂਦੇ ਗਏ ਹਨ।ਇਨ੍ਹਾਂ ਬੇਜ਼ੁਬਾਨ ਪਸ਼ੂਆਂ ਦੇ ਲਈ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਤੂੜੀ, ਹਰਾ ਚਾਰਾ ਤੇ ਕੈਟਲ ਫ਼ੀਡ ਆਦਿ ਦੀ ਸੇਵਾ ਕੀਤੀ ਜਾ ਰਹੀ ਹੈ।ਪੰਜਾਬ ਨੈਸ਼ਨਲ ਬੈਂਕ ਦੇ ਸਰਕਲ ਦਫਤਰ ਵੱਲੋਂ ਲਾਧੂਕਾ ਤੇ ਬਹਿਕ ਖਾਸ ਵਿਖੇ ਬਣੇ ਰਾਹਤ ਕੇਂਦਰਾਂ ਵਿੱਚ ਹਰੇ ਚਾਰੇ ਅਤੇ ਕੈਟਲ ਫੀਡ ਦੀ ਸੇਵਾ ਕੀਤੀ ਗਈ। ਸਰਕਲ ਦਫਤਰ ਦੇ ਡੀ ਜੀ ਐਮ ਨਵੀਨ ਗੁਪਤਾ ਨੇ ਦੱਸਿਆ ਕਿ ਪੰਜਾਬ ਨੈਸ਼ਨਲ ਬੈਂਕ ਵੱਲੋਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਪਿੰਡਾਂ ਤੋਂ ਰਾਹਤ ਕੇਂਦਰਾਂ ਵਿੱਚ ਲਿਆਂਦੇ ਗਏ ਪਸ਼ੂਆਂ ਦੇ ਲਈ ਕਰੀਬ 25 ਗੱਟੇ ਕੈਟਲ ਫੀਡ ਤੇ ਦੋ ਟਰਾਲੀਆਂ ਹਰੇ ਚਾਰੇ ਦੀਆਂ ਵੱਖ-ਵੱਖ ਰਾਹਤ ਕੇਂਦਰਾਂ ਵਿੱਚ ਦਿੱਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਅੱਗੇ ਵੀ ਪੰਜਾਬ ਨੈਸ਼ਨਲ ਬੈਂਕ ਵੱਲੋਂ ਪ੍ਰਭਾਵਤ ਲੋਕਾਂ ਦੀ ਸੇਵਾ ਦੇ ਲਈ ਉਪਰਾਲੇ ਕੀਤੇ ਜਾਣਗੇ।

## ਗੁਰੂ ਨਾਨਕ ਦੇਵ ਸੇਵਾ ਸੰਮਤੀ ਨੇ ਵੰਡਿਆ ਰਾਸ਼ਨ



**ਜਗਰਾਓਂ (ਅਮਿਤ ਖੰਨਾ)**-ਗੁਰੂ ਨਾਨਕ ਦੇਵ ਸੇਵਾ ਸੰਮਤੀ ਵੱਲੋਂ 30 ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ। ਰਵਿੰਦਰ ਸਿੰਘ ਵਰਮਾ ਨੇ ਦੱਸਿਆ ਕਿ ਸੰਮਤੀ ਦਾ ਉਦੇਸ਼ ਇਲਾਕੇ ਦੇ ਬਜ਼ੁਰਗ ਤੇ ਜ਼ਰੂਰਤਮੰਦ ਵਿਅਕਤੀਆਂ ਦੀ ਸਹਾਇਤਾ ਕਰਨੀ ਹੈ।ਉਨ੍ਹਾਂ ਕਿਹਾ ਕਿ ਜੋ ਸੰਮਤੀ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਜ਼ਰੂਰਤਮੰਦਾਂ ਦੀ ਮਦਦ ਕਰਨ ਦਾ ਕੰਮ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਿਰਵਿਘਨ ਜਾਰੀ ਹੈ।ਸੀਨੀਅਰ ਸਿਟੀਜ਼ਨ ਵੈਲਫੇਅਰ ਫੋਰਮ ਦੇ ਪ੍ਰਧਾਨ ਮਦਨ ਲਾਲ ਬਾਂਸਲ, ਜਨਰਲ ਸੈਕਟਰੀ ਸ਼ਸ਼ੀ ਭੂਸ਼ਨ ਜੈਨ, ਜਵਾਹਰ ਲਾਲ ਵਰਮਾ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਕੁਲਭੂਸ਼ਨ ਗੁਪਤਾ, ਐਮ ਸੀ ਸਤੀਸ਼ ਪੱਪੂ ਆਦਿ ਮਹਿਮਾਨਾ ਨੇ ਸੰਮਤੀ ਵੱਲੋਂ ਆਰੰਭ ਕਾਰਜ ਦੀ ਸ਼ਲਾਘਾ ਕਰਦਿਆਂ ਸੰਮਤੀ ਨੂੰ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ।

## ਸਾਰਾਗੜ੍ਹੀ ਦਿਵਸ ਮੌਕੇ ਕਰਾਇਆ ਜਾਵੇਗਾ ਰਾਜ ਪੱਧਰੀ ਸਮਾਗਮ : ਏ ਡੀ ਸੀ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਫ਼ਿਰੋਜ਼ਪੁਰ ਛਾਉਣੀ ਵਿਖੇ 12 ਸਤੰਬਰ 2025 ਨੂੰ ਸਾਰਾਗੜ੍ਹੀ ਦਿਵਸ ਨੂੰ ਰਾਜ ਪੱਧਰੀ ਸਮਾਗਮ ਵਜੋਂ ਮਨਾਇਆ ਜਾਵੇਗਾ, ਜਿਸ ਦੀਆਂ ਤਿਆਰੀਆਂ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ ਵੱਲੋਂ ਗੁਰਦੁਆਰਾ ਸਾਰਾਗੜ੍ਹੀ ਵਿਖੇ ਫੌਜ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦੇ ਹੋਏ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ। ਸਹਾਇਕ ਕਮਿਸ਼ਨਰ ਅਧੀਨ ਸਿਖਲਾਈ ਸਿਮਰਨਜੀਤ ਸਿੰਘ ਵੀ ਹਾਜ਼ਰ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਰਾਗੜ੍ਹੀ ਦਿਵਸ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਨੂੰ ਸਮਰਪਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਤਹਿਤ 10 ਸਤੰਬਰ ਨੂੰ ਸਵੇਰੇ 11 ਵਜੇ ਅਖੰਡ ਪਾਠ ਆਰੰਭ ਹੋਣਗੇ ਤੇ 12 ਸਤੰਬਰ ਨੂੰ 11.30 ਵਜੇ ਭੋਗ ਪਾਕੇ ਸਮਾਪਤੀ ਕੀਤੀ ਜਾਵੇਗੀ। ਸਮਾਗਮ ਵਾਲੇ ਦਿਨ ਮੁੱਖ ਮਹਿਮਾਨ, ਭਾਰਤੀ ਫ਼ੌਜ ਦੇ ਅਧਿਕਾਰੀਆਂ, ਸਿਵਲ ਤੇ ਪੁਲਸ ਅਧਿਕਾਰੀਆਂ, ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਾਣੀ, ਸਾਫ-ਸਫਾਈ, ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸਫੈਦੀ, ਪੇਂਟ ਤੇ ਮੁਰੰਮਤ, ਪਾਣੀ ਦਾ ਛਿੜਕਾਅ, ਅਸਥਾਈ ਪਖਾਨਿਆਂ ਦਾ ਪ੍ਰਬੰਧ, ਮੈਡੀਕਲ ਸਹੂਲਤਾਂ, ਲੰਗਰ ਦਾ ਪ੍ਰਬੰਧ, ਟ੍ਰੈਫਿਕ ਕੰਟਰੋਲ ਤੇ ਬਿਜਲੀ ਸਪਲਾਈ ਆਦਿ ਪ੍ਰਬੰਧਾਂ ਨੂੰ ਸਮੇਂ ਸਿਰ ਯਕੀਨੀ ਬਣਾਉਣ।

## ਹੜ੍ਹ ਪੀੜਤਾਂ ਲਈ ਮੈਡੀਕਲ ਕੈਂਪ ਲਗਾਏ ਜਾਣਗੇ : ਸੰਨਿਆਸੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੀ ਸਮਾਜ ਸੇਵਾ ਸੋਸਾਇਟੀ, ਜੋ ਪਿਛਲੇ ਕਈ ਸਾਲਾਂ ਤੋਂ ਮਨੁੱਖਤਾ ਦੀ ਬੇਮਿਸਾਲ ਸੇਵਾ ਨਿਭਾਉਂਦੀ ਆ ਰਹੀ ਹੈ, ਹੁਣ ਇੱਕ ਵਾਰ ਫਿਰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ।ਹੜ੍ਹ ਨੇ ਜਿੱਥੇ ਲੋਕਾਂ ਦੇ ਘਰ ਬਰਬਾਦ ਕੀਤੇ ਹਨ, ਉੱਥੇ ਹੀ ਬੀਮਾਰੀਆਂ ਦੇ ਖ਼ਤਰੇ ਵੀ ਵਧ ਰਹੇ ਹਨ।ਇਸੇ ਗੰਭੀਰ ਸਥਿਤੀ ਨੂੰ ਦੇਖਦੇ ਹੋਏ ਸੋਸਾਇਟੀ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੁਫ਼ਤ ਮੈਡੀਕਲ ਕੈਂਪਾਂ ਦੀ ਸ਼ੁਰੂਆਤ ਕਰਨ ਦਾ ਫ਼ੈਸਲਾ ਕੀਤਾ ਹੈ।ਸੋਸਾਇਟੀ ਦੇ ਪ੍ਰਧਾਨ ਗੁਰਸੇਵਕ ਸਿੰਘ ਸਨਿਆਸੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੋਸਾਇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਰੂਰਤਮੰਦ ਲੋਕਾਂ ਨੂੰ ਬੁਨਿਆਦੀ ਇਲਾਜ ਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਜਲਦੀ ਹੀ ਵੱਖ ਵੱਖ ਪਿੰਡਾਂ ਵਿੱਚ ਮੈਡੀਕਲ ਟੀਮਾਂ ਭੇਜੀਆਂ ਜਾਣਗੀਆਂ।ਇਨ੍ਹਾਂ ਕੈਂਪਾਂ ਵਿੱਚ ਮੁਫ਼ਤ ਚੈੱਕਅਪ, ਇਲਾਜ ਤੇ ਦਵਾਈਆਂ ਦਿੱਤੀਆਂ ਜਾਣਗੀਆਂ।ਇਸ ਮੌਕੇ ਗੁਰਸੇਵਕ ਸਿੰਘ ਸਨਿਆਸੀ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੋ ਵੀ ਭਰਾ ਦਵਾਈਆਂ ਜਾਂ ਹੋਰ ਜ਼ਰੂਰੀ ਸਮੱਗਰੀ ਦੇ ਕੇ ਸਹਿਯੋਗ ਦੇਣਾ ਚਾਹੁੰਦੇ ਹਨ, ਉਹ ਅੱਗੇ ਆ ਕੇ ਆਪਣਾ ਯੋਗਦਾਨ ਪਾਉਣ।ਇਨ੍ਹਾਂ ਵੱਲੋਂ ਮਿਲੀ ਹਰ ਦਵਾਈ ਤੇ ਸਹਾਇਤਾ ਪੂਰੇ ਇਮਾਨਦਾਰੀ ਨਾਲ ਸਹੀ ਬੰਦੇ ਤੱਕ ਪਹੁੰਚਾਈ ਜਾਵੇਗੀ।

## ਸ਼ਹੀਦ ਸਪੋਰਟਸ ਕਲੱਬ ਅਜਨੌਦ ਵੱਲੋਂ ਧੀਆਂ ਦੇ ਵਿਆਹ 28 ਨੂੰ



**ਦੋਰਾਹਾ (ਹਰਮਿੰਦਰ ਸੇਠ)**-ਬਾਬੇ ਸ਼ਹੀਦ ਸਪੋਰਟਸ ਕੱਲਬ ਵਲੋਂ ਰਿੱਕੀ ਅਜਨੌਦ ਤੇ ਸੀਤਾ ਸਰਪੰਚ ਦੀ ਅਗਵਾਈ ਹੇਠ 28 ਸਤੰਬਰ ਨੂੰ ਕਰਾਏ ਜਾ ਰਹੇ ਲੋੜਵੰਦ ਧੀਆਂ ਦੇ ਵਿਆਹ ਸਬੰਧੀ ਬਾਬੇ ਸ਼ਹੀਦ ਅਜਨੌਦ ਗੁਰਦੁਆਰਾ ਸਾਹਿਬ ਵਿਖੇ ਲੋੜਵੰਦ ਧੀਆਂ ਦੇ ਪਰਵਾਰਾਂ ਦੀਆਂ ਲੜਕੀਆਂ ਨੂੰ ਸੂਟ ਤੇ ਸ਼ਗਨ ਦਿੱਤੇ ਗਏ। ਸਮਾਜ ਸੇਵੀ ਰਿੱਕੀ ਅਜਨੌਦ ਨੇ ਕਿਹਾ ਕਿ ਬਾਬੇ ਸ਼ਹੀਦ ਸਪੋਰਟਸ ਕਲੱਬ ਵੱਲੋਂ 28 ਸਤੰਬਰ ਨੂੰ 30 ਤੋਂ ਜ਼ਿਆਦਾ ਲੜਕੀਆਂ ਦੇ ਵਿਆਹ ਬੇਟੀ ਦਿਵਸ ਮੌਕੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋੜਵੰਦ ਪਰਵਾਰਾਂ ਦੀਆਂ ਧੀਆਂ ਨੂੰ ਵਿਆਹ ਮੌਕੇ ਘਰੇਲੂ ਵਰਤੋਂ ਵਿੱਚ ਆਉਣ ਵਾਲਾ ਸਾਰਾ ਸਮਾਨ ਦਿੱਤਾ ਜਾਵੇਗਾ। ਗਾਇਕ ਗਿੱਲ ਮਾਣੂਕੇ ਨੇ ਰਿੱਕੀ ਅਜਨੌਦ ਤੇ ਸੀਤਾ ਸਰਪੰਚ ਵੱਲੋਂ ਕੀਤੇ ਜਾ ਰਹੇ ਇਸ ਨੇਕ ਕੰਮ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਵੀ ਜੋ ਕਬੱਡੀ ਕੱਪ ਪਿੰਡ ਅਜਨੌਦ ਵਿਖੇ ਹਰ ਸਾਲ ਕਰਾਇਆ ਜਾਂਦਾ ਹੈ, ਉਹ ਇਸ ਸਾਲ ਅੱਗੇ ਪਾ ਕੇ ਇਕੱਠੇ ਹੋਏ ਪੈਸੇ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤੇ ਜਾ ਰਹੇ ਹਨ। ਉਨ੍ਹਾਂ ਪਿੰਡ ਦੇ ਲੋੜਵੰਦ ਪਰਵਾਰਾਂ ਨੂੰ ਤਰਪਾਲਾਂ ਆਦਿ ਵੀ ਦਿੱਤੀਆਂ। ਇਸ ਮੌਕੇ ਪਿੰਡ ਵਾਸੀਆਂ ਨੇ ਸਰਪੰਚ ਸੀਤੇ ਬਾਰੇ ਬੋਲਦੇ ਕਿਹਾ ਕਿ ਜਿਸ ਤਰ੍ਹਾਂ ਪਿੰਡ ਦੇ ਲੋਕਾਂ ਦੇ ਲੋਕਾਂ ਦੀ ਮਦਦ ਸੀਤਾ ਸਰਪੰਚ ਕਰਦਾ ਸੀ, ਉਸੇ ਤਰ੍ਹਾਂ ਹੁਣ ਰਿੱਕੀ ਅਜਨੌਦ ਕਰ ਰਿਹਾ ਹੈ। ਸਮਾਜ ਸੇਵੀ ਹਨੀ ਸੇਠੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।

## 'ਰਾਖੀ ਕਰੋ ਰੈਲੀ' 'ਚ ਜਾਣ ਦੀ ਤਿਆਰੀ ਲਈ ਵਿਊਂਤਬੰਦੀ

**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਪੱਖੋਵਾਲ ਦੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਨਾਰੰਗਵਾਲ ਦੀ ਪ੍ਰਧਾਨਗੀ ਹੇਠ ਪਿੰਡ ਨਾਰੰਗਵਾਲ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ 'ਚ 14 ਸਤੰਬਰ ਦੀ ਬਰਨਾਲਾ ਵਿਖੇ 'ਰਾਖੀ ਕਰੋ ਰੈਲੀ' 'ਚ ਜਾਣ ਦੀ ਤਿਆਰੀ ਲਈ ਪਿੰਡਾਂ ਚ ਮੀਟਿੰਗਾਂ ਕਰਾਉਣ ਲਈ ਵਿਊਂਤਬੰਦੀ ਬਣਾਈ ਗਈ। ਆਗੂਆਂ ਕਿਹਾ ਕਿ ਸਰਕਾਰਾਂ ਕਾਰਪੋਰੇਟਾਂ ਦੀਆ ਹੱਥਠੋਕਾ ਬਣੀਆਂ ਹੋਈਆਂ ਹਨ। ਇਹ ਲੋਕ ਮਾਰੂ ਨੀਤੀਆਂ ਬਣਾਉਣ ਦੇ ਰਾਹ 'ਤੇ ਤੁਰ ਰਹੀਆਂ ਹਨ। ਇਹ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਨ ਲਈ ਭਾਰਤ ਮਾਲਾ ਪ੍ਰੋਜੈਕਟ, ਲੈਂਡ ਪੂਲਿੰਗ, ਮੰਡੀਆਂ ਖਤਮ ਕਰਨ ਵਰਗੀਆਂ ਨੀਤੀਆਂ ਲਿਆ ਰਹੀਆਂ ਹਨ। ਆਗੂਆਂ ਕਿਹਾ ਕਿ ਆਪਣੇ ਹੱਕਾਂ ਦੀ ਰਾਖੀ ਕਰਨੀ ਹੈ ਤਾਂ ਇੱਕੋ-ਇੱਕ ਰਾਹ ਸੰਘਰਸ਼ਾਂ 'ਤੇ ਟੇਕ ਰੱਖਣੀ ਹੈ ਤੇ ਸ਼ੰਘਰਸ਼ਾ ਦਾ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਮੀਟਿੰਗ ਨੂੰ ਚਰਨਜੀਤ ਸਿੰਘ ਫੱਲੇਵਾਲ, ਸੁਦਾਗਰ ਸਿੰਘ ਘੁਡਾਣੀ, ਰਾਜਿੰਦਰ ਸਿੰਘ ਸਿਆੜ ਖਜ਼ਾਨਚੀ ਤੇ ਨਾਜਰ ਸਿੰਘ ਸਿਆੜ ਨੇ ਸੰਬੋਧਨ ਕੀਤਾ।

# 10.68 ਕਰੋੜ ਨਾਲ ਪੀਣ ਦੇ ਪਾਣੀ ਦੀ ਪਾਈਪ ਪਾਉਣ ਦਾ ਪ੍ਰੋਜੈਕਟ ਸ਼ੁਰੂ

**ਜਲਾਲਾਬਾਦ (ਜੀਤ ਕੁਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸ਼ਹਿਰ ਨੂੰ ਵੱਡੀ ਸੌਗਾਤ ਦਿੱਤੀ ਹੈ। ਸ਼ਹਿਰ ਦੇ ਹਰੇਕ ਘਰ ਤੱਕ ਸਾਫ ਪੀਣ ਦਾ ਪਾਣੀ ਪਹੁੰਚੇ, ਇਸ ਲਈ ਪਾਈਪ ਲਾਈਨ ਪਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਕਰਵਾਈ ਹੈ।



ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਹ ਜਲਾਲਾਬਾਦ ਸ਼ਹਿਰ ਦੀ ਬਹੁਤ ਪੁਰਾਣੀ ਮੰਗ ਸੀ। ਪੁਰਾਣੀ ਪਾਈਪ ਲਾਈਨ ਥਾਂ-ਥਾਂ ਤੋਂ ਟੁੱਟੀ ਹੋਈ ਸੀ, ਜਿਸ ਕਾਰਨ ਇਸ ਵਿਚ ਸੀਵਰੇਜ ਦਾ ਪਾਣੀ ਮਿਲ ਕੇ ਲੋਕਾਂ ਦੇ ਘਰਾਂ ਤੱਕ ਆਉਣ ਦੀਆਂ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਸਨ, ਜਦਕਿ ਬਹੁਤ ਸਾਰੇ ਇਲਾਕੇ ਅਜਿਹੇ ਵੀ ਸਨ, ਜਿੱਥੇ ਪਹਿਲਾਂ ਉੱਕਾ ਹੀ ਪਾਈਪ ਲਾਈਨ ਨਹੀਂ ਸੀ।

ਇਸ ਮੌਕੇ ਉਨ੍ਹਾਂ ਨਾਲ ਹਰੀਸ਼ ਸੇਤੀਆ, ਮਨਜੀਤ ਸਿੰਘ ਦਰਗਨ, ਪ੍ਰਦੀਪ ਚੁੱਘ, ਚਰਨਜੀਤ ਕੰਬੋਜ, ਬੱਬੂ ਡੋਡਾ, ਸੰਜੀਵ ਪਰੂਥੀ, ਐੱਸ.ਡੀ.ਓ ਸੀਵਰੇਜ ਬੋਰਡ ਲੱਖਪਤ ਰਾਏ, ਜੇਈ ਰੱਜਤ ਸਿਡਾਨਾ, ਨਗਰ ਕੌਂਸਲ ਜੇਈ ਸੁਖਪਾਲ ਸਿੰਘ ਵੀ ਹਾਜ਼ਰ ਸਨ।

ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਸ ਪ੍ਰਜੈਕਟ ਅਧੀਨ ਲਗਭਗ 21 ਕਿਲੋਮੀਟਰ ਡੀ.ਆਈ.ਕੇ-7 ਪਾਣੀ ਦੀ ਪਾਈਪ ਪਾਈ ਜਾਣੀ ਹੈ, 2050 ਘਰੇਲੂ ਪਾਣੀ ਦੇ ਕੁਨੈਕਸ਼ਨ ਕਰਾਏ ਜਾਣੇ ਹਨ। ਇਸ ਸਕੀਮ ਅਧੀਨ ਗੋਬਿੰਦ ਨਗਰੀ, ਆਦਰਸ਼ ਨਗਰ, ਲੱਲਾ ਬਸਤੀ, ਫ਼ਾਜ਼ਿਲਕਾ-ਫ਼ਿਰੋਜ਼ਪੁਰ ਰੋਡ, ਜਲਾਲਾਬਾਦ-ਸ੍ਰੀ ਮੁਕਤਸਰ ਸਾਹਿਬ ਰੋਡ, ਜਲਾਲਾਬਾਦ ਬਾਹਮਣੀ ਰੋਡ, ਬਾਹਮਣੀ ਬਜ਼ਾਰ, ਮੇਨ ਬਜ਼ਾਰ ਸਾਹਮਣੇ ਸ਼ਹੀਦ ਊਧਮ ਸਿੰਘ ਪਾਰਕ, ਜੰਮੂ ਬਸਤੀ ਅਤੇ ਤਹਿਸੀਲ ਕੰਪਲੈਕਸ ਦੇ ਨਾਲ ਲੱਗਦੀਆਂ ਗਲੀਆਂ ਆਦਿ ਵੱਖ-ਵੱਖ ਇਲਾਕੇ ਸ਼ਾਮਲ ਹਨ, ਜਿਸ ਨਾਲ ਸਬੰਧਤ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਤੇ ਚੰਗੀ ਸਿਹਤ ਪ੍ਰਦਾਨ ਕਰਨ ਵਿੱਚ ਸਹਾਈ ਹੋਵੇਗਾ।

ਇਸ ਮੌਕੇ ਵਿਧਾਇਕ ਨੇ ਇਹ ਵੀ ਕਿਹਾ ਕਿ ਇਸ ਪ੍ਰੋਜੈਕਟ ਦੌਰਾਨ ਪਾਈਪ ਲਾਇਨ ਪਾਉਣ ਲਈ ਜੋ ਸੜਕਾਂ ਦੀ ਪੁਟਾਈ ਕੀਤੀ ਜਾਵੇਗੀ, ਉਸ ਨੂੰ ਵੀ ਨਾਲੋ-ਨਾਲ ਠੀਕ ਕੀਤਾ ਜਾਵੇਗਾ।

## ਐੱਸ ਬੀ ਐੱਸ ਸਟੇਟ ਯੂਨੀਵਰਸਿਟੀ ਦੇ 10 ਵਿਦਿਆਰਥੀਆਂ ਦੀ ਚੋਣ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**



ਸੁਖਬੀਰ ਐਗਰੋ ਐਨਰਜੀ ਲਿਮ: (ਸੇਲ), ਜੋ ਟਿਕਾਊ ਬੁਨਿਆਦੀ ਢਾਂਚੇ ਦੇ ਹੱਲ ਵਿਕਸਤ ਕਰਨ ਤੇ ਖ਼ਾਸ ਤੌਰ 'ਤੇ ਨਵਿਆਉਣਯੋਗ ਊਰਜਾ ਦੇ ਖੇਤਰ 'ਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ, ਵੱਲੋਂ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦੇ ਬੀ.ਐਸ.ਸੀ. ਖੇਤੀਬਾੜੀ ਵਿਦਿਆਰਥੀਆਂ (2023, 2024 ਤੇ 2025 ਪਾਸ ਆਊਟ) ਲਈ ਪਲੇਸਮੈਂਟ ਡਰਾਈਵ ਕਰਾਈ ਗਈ।ਪਲੇਸਮੈਂਟ ਡਰਾਈਵ ਦੌਰਾਨ ਪ੍ਰੀ-ਪਲੇਸਮੈਂਟ ਗੱਲਬਾਤ, ਲਿਖਤੀ ਪ੍ਰੀਖਿਆ ਤੇ ਇੰਟਰਵਿਊ ਰਾਊਂਡ ਹੋਏ, ਜਿਸ ਤੋਂ ਬਾਅਦ ਕੰਪਨੀ ਨੇ 10 ਵਿਦਿਆਰਥੀਆਂ ਦੀ ਚੋਣ ਕੀਤੀ।ਚੁਣੇ ਗਏ ਵਿਦਿਆਰਥੀਆਂ 'ਚ ਇੰਦਰਜੀਤ ਠਾਕੁਰ, ਵਿਕਰਮਜੀਤ ਸਿੰਘ, ਸੁਜਾਨ ਕੌਰ, ਬੇਅੰਤ ਸਿੰਘ, ਲਵਪ੍ਰੀਤ ਸ਼ਰਮਾ ਤੇ ਹੋਰ ਪੰਜ ਹੋਣਹਾਰ ਵਿਦਿਆਰਥੀ ਸ਼ਾਮਲ ਹਨ।ਇਸ ਮੌਕੇ ਪ੍ਰੋ. (ਡਾ.) ਸੁਸ਼ੀਲ ਮਿੱਤਲ, ਮਾਨਯੋਗ ਵਾਈਸ-ਚਾਂਸਲਰ, ਐਸ.ਬੀ.ਐਸ.ਐਸ.ਯੂ. ਨੇ ਸੀ.ਡੀ.ਸੀ. ਟੀਮ ਅਤੇ ਚੁਣੇ ਗਏ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਕੀਤੀ ਗਈ ਚੋਣ ਪ੍ਰਕਿਰਿਆ ਕਾਫ਼ੀ ਸਖ਼ਤ ਸੀ, ਤੇ ਇਸ ਚੋਣ ਪ੍ਰਕਿਰਿਆ ਨੂੰ ਵਿਦਿਆਰਥੀਆਂ ਨੇ ਬਾਖੂਬੀ ਪਾਸ ਕੀਤਾ, ਜੋ ਵਿਦਿਆਰਥੀਆਂ ਦੀ ਯੋਗਤਾ ਦਾ ਸਬੂਤ ਹੈ।ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਯੂਨੀਵਰਸਿਟੀ ਵੱਲੋਂ ਕਈ ਪ੍ਰਮੁੱਖ ਕੰਪਨੀਆਂ ਨੂੰ ਪਲੇਸਮੈਂਟ ਲਈ ਸੱਦਾ ਦਿੱਤਾ ਗਿਆ ਹੈ ਅਤੇ ਭਵਿੱਖ ਵਿੱਚ ਵੀ ਸਰਹੱਦੀ ਇਲਾਕੇ ਦੇ ਨੌਜਵਾਨਾਂ ਨੂੰ ਵਧੀਆ ਰੁਜ਼ਗਾਰ ਮੌਕੇ ਪ੍ਰਦਾਨ ਕਰਕੇ ਤਕਨੀਕੀ ਤੇ ਉੱਚ ਸਿੱਖਿਆ ਦੇ ਵਿਕਾਸ ਵੱਲ ਯਤਨ ਜਾਰੀ ਰਹਿਣਗੇ।ਯੂਨੀਵਰਸਿਟੀ ਪੀ ਆਰ ਓ ਯਸ਼ਪਾਲ ਨੇ ਦੱਸਿਆ ਕਿ ਪ੍ਰੋ. ਗਜ਼ਲਪ੍ਰੀਤ ਅਰਨੇਜਾ, ਕੈਂਪਸ ਰਜਿਸਟਰਾਰ ਨੇ ਕੈਰੀਅਰ ਐਂਡ ਡਿਵੈਲਪਮੈਂਟ ਸੈੱਲ ਦੇ ਕੋਆਰਡੀਨੇਟਰ ਡਾ. ਤੇਜੀਤ ਸਿੰਘ, ਕੋ-ਕੋਆਰਡੀਨੇਟਰ ਇੰਜੀ. ਇੰਦਰਜੀਤ ਸਿੰਘ ਗਿੱਲ ਤੇ ਇੰਜ. ਰਿਤੇਸ਼ ਉੱਪਲ ਦੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਚੁਣੇ ਗਏ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਦਿਲੋਂ ਵਧਾਈ ਦਿੰਦਿਆਂ ਉਨ੍ਹਾਂ ਦੇ ਚਮਕਦਾਰ ਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ।

## ਪੰਜਾਬ ਸਰਕਾਰ ਦਾ ਮੁਆਵਜ਼ੇ ਦਾ ਐਲਾਨ ਪੀੜਤਾਂ ਨਾਲ ਮਜ਼ਾਕ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬ ਵਿੱਚ ਹੜ੍ਹਾਂ ਦੀ ਮਾਰ ਨਾਲ ਹੋਈ ਤਬਾਹੀ ਦੀ ਭਰਪਾਈ ਲਈ ਰਾਜ ਸਰਕਾਰ ਵੱਲੋਂ ਐਲਾਨ ਕੀਤਾ ਮੁਆਵਜ਼ਾ ਤਾਂ ਰਾਹਤ ਤੋਂ ਵੀ ਥੱਲੇ ਪੀੜਤਾਂ ਨਾਲ ਇੱਕ ਤਰ੍ਹਾਂ ਕੋਝਾ ਮਜ਼ਾਕ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ. ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਸ ਤਬਾਹੀ ਦੀ ਗਿਰਦਾਵਰੀ ਤੇ ਨਿਸ਼ਾਨਦੇਹੀ ਕਰਾ ਕੇ ਸੌ ਫੀਸਦੀ ਮੁਆਵਜ਼ਾ ਦੇਣਾ ਚਾਹੀਦਾ ਹੈ, ਤਾਂ ਜੁ ਪੀੜ੍ਹਤ ਲੋਕ ਮੁੜ ਪੈਰਾਂ 'ਤੇ ਖੜੇ ਹੋ ਸਕਣ। ਕਾ. ਸੇਖੋਂ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਵੀਹ ਹਜ਼ਾਰ ਰੁਪਏ ਪ੍ਰਤੀ ਏਕੜ ਫ਼ਸਲ ਦਾ ਮੁਆਵਜਾ ਦੇਣਾ ਤਾਂ ਬਿਜਾਈ ਦਾ ਮੁੱਲ ਵੀ ਨਹੀਂ ਮੋੜਦਾ। ਕਿਸਾਨਾਂ ਦਾ ਸੱਤਰ ਅੱਸੀ ਹਜ਼ਾਰ ਰੁਪਏ ਪ੍ਰਤੀ ਏਕੜ ਨੁਕਸਾਨ ਹੋ ਚੁੱਕਾ ਹੈ। ਇਸੇ ਤਰ੍ਹਾਂ ਹੜ੍ਹਾਂ ਕਾਰਨ ਮੌਤ ਹੋਣ ਵਾਲੇ ਵਿਅਕਤੀ ਦੇ ਪਰਵਾਰ ਨੂੰ ਚਾਰ ਲੱਖ ਰੁਪਏ ਮੁਆਵਜਾ ਦੇਣ ਦਾ ਐਲਾਨ ਕੀਤਾ ਹੈ। ਜਦੋਂਕਿ ਦੇਸ਼ ਦੇ ਨਾਅਰੇ 'ਜੈ ਜਵਾਨ ਜੈ ਕਿਸਾਨ' ਮੁਤਾਬਿਕ ਫੌਜੀ ਜਵਾਨਾਂ ਨੂੰ ਦਿੱਤੇ ਮੁਆਵਜੇ ਦੀ ਤਰਜ਼ 'ਤੇ ਹੀ ਕਿਸਾਨਾਂ ਨੂੰ ਮੁਆਵਜਾ ਦੇਣਾ ਚਾਹੀਦਾ ਹੈ। ਕਾ: ਸੇਖੋਂ ਨੇ ਕਿਹਾ ਕਿ ਘਰਾਂ ਅਤੇ ਪਸ਼ੂ ਧਨ ਦੇ ਨੁਕਸਾਨ ਦਾ ਮੁਆਵਜਾ ਦੇਣ ਲਈ ਭਗਵੰਤ ਸਰਕਾਰ ਵੱਲੋਂ ਕਿਸੇ ਪੈਮਾਨੇ ਦਾ ਐਲਾਨ ਨਹੀਂ ਕੀਤਾ ਗਿਆ ਤੇ ਮਜਦੂਰਾਂ ਦੇ ਨੁਕਸਾਨ ਬਾਰੇ ਵੀ ਚੁੱਪ ਵੱਟ ਲਈ ਹੈ, ਜਦੋਂਕਿ ਗਰੀਬ ਕਿਰਤੀਆਂ ਮਜਦੂਰਾਂ ਦੇ ਘਰਾਂ ਅਤੇ ਮਾਲ ਡੰਗਰ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਮੰਗ ਕੀਤੀ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਗਿਰਦਾਵਰੀ ਤੇ ਨਿਸ਼ਾਨਦੇਹੀ ਕਰਵਾ ਕੇ ਕਿਸਾਨਾਂ ਤੇ ਮਜਦੂਰਾਂ ਨੂੰ ਸੌ ਫੀਸਦੀ ਮੁਆਵਜ਼ਾ ਦਿੱਤਾ ਜਾਵੇ।

## 'ਆਪ' ਨੇ ਹੜ੍ਹ ਪੀੜਤਾਂ ਦੀ ਮਦਦ ਦੀ ਥਾਂ ਫੋਟੋਆਂ ਹੀ ਖਿਚਵਾਈਆਂ : ਗਿੱਲ ਬੇਰ ਕਲਾਂ

**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹ ਪੀੜਤ ਲੋਕਾਂ ਦੀ ਮਦਦ ਦੀ ਬਜਾਏ ਆਪਣੇ ਹੀ ਵਰਕਰਾਂ ਨਾਲ ਫੋਟੋਆਂ ਕਰਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਵਹਾਏ ਝੂਠੇ ਹੰਝੂ ਤੇ ਕੀਤੀ ਗਈ ਡਰਾਮੇਬਾਜ਼ੀ ਅਤੇ ਆਪਣੇ ਹੀ ਵਰਕਰਾਂ ਨਾਲ ਖਿਚਵਾਈਆਂ ਫੋਟੋਆਂ ਦੀ ਪੋਲ ਸੋਸ਼ਲ ਮੀਡੀਆ ਨੇ ਖੋਲ੍ਹ ਕੇ ਰੱਖ ਦਿੱਤੀ। ਇਸ ਗੱਲ ਕਾਰਨ ਪੰਜਾਬ ਦੇ ਲੋਕ ਵੀ ਆਮ ਆਦਮੀ ਪਾਰਟੀ ਨੂੰ ਡਰਾਮੇਬਾਜ਼ ਤੇ ਚੁਟਕਲੇਬਾਜ਼ ਦੱਸ ਰਹੇ ਹਨ।

ਪ੍ਰਧਾਨ ਗਿੱਲ ਬੇਰਕਲਾਂ ਨੇ ਕਿਹਾ ਕਿ ਪੰਜਾਬ ਕਾਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹੜ ਪੀੜਤ ਪਰਵਾਰਾਂ ਦੀ ਆਰਥਿਕ ਮਦਦ ਲਈ ਰੁਪਏ ਵੰਡੇ, ਜੋ ਸ਼ਲਾਘਾਯੋਗ ਹੈ।

## ਹੜ੍ਹ ਪੀੜਤਾਂ ਲਈ ਹਰ ਸੰਭਵ ਮਦਦ ਕਰ ਰਹੀ ਪੰਜਾਬੀ ਯੂਨੀਵਰਸਿਟੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਵੱਲੋਂ ਹੜ੍ਹ ਪੀੜਤ ਪਰਵਾਰਾਂ ਨਾਲ ਇਕਜੁਟਤਾ ਪ੍ਰਗਟਾਉਂਦਿਆਂ ਵੱਖ-ਵੱਖ ਫਰੰਟਾਂ ਉੱਤੇ ਹਰ ਸੰਭਵ ਮਦਦ ਦੇ ਯਤਨ ਕੀਤੇ ਜਾ ਰਹੇ ਹਨ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਅਦਾਰਿਆਂ ਨੂੰ ਆਪਣੀ ਸਮਾਜਿਕ ਪ੍ਰਤੀਬੱਧਤਾ ਨੂੰ ਧਿਆਨ ਵਿੱਚ ਰੱਖਦਿਆਂ ਆਪੋ ਆਪਣੀ ਸਮਰੱਥਾ ਅਨੁਸਾਰ ਮਦਦ ਦੀਆਂ ਸੰਭਾਵਨਾਵਾਂ ਤਲਾਸ਼ਦਿਆਂ ਨਿੱਠ ਕੇ ਕਾਰਜ ਕਰਨੇ ਚਾਹੀਦੇ ਹਨ।ਉਨ੍ਹਾਂ ਇਸ ਤਸੱਲੀ ਪ੍ਰਗਟਾਈ ਕਿ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗ ਆਪੋ ਆਪਣੀ ਸਮਰੱਥਾ ਅਨੁਸਾਰ ਇਸ ਦਿਸ਼ਾ 'ਚ ਨਿਰੰਤਰ ਕਾਰਜਸ਼ੀਲ ਹਨ।ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਵਲੰਟੀਅਰਾਂ ਦੀ ਅਗਵਾਈ 'ਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਮੀਨੀ ਪੱਧਰ ਉੱਤੇ ਕਾਰਜ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਆਪਣੀ ਮਦਦ ਦੇ ਦਾਇਰੇ ਅਤੇ ਸੰਭਾਵਨਾਵਾਂ ਨੂੰ ਤਲਾਸ਼ਦਿਆਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਅਜਿਹੀ ਭਿਆਨਕ ਸਥਿਤੀ ਤੋਂ ਉਪਜੇ ਸਦਮੇ ਕਾਰਨ ਆਉਣ ਵਾਲ਼ੇ ਦਿਨਾਂ ਦੌਰਾਨ ਮਾਨਸਿਕ ਸਿਹਤ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋਣ ਦੇ ਵੀ ਖਦਸ਼ੇ ਹਨ।ਇਸ ਗੱਲ ਨੂੰ ਧਿਆਨ ਵਿੱਚ ਰਖਦਿਆਂ ਯੂਨੀਵਰਸਿਟੀ ਦਾ ਮਨੋਵਿਗਿਆਨ ਵਿਭਾਗ ਵੀ ਆਪਣੇ ਮਾਹਿਰਾਂ ਦੀ ਟੀਮ ਨਾਲ਼ ਸਰਗਰਮ ਹੈ।ਅਜਿਹੀ ਕਿਸੇ ਸਮੱਸਿਆ ਤੋਂ ਪੀੜਤ ਵਿਅਕਤੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ਼ ਰਾਬਤਾ ਕਾਇਮ ਕਰਕੇ ਉਨ੍ਹਾਂ ਤੋਂ ਇਹ ਸੇਵਾਵਾਂ ਹਾਸਲ ਕਰ ਸਕਦੇ ਹਨ।ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਦੇ ਕ੍ਰਮਚਾਰੀ ਆਪਣੀ ਇੱਕ ਦਿਨ ਦੀ ਤਨਖਾਹ ਵੀ ਹੜ੍ਹ ਪੀੜਤਾਂ ਨੂੰ ਭੇਜੀ ਜਾਣ ਵਾਲ਼ੀ ਰਾਹਤ ਰਾਸ਼ੀ 'ਚ ਦਾਨ ਕਰ ਰਹੇ ਹਨ।

ਐੱਨ.ਐੱਸ.ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਹੜ੍ਹ ਰਾਹਤ ਸਮੱਗਰੀ ਇਕੱਤਰ ਕਰਨ ਹਿਤ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮਕਸਦ ਲਈ ਯੂਨੀਵਰਸਿਟੀ ਕੈਂਪਸ 'ਚ ਗੋਲ ਮਾਰਕੀਟ ਅਤੇ ਸ਼ਹੀਦ ਭਗਤ ਸਿੰਘ ਹੋਸਟਲ ਦੇ ਗੈਸਟ ਰੂਮ ਵਿਖੇ ਐੱਨ.ਐੱਸ.ਐੱਸ. ਹੈਲਪ ਡੈਸਕ ਸਥਾਪਤ ਕਰਕੇ ਰਾਹਤ ਸਮੱਗਰੀ ਇਕੱਠੀ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਐੱਨ.ਐੱਸ.ਐੱਸ. ਦੇ ਵਲੰਟੀਅਰ ਕਿਸੇ ਵੀ ਘਰ 'ਚ ਜਾ ਕੇ ਉੱਥੋਂ ਆਪ ਵੀ ਸਮੱਗਰੀ ਇਕੱਤਰ ਕਰ ਸਕਦੇ ਹਨ।

## ਨਵੇਂ ਪ੍ਰੋਮੋਟ ਲੈਕਚਰਾਰਾਂ ਨੂੰ ਤੁਰੰਤ ਦਿੱਤੇ ਜਾਣ ਸਟੇਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**

ਪਿਛਲੇ ਦੋ ਮਹੀਨਿਆਂ ਦੌਰਾਨ ਪ੍ਰੋਮੋਟ ਹੋਏ 1251 ਲੈਕਚਰਾਰ ਆਪਣੇ ਨਵੇਂ ਸਕੂਲਾਂ 'ਚ ਜਾਣ ਲਈ ਤਰਸ ਰਹੇ ਹਨ, ਪਰ ਸਰਕਾਰ ਨੇ ਅਜੇ ਤੱਕ ਉਨ੍ਹਾਂ ਨੂੰ ਕੋਈ ਸਟੇਸ਼ਨ ਅਲਾਟ ਨਹੀਂ ਕੀਤਾ।ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ.ਟੀ.ਐਫ਼ ਦੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਸਰਕਾਰ ਦੇ ਇਸ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੱਸਿਆ ਕਿ ਵੱਖ-ਵੱਖ ਵਿਸ਼ਿਆਂ ਦੇ ਲਗਭਗ 1251 ਲੈਕਚਰਾਰਾਂ ਨੂੰ ਪ੍ਰੋਮੋਟ ਹੋਏ ਲਗਭਗ ਦੋ ਮਹੀਨੇ ਬੀਤ ਚੁੱਕੇ ਹਨ, ਪਰ ਅਜੇ ਅੱਜ ਉਨ੍ਹਾਂ ਨੂੰ ਸਟੇਸ਼ਨ ਚੋਇਸ ਨਹੀਂ ਕਰਾਈ ਗਈ ਅਤੇ ਦੂਜੇ ਪਾਸੇ ਸਾਇੰਸ, ਕਾਮਰਸ ਵਰਗੇ ਮਹੱਤਵਪੂਰਨ ਵਿਸ਼ਿਆਂ ਦੇ ਲੈਕਚਰਾਰਾਂ ਬਿਨਾਂ ਹਜ਼ਾਰਾਂ ਸੈਕੰਡਰੀ ਸਕੂਲਾਂ ਦੇ ਲੱਖਾਂ ਬੱਚੇ ਸਕੂਲਾਂ ਵਿੱਚ ਖਾਲੀ ਬੈਠ ਕੇ ਘਰੀਂ ਮੁੜ ਜਾਂਦੇ ਹਨ। ਇਨ੍ਹਾਂ ਪ੍ਰੋਮੋਟਡ ਅਧਿਆਪਕਾਂ ਨੂੰ ਡੀ ਏ ਓ ਦਫਤਰਾਂ ਵਿੱਚ ਤਾਂ ਹਾਜ਼ਰ ਕਰਾ ਲਿਆ, ਪਰ ਉਨ੍ਹਾਂ ਦੇ ਸਹੀ ਬਣਦੀ ਥਾਂ ਸੈਕੰਡਰੀ ਸਕੂਲਾਂ ਵਿੱਚ ਨਹੀਂ ਭੇਜਿਆ ਜਾ ਰਿਹਾ, ਜੋ ਸਰਕਾਰ ਦੀ ਲੋਕ ਮਾਰੂ ਨੀਤੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਅਧਿਆਪਕਾਂ ਨੂੰ ਸਮੇਂ ਸਿਰ ਸਟੇਸ਼ਨ ਦੇ ਕੇ ਸੈਕੰਡਰੀ ਸਕੂਲਾਂ ਵਿੱਚ ਭੇਜਿਆ ਜਾਂਦਾ ਤਾਂ ਇਨ੍ਹਾਂ ਅਧਿਆਪਕਾਂ ਦੀਆਂ ਖਾਲੀ ਹੋਈਆਂ ਪੋਸਟਾਂ ਉੱਪਰ ਹੋਰ ਲੋੜਵੰਦ ਅਧਿਆਪਕਾਂ ਨੂੰ ਬਦਲੀ ਕਰਾਉਣ ਦਾ ਮੌਕਾ ਮਿਲ ਸਕਦਾ ਸੀ। ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਨਵੇਂ ਪ੍ਰੋਮੋਟ ਲੈਕਚਰਾਰਾਂ ਨੂੰ ਤੁਰੰਤ ਸਟੇਸ਼ਨ ਦੇਣ, 2024 ਵਿੱਚ ਪ੍ਰੋਮੋਟ ਕਰਕੇ ਦੂਰ ਦੁਰਾਡੇ ਭੇਜੇ ਲੈਕਚਰਾਰਾਂ ਤੇ ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦੇਣਾ, ਆਪਸੀ ਬਦਲੀਆਂ ਤੇ ਸਾਰੀਆਂ ਬਦਲੀਆਂ ਦਾ ਇੱਕ ਹੋਰ ਮੌਕਾ ਤੁਰੰਤ ਦੇਣ, ਬਦਲੀਆਂ ਵਿੱਚ ਹੋਈਆਂ ਬੇਨਿਯਮੀਆਂ ਦਾ ਇਨਸਾਫ਼ ਦੇਣ, ਪ੍ਰਾਇਮਰੀ ਤੇ ਸੀ ਐਂਡ ਵੀ ਤੋਂ ਮਾਸਟਰ ਕਾਡਰ ਪ੍ਰੋਮੋਸ਼ਨ, ਮਾਸਟਰ ਕਾਡਰ ਤੋਂ ਲੈਕਚਰਾਰ ਪ੍ਰੋਮੋਸ਼ਨ ਅਤੇ ਪ੍ਰਿੰਸੀਪਲਾਂ ਦੀਆਂ ਪ੍ਰੋਮੋਸ਼ਨਾਂ ਆਦਿ ਦੇ ਮਸਲਿਆਂ ਨੂੰ ਲੈ ਕੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦਾ ਇੱਕ ਮਾਸ ਡੈਪੂਟੇਸ਼ਨ 9 ਸਤੰਬਰ ਨੂੰ ਡੀ ਜੀ.ਐੱਸ.ਈ ਸੈਕੰਡਰੀ ਤੇ ਪ੍ਰਾਇਮਰੀ ਨੂੰ ਮਿਲੇਗਾ।

**■ ਡੀ ਜੀ ਐੱਸ ਈ ਨੂੰ ਮਾਸ ਡੈਪੂਟੇਸ਼ਨ ਮਿਲੇਗਾ ਅੱਜ : ਡੀ ਟੀ ਐੱਫ**

## ਪ੍ਰਧਾਨ ਮੰਤਰੀ ਪੰਜਾਬ ਲਈ ਵਿਸ਼ੇਸ਼ ਪੈਕੇਜ ਜਾਰੀ ਕਰਨ : ਕਾਕਾ ਬਰਾੜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪਿਛਲੇ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨੂੰ ਕੇਂਦਰ ਸਰਕਾਰ ਵੱਲੋਂ ਰਾਹਤ ਪੈਕੇਜ ਦੇਣ ਦੀ ਤਾਂ ਗੱਲ ਦੂਰ, ਦੇਸ ਦੇ ਪ੍ਰਧਾਨਮੰਤਰੀ ਮੂੰਹੋਂ ਇੱਕ ਸ਼ਬਦ ਨਾ ਨਿਕਲਣ ਨਾਲ ਪੰਜਾਬ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ। ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਇੱਕ ਪਾਸੇ ਪੰਜਾਬ ਸੂਬਾ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਤੇ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਸੂਬਾ ਵੀ ਭਾਰਤ ਦੇਸ਼ ਦਾ ਅੰਗ ਹੈ ਪਰ ਪ੍ਰਧਾਨਮੰਤਰੀ ਨਰਿੰਦਰ ਮੋਦੀ ਵੱਲੋਂ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਸੰਕਟ ਦੀ ਘੜੀ ਵਿੱਚ ਪੰਜਾਬ ਨੂੰ ਅਣਦੇਖਿਆ ਕੀਤਾ ਗਿਆ ਹੈ, ਜਿਸ ਕਾਰਨ ਸੂਬੇ ਭਰ ਵਿੱਚ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਦੀ ਤਰ੍ਹਾਂ ਸਿਰਫ਼ ਖਾਨਾਪੂਰਤੀ ਨਾ ਕੀਤੀ ਜਾਵੇ, ਬਲਕਿ ਪੰਜਾਬ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।



## ਵਿਜੇ ਕੁਮਾਰ ਗੋਇਲ ਨੇ ਦਿੱਤਾ ਅਸਤੀਫ਼ਾ

**ਲੌਂਗੋਵਾਲ (ਪ੍ਰਦੀਪ ਸੱਪਲ)**-ਗਾਹੂ ਪੱਤੀ ਵਿਖੇ ਸਥਿਤ ਕਸਬੇ ਦੇ ਪ੍ਰਮੁੱਖ ਸ਼ਮਸ਼ਾਨਘਾਟ ਤੇ ਸ਼ਾਂਤੀ ਹਾਲ ਦੇ ਸੰਚਾਲਨ ਲਈ ਬਣੀ ਸੰਸਥਾ ਰਾਮ ਬਾਗ ਸੁਧਾਰ ਕਮੇਟੀ ਐਂਡ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਵਿਜੇ ਕੁਮਾਰ ਗੋਇਲ ਨੇ ਅਸਤੀਫ਼ਾ ਦੇ ਦਿੱਤਾ ਹੈ।ਗੋਇਲ ਨੇ ਇਹ ਅਸਤੀਫ਼ਾ ਪਿੱਪਲ ਵਾਲੇ ਚੌਂਕ ਵਿੱਚ ਹੋਏ ਲੋਕਾਂ ਦੇ ਇਕੱਠ ਦੌਰਾਨ ਦਿੱਤਾ।ਉਨ੍ਹਾਂ ਕਿਹਾ ਕਿ ਪਿਛਲੇ 10 ਸਾਲ ਦੌਰਾਨ ਲੋਕਾਂ ਵੱਲੋਂ ਮਿਲੇ ਸਹਿਯੋਗ ਅਨੁਸਾਰ ਉਨ੍ਹਾਂ ਇਸ ਸੰਸਥਾ ਦਾ ਸੰਚਾਲਨ ਕੀਤਾ, ਜਿਸ ਦੌਰਾਨ ਸ਼ਾਂਤੀ ਹਾਲ ਅਤੇ ਲੰਗਰ ਹਾਲ ਦੀ ਛੱਤ ਤੇ ਫ਼ਰਸ਼, ਪਿਛਲੇ ਹਿੱਸੇ ਦੀ ਚਾਰਦੀਵਾਰੀ, ਇੰਟਰਲਾਕ ਟਾਇਲਾਂ ਦੇ ਫ਼ਰਸ਼, ਰਾਮ ਬਾਗ 'ਚ 200 ਦੇ ਕਰੀਬ ਬੂਟੇ ਲਾ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਤੇ ਸਾਧਨਾਂ ਮੁਤਾਬਕ ਰਾਮ ਬਾਗ 'ਚ ਹਰ ਤਰ੍ਹਾਂ ਦੇ ਯੋਗ ਪ੍ਰਬੰਧ ਕੀਤੇ।ਉਨ੍ਹਾਂ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਵੀ ਧੰਨਵਾਦ ਕੀਤਾ।ਜ਼ਿਕਰਯੋਗ ਹੈ ਕਿ ਇਸ ਸੰਸਥਾ ਦੇ ਪਹਿਲੇ ਪ੍ਰਧਾਨ ਕਾਮਰੇਡ ਦਰਸ਼ਨ ਕੁਮਾਰ ਲੰਬੂ ਦੇ ਦੇਹਾਂਤ ਤੋਂ ਬਾਅਦ ਇਹ ਜ਼ਿੰਮੇਵਾਰੀ ਵਿਜੇ ਕੁਮਾਰ ਨੂੰ ਸੌਂਪੀ ਗਈ ਸੀ।



## ਹੜ੍ਹ ਤੋਂ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰ ਰਹੀ ਪੰਜਾਬ ਸਰਕਾਰ : ਜੌੜਾਮਾਜਰਾ




**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਘੱਗਰ ਦੇ ਪਾਣੀ 'ਚ ਘਿਰੇ ਪਿੰਡਾਂ ਹਰੀਪੁਰ, ਹਾਸ਼ਮਪੁਰ ਮਾਂਗਟਾਂ ਤੇ ਸਸੀ ਬ੍ਰਾਹਮਣਾ ਵਿਖੇ ਪਿੰਡ ਦੇ ਵਸਨੀਕਾਂ ਨੂੰ ਰਾਸ਼ਨ ਕਿੱਟਾਂ ਤੇ ਪਸ਼ੂਆਂ ਲਈ ਚਾਰਾ ਤੇ ਸਾਈਲੇਜ ਤਕਸੀਮ ਕੀਤਾ।ਉਨ੍ਹਾਂ ਜਿੱਥੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ, ਉੱਥੇ ਮਾਲ-ਡੰਗਰ ਤੇ ਫ਼ਸਲਵਾੜੀ ਬਾਬਤ ਵੀ ਹਾਲ-ਚਾਲ ਜਾਣਿਆ।

ਜੌੜਾਮਾਜਰਾ ਨੇ ਲੋਕਾਂ ਦਾ ਦੁੱਖ ਵੰਡਾਉਂਦਿਆਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰੇਗੀ।

ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਇੱਕ-ਇੱਕ ਪੈਸਾ ਮੁਆਵਜ਼ੇ ਵਜੋਂ ਦਿੱਤਾ ਜਾਵੇਗਾ।ਇਸ ਤੋਂ ਬਿਨਾਂ ਮੁੱਖ ਮੰਤਰੀ ਨੇ ਜ਼ਿਲ੍ਹੇ 'ਚ ਭਾਰੀ ਮੀਂਹ ਸਮੇਤ ਘੱਗਰ ਤੇ ਹੋਰ ਦਰਿਆਵਾਂ ਦੇ ਪਾਣੀ ਕਰਕੇ ਹੜ੍ਹਾਂ ਨਾਲ ਹੋਏ ਫ਼ਸਲਾਂ, ਘਰਾਂ ਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਹੋਏ ਹਨ ਅਤੇ ਕੈਬਨਿਟ ਮੀਟਿੰਗ ਕਰਕੇ 'ਜਿਸਦਾ ਖੇਤ, ਉਸਦੀ ਰੇਤ' ਨੀਤੀ ਸਮੇਤ ਹੋਰ ਵੱਡੀ ਪੱਧਰ 'ਤੇ ਮੁਆਵਜ਼ਾ ਦੇਣ ਦਾ ਵੀ ਐਲਾਨ ਕਰ ਦਿੱਤਾ ਹੈ।ਜੌੜਾਮਾਜਰਾ ਨੇ ਕਿਹਾ ਕਿ ਨਦੀਆਂ 'ਚ ਆਏ ਪਾਣੀ ਨੇ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਅੰਦਰ ਵੀ ਘਰਾਂ ਸਮੇਤ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ 'ਤੇ ਪਹਿਰਾ ਦਿੰਦਿਆਂ ਹੜ੍ਹ ਪੀੜਤਾਂ ਦੀਆਂ ਤਕਲੀਫ਼ਾਂ ਨੂੰ ਘਟਾ ਕੇ ਫ਼ੌਰੀ ਰਾਹਤ ਦੇਣ ਲਈ ਉਨ੍ਹਾਂ ਸਮੇਤ ਸਾਰੇ ਮੰਤਰੀ, ਵਿਧਾਇਕ, ਅਧਿਕਾਰੀ ਤੇ ਕ੍ਰਮਚਾਰੀ ਦਿਨ-ਰਾਤ ਇੱਕ ਕਰਕੇ ਹੜ੍ਹ ਪੀੜਤਾਂ ਦੀ ਸਾਰ ਲੈ ਰਹੇ ਹਨ।

## ਬਹੋਨਾ ਦਾ ਸਾਬਕਾ ਸਰਪੰਚ ਪੈਟਰੋਲ ਲੈ ਕੇ ਟੈਂਕੀ 'ਤੇ ਚੜ੍ਹਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡਾਂ ਦੇ ਸਰਪੰਚਾਂ ਵੱਲੋਂ ਵੱਖ-ਵੱਖ ਸਕੀਮਾਂ ਦੇ ਤਹਿਤ ਪਿੰਡਾਂ ਦੇ ਕੰਮ ਕਰਾਏ ਜਾ ਰਹੇ ਹਨ, ਪਰ ਤਿੰਨ ਸਾਲ ਬੀਤਣ ਦੇ ਬਾਵਜੂਦ ਮੋਗਾ ਜ਼ਿਲ੍ਹੇ ਦੇ ਪਿੰਡ ਬਹੋਨਾ ਦੇ ਸਾਬਕਾ ਸਰਪੰਚ ਨੂੰ ਅਜੇ ਤੱਕ ਪਿੰਡ ਦੇ ਕਰਵਾਏ ਕੰਮ ਦੀ ਗਰਾਂਟ ਨਾ ਮਿਲਣ 'ਤੇ ਰੋਸ ਵਜੋਂ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ 'ਤੇ ਚੜ੍ਹਨ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪੁਲਸ ਤੇ ਪ੍ਰਸ਼ਾਸਨ ਅਧਿਕਾਰੀ ਵੀ ਪਹੁੰਚੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਰਾਜ ਸਿੰਘ ਦੀ ਧਰਮਪਤਨੀ ਚਰਨਜੀਤ ਕੌਰ ਨੇ ਦੱਸਿਆ ਕਿ ਸੰਨ 2022 ਵਿੱਚ ਉਸ ਦੇ ਪਤੀ ਪਿੰਡ ਦੇ ਸਰਪੰਚ ਸਨ ਤੇ ਉਨ੍ਹਾਂ ਪਿੰਡ ਵਿੱਚ ਕੰਮ ਕਰਵਾਏ ਸਨ, ਜਿਸ ਦੀ ਲਾਗਤ ਤਿੰਨ ਲੱਖ ਰੁਪਏ ਆਈ ਸੀ, ਪਰ ਅਜੇ ਤੱਕ ਉਨ੍ਹਾਂ ਨੂੰ ਉਸ ਗਰਾਂਟ ਦੇ ਪੈਸੇ ਤੱਕ ਨਹੀਂ ਮਿਲੇ, ਜਿਸ ਦੇ ਚਲਦੇ ਬਲਰਾਜ ਸਿੰਘ ਪਿਛਲੇ ਕੁਝ ਸਮੇਂ ਤੋਂ ਪ੍ਰੇਸ਼ਾਨ ਸੀ, ਜਿਸ ਦੇ ਚਲਦਿਆਂ ਉਸ ਵੱਲੋਂ ਇਹ ਕਦਮ ਚੁੱਕਿਆ ਗਿਆ। ਇਸ ਮੌਕੇ ਪੁਲਸ ਅਧਿਕਾਰੀ ਗੁਰਮੇਲ ਸਿੰਘ ਨੇ ਕਿਹਾ ਕਿ ਸਾਨੂੰ ਸੂਚਨਾ ਮਿਲੀ ਸੀ ਕਿ ਪਿੰਡ ਦੇ ਸਾਬਕਾ ਸਰਪੰਚ ਦਾ ਪਤੀ ਬਲਰਾਜ ਸਿੰਘ ਗ੍ਰਾਂਟ ਨਾ ਮਿਲਣ ਕਰਕੇ ਟੈਂਕੀ ਉੱਤੇ ਚੜ੍ਹ ਗਿਆ ਤੇ ਮੌਕੇ 'ਤੇ ਬੀ.ਡੀ.ਪੀ.ਓ. ਪਹੁੰਚੇ ਤੇ ਉਨ੍ਹਾਂ ਭਰੋਸਾ ਦਿਵਾਇਆ ਕਿ ਅੱਜ ਇਨ੍ਹਾਂ ਦੀ ਪੇਮੈਂਟ ਇਨ੍ਹਾਂ ਦੇ ਖਾਤੇ ਵਿੱਚ ਪਹੁੰਚ ਜਾਵੇਗੀ।ਸਾਡੀ ਗੱਲ ਮੰਨਦਾ ਹੋਇਆ ਬਲਰਾਜ ਸਿੰਘ ਟੈਂਕੀ ਤੋਂ ਥੱਲੇ ਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬੀ.ਡੀ.ਪੀ.ਓ. ਹਰੀ ਸਿੰਘ ਨੇ ਕਿਹਾ ਕਿ ਅਸੀਂ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਜੋ ਪੇਮੈਂਟ ਹੈ, ਅੱਜ ਨਰੇਗਾ ਦੇ ਅਕਾਊਂਟ ਵਿੱਚੋਂ ਉਨ੍ਹਾਂ ਦੇ ਅਕਾਊਂਟ ਵਿੱਚ ਟ੍ਰਾਂਸਫਰ ਹੋ ਜਾਵੇਗੀ ਤੇ ਉਹ ਟੈਂਕੀ ਤੋਂ ਥੱਲੇ ਆ ਗਏ ਹਨ।

## ਤੋਲਾਵਾਲ ਦਾ ਚੌਕੀਦਾਰ ਪਰਵਾਰ ਸਮੇਤ ਧਰਮਸ਼ਾਲਾ 'ਚ ਰਹਿਣ ਲਈ ਮਜਬੂਰ



**ਚੀਮਾ ਮੰਡੀ, (ਰਵਿੰਦਰ ਚੀਮਾ)**-ਪਿੰਡ ਤੋਲਾਵਾਲ ਵਿਖੇ ਬਾਰਿਸ਼ ਕਾਰਨ ਗਰੀਬ ਦਲਿਤਾਂ ਦੇ ਘਰਾਂ ਵਿੱਚ ਵੱਡੀਆਂ ਤਰੇੜਾਂ ਆਉਣ ਕਾਰਨ ਘਰ ਡਿੱਗ ਜਾਣ ਦੇ ਡਰੋਂ ਇਨ੍ਹਾਂ ਘਰਾਂ ਦੇ ਪਰਵਾਰ ਪਿੰਡ ਦੀਆਂ ਧਰਮਸ਼ਾਲਾ ਵਿੱਚ ਰਹਿਣ ਲਈ ਮਜਬੂਰ ਹੋ ਰਹੇ ਹਨ।ਪਿੰਡ ਦੇ ਚੌਕੀਦਾਰ ਲਾਲ ਸਿੰਘ ਦੇ ਘਰ 'ਚ ਵੱਡੀਆਂ ਤਰੇੜਾਂ ਆ ਚੁੱਕੀਆਂ ਹਨ ਤੇ ਘਰ ਡਿੱਗ ਜਾਣ ਦੇ ਡਰੋਂ ਉਹ ਆਪਣੇ ਪਰਵਾਰ ਸਮੇਤ ਪਿੰਡ ਦੀ ਧਰਮਸ਼ਾਲਾ ਵਿੱਚ ਆਪਣਾ ਰਹਿਣ ਬਸੇਰਾ ਕਰਨ ਲਈ ਮਜਬੂਰ ਹੋ ਗਿਆ ਹੈ।ਉਸ ਨੇ ਦੱਸਿਆ ਕਿ ਬਾਰਿਸ਼ ਕਾਰਨ ਉਸਦੇ ਘਰ ਦੀਆਂ ਕੰਧਾਂ ਵਿੱਚ ਵੱਡੀਆਂ ਤਰੇੜਾਂ ਪੈ ਗਈਆਂ ਹਨ ਤੇ ਕਿਸੇ ਵੀ ਵੇਲ਼ੇ ਉਸ ਦੇ ਘਰ ਦੀਆਂ ਛੱਤਾਂ ਡਿੱਗ ਸਕਦੀਆਂ ਹਨ ਤੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਦੇ ਡਰੋਂ ਉਹ ਆਪਣਾ ਛੱਡ ਕੇ ਪਿੰਡ ਧਰਮਸ਼ਾਲਾ 'ਚ ਸਮਾਂ ਗੁਜ਼ਾਰ ਰਿਹਾ ਹੈ।ਉਸ ਨੇ ਦੱਸਿਆ ਕਿ ਉਸ ਦੇ ਘਰ ਦੀ ਹਾਲਤ ਚੀਮਾ ਪੁਲਸ ਵੱਲੋਂ ਵੀ ਵੇਖੀ ਗਈ ਹੈ ਤੇ ਉਸ ਨੂੰ ਘਰ ਵਿੱਚ ਨਾ ਰਹਿਣ ਦੀ ਸਲਾਹ ਦਿੱਤੀ ਗਈ ਹੈ। ਸਿਵਲ ਪ੍ਰਸ਼ਾਸਨ ਦੇ ਕਿਸੇ ਵੀ ਅਧਿਕਾਰੀ ਵੱਲੋਂ ਉਸ ਦੀ ਕੋਈ ਸਾਰ ਨਹੀਂ ਲਈ ਗਈ।ਇਸ ਤੋਂ ਇਲਾਵਾ ਇਸ ਦਲਿਤ ਮੁਹੱਲੇ ਵਿੱਚ ਹੋਰ ਵੀ ਕਈ ਘਰਾਂ ਨੂੰ ਤਰੇੜਾਂ ਆ ਚੁੱਕੀਆਂ ਹਨ ਤੇ ਇਨ੍ਹਾਂ ਘਰਾਂ ਦੇ ਵਸਨੀਕ ਖੌਫ਼ ਵਿੱਚ ਹਨ।

## ਘੱਗਰ ਦਾ ਪਾੜ ਪੂਰ ਕੇ ਆਵਾਜਾਈ ਮੁੜ ਸ਼ੁਰੂ ਕਰਾਂਗੇ : ਢਿੱਲੋਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਨੌਰ ਵਿੱਚ ਪੈਂਦੇ ਪਿੰਡ ਸਿਰਕਪੜਾ ਵਿਖੇ ਘੱਗਰ ਦਰਿਆ 'ਚ ਪਏ ਪਾੜ ਨੂੰ ਹੜ੍ਹ ਦਾ ਪਾਣੀ ਘਟਣ ਤੋਂ ਬਾਅਦ ਪਾੜ ਨੂੰ ਪੂਰ ਕੇ ਘੱਗਰ ਦੇ ਲੱਗੇ ਪੁਲ ਨੂੰ ਮੁੜ ਤੋਂ ਆਵਾਜਾਈ ਲਈ ਖੋਲ੍ਹਣ ਦੇ ਪੂਰੇ ਯਤਨ ਕੀਤੇ ਜਾਣਗੇ। ਪਟਿਆਲਾ ਲੋਕ ਸਭਾ ਹਲਕਾ ਦੇ ਇੰਚਾਰਜ ਤੇ ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਨੇ ਆਪਣੀ ਟੀਮ ਨਾਲ ਘੱਗਰ 'ਚ ਪਏ ਪਾੜ ਦਾ ਜਾਇਜ਼ਾ ਲੈਣ ਸਮੇਂ ਪ੍ਰਗਟਾਵਾ ਕੀਤਾ। ਪਿੰਡ ਵਾਸੀਆਂ ਨੂੰ ਬਲਜਿੰਦਰ ਢਿੱਲੋਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪੁਲ਼ ਦੇ ਇਸ ਮੁੱਦੇ ਨੂੰ ਜ਼ਿਲ੍ਹਾ ਪ੍ਰਸ਼ਾਸਨ, ਸਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿੱਚ ਲਿਆ ਕੇ ਇਸ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਕਰਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਵਰਨਣਯੋਗ ਹੈ ਕਿ ਪੁਲ਼ ਵਿੱਚ ਪਏ ਪਾੜ ਕਾਰਨ ਘੱਗਰ ਦਰਿਆ ਦੇ ਲਾਗੇ ਪੁਲ਼ ਨੂੰ ਵੱਡਾ ਖਤਰਾ ਪੈਦਾ ਹੋ ਗਿਆ ਹੈ। ਇਸ ਪੁਲ ਨੂੰ ਭਾਰੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ, ਜਿਸ ਕਰਕੇ 2 ਦਰਜਨ ਦੇ ਕਰੀਬ ਪਿੰਡਾਂ ਦਾ ਸੰਪਰਕ ਪਟਿਆਲਾ ਤੇ ਸਨੌਰ ਨਾਲ ਟੁੱਟ ਗਿਆ ਹੈ। ਚੇਅਰਮੈਨ ਢਿੱਲੋਂ ਵੱਲੋਂ ਸੰਬੰਧਤ ਵਿਭਾਗਾਂ ਦੇ ਉਚ ਅਧਿਕਾਰੀਆਂ ਨਾਲ ਰਾਬਤਾ ਕੀਤਾ ਗਿਆ ਹੈ।

## ਝਾੜ ਸਾਹਿਬ ਕਾਲਜ ਦੀਆਂ ਤਿੰਨ ਅਧਿਆਪਕਾਵਾਂ ਦਿੱਲੀ 'ਚ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਪ੍ਰਿੰਸੀਪਲ ਡਾ ਰਾਜਿੰਦਰ ਕੌਰ ਦੀ ਅਗਵਾਈ ਵਿਚ ਲੜਕੀਆਂ ਲਈ ਇਲਾਕੇ ਦੀ ਇੱਕੋ ਇੱਕ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਨੇ ਲਗਾਤਾਰ ਆਪਣੀ ਵਿਲੱਖਣ ਪਛਾਣ ਕਾਇਮ ਕਰਦਿਆਂ ਇੱਕ ਹੋਰ ਵੱਡਾ ਮਾਅਰਕਾ ਉਸ ਵੇਲੇ ਮਾਰਿਆ, ਜਦੋਂ ਅਧਿਆਪਕ ਦਿਵਸ ਮੌਕੇ ਕਾਲਜ ਦੀਆਂ ਤਿੰਨ ਅਧਿਆਪਕਾਵਾਂ ਨੂੰ ਦਿੱਲੀ ਵਿਖੇ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਡਾ ਰਾਜਿੰਦਰ ਕੌਰ ਨੇ ਦੱਸਿਆ ਕਿ ਟੀਚਿੰਗ ਸਟਾਫ ਨੂੰ ਮਹਾਨ ਸਿੱਖਿਆ ਸ਼ਾਸਤਰੀ ਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਨਾਂਅ 'ਤੇ ਅਧਿਆਪਕ ਦਿਵਸ ਦੇ ਮੌਕੇ ਨੈਸ਼ਨਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਕਾਲਜ ਪ੍ਰਿੰਸੀਪਲ ਨੇ ਆਪਣੇ ਸਟਾਫ ਮੈਂਬਰਾਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਦੱਸਿਆ ਕਿ ਡਾ. ਮਹੀਪਿੰਦਰ ਕੌਰ ਮੁਖੀ ਪੰਜਾਬੀ ਵਿਭਾਗ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਖੇਤਰ ਨਾਲ ਸਬੰਧਤ 'ਇੰਸਪੀਰੇਸ਼ਨਲ ਮੈਂਟਰ ਇਨ ਲੈਂਗੂਏਜ਼ ਐਂਡ ਲਿਟਰੇਚਰ ਐਵਾਰਡ', ਡਾ. ਅਮਨਪ੍ਰੀਤ ਕੌਰ ਕੰਗ ਮੁਖੀ ਮਿਊਜ਼ਿਕ ਵੋਕਲ ਵਿਭਾਗ ਨੂੰ 'ਐਗਜੈਂਪਲਰੀ ਪ੍ਰੋਫੈਸਰ ਐਂਡ ਮੈਂਟਰ' ਐਵਾਰਡ ਨਾਲ ਅਤੇ ਜਸਵੀਰ ਕੌਰ ਅਸਿਸਟੈਂਟ ਪ੍ਰੋ. ਪੰਜਾਬੀ ਨੂੰ ਸੱਭਿਆਚਾਰਕ ਸੰਭਾਲ ਖੇਤਰ ਨਾਲ ਸਬੰਧਤ 'ਕਲਚਰ ਪ੍ਰਜ਼ਰਵੇਸ਼ਨ ਐਂਡ ਪ੍ਰਮੋਸ਼ਨ' ਐਵਾਰਡ ਨਾਲ ਨਵੀਂ ਦਿੱਲੀ ਵਿਖੇ ਆਈ.ਏ. ਆਰ.ਡੀ.ਓ ਤੇ ਆਈ.ਐਸ.ਆਰ.ਐਚ.ਈ ਵੱਲੋਂ ਆਯੋਜਿਤ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਯਾਦਗਾਰੀ ਪੁਰਸਕਾਰ ਸਮਾਰੋਹ ਵਿੱਚ ਮੋਹਨ ਸਿੰਘ ਬਿਸ਼ਤ ਡਿਪਟੀ ਸਪੀਕਰ ਵਿਧਾਨ ਸਭਾ ਤੇ ਰਮੇਸ਼ ਚੰਦਰ ਰਤਨ, ਮਨਿਸਟਰੀ ਆਫ ਰੇਲਵੇ ਵਲੋਂ ਸਨਮਾਨਤ ਕੀਤਾ।ਡਾ ਰਣਜੀਤ ਕੌਰ ਮੁਖੀ ਹੋਮ ਸਾਇੰਸ ਵਿਭਾਗ ਨੇ ਉਥਾਨ ਫਾਊਂਡੇਸ਼ਨ ਦਿੱਲੀ ਦੁਆਰਾ 'ਇਨੋਵੇਟਿਵ ਸਕਿੱਲ ਮੈਂਟੋਰ' ਐਵਾਰਡ ਪ੍ਰਾਪਤ ਕੀਤਾ।

## ਸ਼ੂਗਰ ਚੈੱਕਅੱਪ ਕੈਂਪ ਲਾਇਆ



**ਧਰਮਕੋਟ (ਗੁਰਦੀਪ ਸਿੰਘ)**-ਬਲੱਡ ਡੋਨਰਜ ਕਲੱਬ ਐਂਡ ਵੈਲਫੇਅਰ ਸੁਸਾਇਟੀ ਤੇ ਨਿਰੰਜਨ ਦਾਸ ਗਰੋਵਰ ਮੈਮੋਰੀਅਲ ਵੈਲਫੇਅਰ ਸੋਸਾਇਟੀ ਵੱਲੋਂ ਮਹੀਨਾਵਾਰ ਸ਼ੂਗਰ ਚੈੱਕਅਪ ਕੈਂਪ ਲਾਇਆ ਗਿਆ। ਇਹ ਕੈਂਪ ਗੁਰਦੁਆਰਾ ਬਾਬਾ ਜੀਵਨ ਸਿੰਘ ਰਜਿੰਦਰਾ ਰੋਡ ਵਿਖੇ ਲਾਇਆ ਗਿਆ। ਕੈਂਪ ਵਿੱਚ ਡਾ ਸੁਰਿੰਦਰਪਾਲ ਜੁਨੇਜਾ ਵੱਲੋਂ ਸ਼ੂਗਰ ਦੇ ਮਰੀਜ਼ਾਂ ਨੂੰ ਦਵਾਈਆਂ ਵੀ ਫ੍ਰੀ ਦਿੱਤੀਆਂ ਗਈਆਂ ਤੇ ਬਾਬਾ ਮੰਗਾ ਜੀ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਅੱਖਾਂ ਦੀ ਦਵਾਈ ਫ੍ਰੀ ਦਿੱਤੀ ਗਈ। ਜੁਨੇਜਾ ਕਲਿਨਿਕ ਵੱਲੋਂ ਮੁਫ਼ਤ ਸ਼ੂਗਰ ਚੈੱਕ ਕੀਤਾ ਗਿਆ। ਕੈਂਪ ਦੀ ਸੇਵਾ ਬਲੱਡ ਡੋਨਰਜ ਕਲੱਬ ਤੇ ਨਿਰੰਜਨ ਦਾਸ ਗਰੋਵਰ ਮੈਮੋਰੀਅਲ ਵੈਲਫੇਅਰ ਸੁਸਾਇਟੀ ਦੇ ਸੀਨੀਅਰ ਮੈਂਬਰ ਤੇ ਸਮਪ੍ਰਸਤ ਸ੍ਰੀ ਮੰਗਤ ਰਾਏ ਗੋਇਲ ਵੱਲੋਂ ਕੀਤੀ ਗਈ ਅਤੇ ਕੈਂਪ 'ਚ ਵੱਖ-ਵੱਖ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਮਾਸਟਰ ਗੋਪਾਲ ਕ੍ਰਿਸ਼ਨ ਕੋੜਾ ਤੇ ਅਮਨਦੀਪ ਵਰਮਾ ਨੇ ਦੱਸਿਆ ਕਿ ਸਾਨੂੰ ਇਹੋ ਜਿਹੇ ਸਮਾਜ ਸੇਵਾ ਦੇ ਕੰਮ ਵਧ-ਚੜ੍ਹ ਕੇ ਕਰਨੇ ਚਾਹੀਦੇ ਹਨ ਤੇ ਆਏ ਹੋਏ ਸੱਜਣਾਂ ਦਾ ਬਲੱਡ ਡੋਨਰਜ ਕਲੱਬ ਵੱਲੋਂ ਪ੍ਰਧਾਨ ਜਸਵਿੰਦਰ ਸਿੰਘ ਰੱਖਰਾ ਨੇ ਸਭ ਦਾ ਧੰਨਵਾਦ ਕੀਤਾ।

## ਸਰਕਾਰ ਦਾ ਹੜ੍ਹ ਪੀੜਤਾਂ ਲਈ ਮੁਆਵਜ਼ੇ ਦਾ ਐਲਾਨ ਨਿਗੂਣਾ: ਕਾਮਰੇਡ ਦਦੇਹਰ



ਚੋਹਲਾ ਸਾਹਿਬ (ਰਮਨ ਚੱਢਾ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਕਮੇਟੀ ਚੋਹਲਾ ਨੌਸ਼ਹਿਰਾ ਦੀ ਮੀਟਿੰਗ ਕਾਮਰੇਡ ਪਰਮਜੀਤ ਸਿੰਘ ਚੋਹਲਾ ਦੇ ਗ੍ਰਹਿ ਵਿਖੇ ਕਾਮਰੇਡ ਗੁਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਤੇ ਬਲਾਕ ਸਕੱਤਰ ਬਲਵਿੰਦਰ ਸਿੰਘ ਦਦੇਹਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਹੜ੍ਹ ਪੀੜਤਾਂ ਲਈ ਮੁਆਵਜ਼ਾ ਐਲਾਨ ਕੀਤਾ ਗਿਆ ਹੈ ਉਹ ਬਹੁਤ ਥੋੜ੍ਹਾ ਹੈ। ਮਜ਼ਦੂਰ ਜਮਾਤ ਨੂੰ ਬਿਲਕੁੱਲ ਅੱਖੋਂ ਪਰੋਖੇ ਕਰਨਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕਿਸਾਨਾਂ ਦੀ ਖੇਤੀ ਪੂਰੀ ਤਬਾਹ ਹੋਈ ਹੈ ਉੱਥੇ ਮਜ਼ਦੂਰਾਂ ਦੀ ਮਜ਼ਦੂਰੀ ਵੀ ਖ਼ਤਮ ਹੋ ਗਈ ਹੈ ਕਿਉਂਕਿ ਫ਼ਸਲ ਨਾਲ ਹੀ ਪੇਂਡੂ ਮਜ਼ਦੂਰ ਦਾ ਜੀਵਨ ਜੁੜਿਆ ਹੁੰਦਾ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਜੋ ਮੁਆਵਜ਼ਾ ਮੰਗਿਆ ਗਿਆ ਹੈ, ਕੇਂਦਰ ਤੇ ਪੰਜਾਬ ਸਰਕਾਰ ਉਹ ਪੂਰਾ ਕਰਨ। ਘਰਾਂ ਤੇ ਪਸ਼ੂ ਧਨ ਦੀ ਬਰਬਾਦੀ ਦਾ ਵੀ ਪੂਰਾ ਮੁਆਵਜ਼ਾ ਦਿੱਤਾ ਜਾਵੇ। ਡੈਮਾਂ ਦੇ ਪਾਣੀ ਦਾ ਛੱਡ-ਛੜਾ ਮੁੜ ਵਿਉਂਤਿਆ ਜਾਵੇ। ਹੜ੍ਹ ਰੋਕੂ ਪ੍ਰਬੰਧਾਂ ਤੇ ਪੰਜਾਬ ਸਰਕਾਰ ਵੱਲੋਂ ਅਖੌਤੀ ਖਰਚ ਕੀਤੇ 267 ਕਰੋੜ ਰੁਪਏ ਦਾ ਪੂਰਾ ਵੇਰਵਾ ਜਨਤਕ ਕੀਤਾ ਜਾਵੇ ਕਿ ਉਹ ਕਿੱਥੇ ਖ਼ਰਚ ਹੋਇਆ ਹੈ ਕਿਉਂਕਿ ਧਰਾਤਲ ਕਿਤੇ ਖ਼ਰਚ ਹੋਇਆ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਦੱਸਿਆ ਕਿ 21 ਸਤੰਬਰ ਨੂੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਮੋਹਾਲੀ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਵੀ ਮਿਹਨਤਕਸ਼ ਜਨਤਾ ਦੇ ਹੱਕਾਂ ਪ੍ਰਤੀ ਸਰਕਾਰਾਂ ਦੀ ਬੇਰੁਖੀ ਬਾਰੇ ਗੱਲ ਕੀਤੀ ਜਾਵੇਗੀ। ਪਿੰਡ ਜਾਮਾਰਾਏ ਤੇ ਬਸਾਲ ਵਿਖੇ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਹੋਈਆਂ ਮੌਤਾਂ ਲਈ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਬੀਬੀ ਬਲਜੀਤ ਕੌਰ, ਸ਼ਮਸ਼ੇਰ ਸਿੰਘ, ਰਛਪਾਲ ਸਿੰਘ, ਜਸਬੀਰ ਸਿੰਘ ਤੇ ਰਜਿੰਦਰ ਸਿੰਘ ਵੀ ਹਾਜ਼ਰ ਸਨ।

## ਕਿਸਾਨਾਂ ਨੂੰ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ 'ਚੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ: ਸ਼ੈਰੀ ਕਲਸੀ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਇਤਿਹਾਸਕ ਫੈਸਲੇ ਲੈਂਦਿਆਂ 'ਜੀਹਦਾ ਖੇਤ, ਉਹਦੀ ਰੇਤ' ਦੀ ਲੋਕ ਪੱਖੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਦੇ ਤਹਿਤ ਇਕ ਮੌਕਾ ਦਿੰਦੇ ਹੋਏ ਕਿਸਾਨਾਂ ਨੂੰ ਭਿਆਨਕ ਹੜ੍ਹਾਂ ਕਾਰਨ ਖੇਤਾਂ ਵਿੱਚ ਇਕੱਠੀ ਹੋਈ ਰੇਤਾ ਤੇ ਮਿੱਟੀ ਕੱਢਣ ਦੇ ਨਾਲ-ਨਾਲ ਜੇਕਰ ਉਹ ਚਾਹੁਣ ਤਾਂ ਇਸ ਨੂੰ ਵੇਚਣ ਦੀ ਖੁੱਲ੍ਹ ਦਿੱਤੀ ਜਾਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਾਣੀ ਦੀ ਮਾਰ ਹੇਠ ਆਏ ਖੇਤਾਂ ਵਿੱਚ ਰੇਤਾ ਤੇ ਮਿੱਟੀ ਜਮ੍ਹਾਂ ਹੋ ਚੁੱਕੀ ਹੈ। ਇਨ੍ਹਾਂ ਖੇਤਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਲਈ ਇਹ ਫੈਸਲਾ ਲਿਆ ਗਿਆ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤਾ ਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਕਿਸਾਨ ਚਾਹੁਣ ਤਾਂ ਉਹ ਇਸ ਨੂੰ ਵੇਚ ਵੀ ਸਕਣਗੇ। 'ਜੀਹਦਾ ਖੇਤ, ਉਹਦੀ ਰੇਤ' ਨੀਤੀ ਦੇ ਤਹਿਤ ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਕਿਸਾਨਾਂ ਨੂੰ ਇਸ ਸਾਲ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ ਵਿੱਚੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਾਲੀ ਜ਼ਮੀਨ ਤੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਕੱਢਣ ਦਾ ਇਕ ਵਾਰੀ ਦਿੱਤਾ ਜਾ ਰਿਹਾ ਮੌਕਾ ਸਮਝਿਆ ਜਾਵੇਗਾ ਪਰ ਇਸ ਨੂੰ ਮਾਈਨਿੰਗ ਵਾਲੀ ਸਮੱਗਰੀ ਨਹੀਂ ਮੰਨਿਆ ਜਾਵੇਗਾ। ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜ਼ਿਲ੍ਹੇ ਵਿੱਚ ਪ੍ਰਭਾਵਿਤ ਪਿੰਡਾਂ ਦੀ ਸੂਚੀ ਦਾ ਐਲਾਨ ਕਰੇਗਾ ਜਿੱਥੇ ਹੜ੍ਹਾਂ ਨਾਲ ਰੇਤਾ ਜਾਂ ਗਾਰ ਜਮ੍ਹਾਂ ਹੋਣ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ/ਕਾਸ਼ਤਕਾਰ/ਕਿਸਾਨਾਂ ਦੇ ਸਮੂਹ ਵੱਲੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਕੱਢਣ ਤੇ ਵੇਚਣ ਦਾ ਕੰਮ ਕੀਤਾ ਜਾ ਸਕਦਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਸਾਰੇ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ਦੀਆਂ ਨਿਗਰਾਨ ਕਮੇਟੀਆਂ ਪ੍ਰਭਾਵਿਤ ਖੇਤਾਂ ਨੂੰ ਟੈਗਿਆ, ਖੱਡਾਂ ਜਾਂ ਕਿਸੇ ਹੋਰ ਤਰੀਕੇ ਨਾਲ ਜ਼ਮੀਨ ਦੀ ਅਸਲ ਸਤਹਿ ਨਾਲ ਛੇੜਛਾੜੀ ਕੀਤੇ ਬਿਨਾਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਹਟਾਉਣ ਤੇ ਵੇਚਣ ਵਿੱਚ ਸਹਿਯੋਗ ਕਰਨਗੇ। ਉਨ੍ਹਾਂ ਦੱਸਿਆ ਕਿ ਫ਼ਸਲਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਲਈ ਪ੍ਰਤੀ ਏਕੜ 20,000 ਰੁਪਏ ਦਾ ਮੁਆਵਜ਼ਾ ਦੇਵੇਗੀ ਜੋ ਜਿਸ ਪੰਜਾਬ ਵਿੱਚ ਹੁਣ ਤੱਕ ਕਿਸੇ ਵੀ ਪੂਰੇ ਦੇਸ਼ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ ਹੈ। ਗੰਭੀਰ ਸੰਕਟ ਵਿੱਚ ਫਸੇ ਕਿਸਾਨਾਂ ਨੂੰ ਬਾਹਰ ਕੱਢਣ ਲਈ ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ ਤਾਂ ਕਿ ਕਿਸਾਨਾਂ ਨੂੰ ਅਤਿ ਲੋੜੀਂਦੀ ਰਾਹਤ ਦਿੱਤੀ ਜਾ ਸਕੇ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਮੈਡੀਕਲ ਸਿਹਤ ਸਹੂਲਤਾਂ ਲਈ ਯੋਗ ਪ੍ਰਬੰਧ : ਡਿਪਟੀ ਕਮਿਸ਼ਨਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਹੇਠ ਬਰਸਾਤੀ ਮੌਸਮ ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਹੋਣ ਵਾਲੀਆਂ ਬਿਮਾਰੀਆਂ ਨੂੰ ਦੇਖਦਿਆਂ ਸਿਹਤ ਵਿਭਾਗ ਨੇ ਲੋਕਾਂ ਦੀ ਸੁਰੱਖਿਆ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿਚ ਹੜ੍ਹਾਂ ਦੀ ਸਥਿਤੀ ਕਾਬੂ ਹੇਠ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਸਿਹਤ ਸਹੂਲਤਾਂ ਸਬੰਧੀ ਵੀ ਯੋਗ ਪ੍ਰਬੰਧ ਕੀਤੇ ਗਏ ਹਨ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਬਲਾਕ ਮੀਆਂਵਿੰਡ, ਸਰਹਾਲੀ, ਘਰਿਆਲਾ ਅਤੇ ਖੇਮਕਰਨ ਇਲਾਕਿਆਂ ਵਿਚ ਮੈਡੀਕਲ ਕੈਂਪ ਸਹਾਇਤਾ ਟੀਮਾਂ ਲਗਾਤਾਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ। ਹੜ੍ਹਾਂ ਦੌਰਾਨ ਪਾਣੀ ਇਕੱਠਾ ਹੋਣ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖਤਰੇ ਤੋਂ ਬਚਾਅ ਲਈ ਸਾਵਧਾਨੀਆਂ ਵਰਤਣਾ ਬਹੁਤ ਜ਼ਰੂਰੀ ਹੈ। ਡਾ: ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਦੂਸ਼ਿਤ ਪਾਣੀ ਕਾਰਨ ਹੈਜ਼ਾ, ਦਸਤ ਰੋਗ, ਡੇਂਗੂ, ਚਿਕਨਗੁਨੀਆ, ਮਲੇਰੀਆ, ਟਾਈਫਾਈਡ, ਪੀਲੀਆ, ਚਮੜੀ ਦੇ ਰੋਗਾਂ ਦੀਆਂ ਬਿਮਾਰੀਆਂ ਆਦਿ ਹੋ ਸਕਦੀਆਂ ਹਨ, ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਿਹਤ ਵਿਭਾਗ ਵੱਲੋਂ ਦਿੱਤੀ ਸਲਾਹ ਤੇ ਅਮਲ ਕਰਨ ਅਤੇ ਸਮੱਸਿਆ ਸੰਬੰਧੀ ਮੈਡੀਕਲ ਸਹਾਇਤਾ ਕੈਂਪਾਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਤੋਂ ਬਚਾਅ ਅਤੇ ਕੰਟਰੋਲ ਕਰਨ ਲਈ ਪੀਣ ਲਈ ਸਾਫ ਪਾਣੀ ਦੀ ਵਰਤੋਂ ਕੀਤੀ ਜਾਵੇ। ਪੀਣ ਵਾਲੇ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਵਰਤੋਂ ਵਿੱਚ ਲਿਆਂਦਾ ਜਾਵੇ। ਆਪਣੀ ਸਾਫ ਸਫ਼ਾਈ ਰੱਖੋ ਅਤੇ ਬਿਮਾਰੀਆਂ ਤੋਂ ਬਚਣ ਲਈ ਸਾਬਣ ਨਾਲ ਹੱਥ ਧੋ



ਕੇ ਖਾਣਾ ਪਕਾਇਆ ਤੇ ਖਾਧਾ ਜਾਵੇ ਤਾਂ ਜੋ ਹੋਣ ਵਾਲੀਆਂ ਬਿਮਾਰੀਆਂ ਦੀ ਇਨਫੈਕਸ਼ਨ ਹੋਣ ਤੋਂ ਬਚਿਆ ਜਾ ਸਕੇ। ਇਸ ਸੰਬੰਧੀ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਘਵ ਗੁਪਤਾ ਨੇ ਆਮ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਕਿ ਜੇਕਰ ਕਿਸੇ ਨੂੰ ਦਸਤ, ਹੈਜ਼ਾ, ਦਸਤ, ਉਲਟੀਆ, ਡੇਂਗੂ, ਚਿਕਨਗੁਨੀਆ, ਮਲੇਰੀਆ ਜਾਂ ਖਾਰਸ਼ ਆਦਿ ਦੀ ਸਮੱਸਿਆ ਆਉਂਦੀ ਹੈ ਤਾਂ ਮੈਡੀਕਲ ਕੈਂਪਾਂ ਜਾ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜਾ ਕੇ ਆਪਣਾ ਇਲਾਜ ਬਿਲਕੁਲ ਮੁਫਤ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਿਹਤ ਸਮੱਸਿਆਵਾਂ ਸੰਬੰਧੀ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੈਡੀਕਲ ਹੈਲਪ ਲਾਇਨ ਨੰਬਰ 104 ਤੇ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਜੋ ਸਿਹਤ ਸਮੱਸਿਆਵਾਂ ਦਾ ਹੱਲ ਤੁਰੰਤ ਹੋ ਸਕੇ।

## ਗੁਰਦੁਆਰਾ ਨਾਗੀਆਣਾ ਸਾਹਿਬ ਵਿਖੇ ਦੋ ਰੋਜ਼ਾ ਮਹਾਨ ਗੁਰਮਤਿ ਸਮਾਗਮ ਕਰਵਾਇਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਗੁਰਦੁਆਰਾ ਨਾਗੀਆਣਾ ਸਾਹਿਬ ਉਦੋਕੇ ਵਿਖੇ ਸੰਤ ਬਾਬਾ ਚੂੜੀਤ ਸਿੰਘ ਦੀ ਯਾਦ 'ਚ 52ਵਾਂ ਅਤੇ ਸੰਤ ਬਾਬਾ ਜੋਗਿੰਦਰ ਸਿੰਘ ਦੀ ਯਾਦ 'ਚ 11ਵਾਂ ਦੋ ਦਿਨਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਭਾਈ ਜਤਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸ਼ੁਭਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਰਾਗੀ ਭਾਈ ਦਲੀਪ ਸਿੰਘ ਫੱਕਰ ਪਟਿਆਲੇ ਵਾਲੇ, ਕਥਾਵਾਚਕ ਗਿਆਨੀ ਜੰਗ ਸਿੰਘ ਜਥਾ ਤਰਨਾ ਦਲ, ਰਾਗੀ ਭਾਈ ਪ੍ਰਭਜੋਤ ਸਿੰਘ ਗੁ. ਨਾਗੀਆਣਾ ਸਾਹਿਬ, ਭਾਈ ਪ੍ਰਿਤਪਾਲ ਸਿੰਘ ਕਥਾਵਾਚਕ ਉਦੋਕੇ, ਕਥਾਵਾਚਕ ਭਾਈ ਭੁਪਿੰਦਰ ਸਿੰਘ ਗਦਲੀ, ਕਵੀਸ਼ਰ ਭਾਈ ਸੰਦੀਪ ਸਿੰਘ ਮਹਿਮਾ, ਢਾਡੀ ਬੀਬੀ ਦਲੇਰ ਕੌਰ ਖਾਲਸਾ, ਢਾਡੀ ਭਾਈ ਸਤਨਾਮ ਸਿੰਘ ਲਾਲੂ ਘੁੰਮਣ ਕਵੀਸ਼ਰ ਭਾਈ ਝੰਡਾ ਸਿੰਘ, ਭਾਈ ਮੰਗਲ ਸਿੰਘ ਉਦੋਕੇ ਨੇ ਹਾਜ਼ਰੀ ਭਰਨ ਲਈ ਪਹੁੰਚੀਆਂ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਹਾਜ਼ਰ ਸੰਤ ਮਹਾਂਪੁਰਸ਼ ਅਤੇ ਸੰਗਤਾਂ ਦੇ ਵਿਚ ਵਿਧਾਨ ਸਭਾ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ, ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਬਾਬਾ ਗੁਰਭੇਜ ਸਿੰਘ ਖੁਜਾਲਾ, ਸੰਤ ਬਾਬਾ ਸਰਵਨ ਸਿੰਘ ਮਸਕਪੁਰ ਵਾਲੇ, ਸੰਤ ਬਾਬਾ ਜਸਵੰਤ ਸਿੰਘ, ਲਖਵਿੰਦਰ



ਸਿੰਘ, ਸਰਬਜੀਤ ਸਿੰਘ ਸੈਕਟਰੀ, ਪ੍ਰਿੰਸੀਪਲ ਗੁਰਸੇਵਕ ਸਿੰਘ, ਜਸਵੰਤ ਸਿੰਘ ਉਦੋਕੇ, ਬਾਬਾ ਗੁਰਦੇਵ ਸਿੰਘ ਡੇਰਾ ਭਗਤਾ ਤਰਸਿੱਕਾ ਵਾਲੇ, ਮਜੀਠਾ ਹਲਕਾ ਦੇ ਆਪ ਪਾਰਟੀ ਦੇ ਸੀਨੀਅਰ ਆਗੂ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ, ਸਾਬਕਾ ਸਰਪੰਚ ਸੰਦੀਪ ਸਿੰਘ, ਸਮੇਤ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਸਿਆਸੀ ਆਗੂਆਂ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਵਲਜੀਤ ਸਿੰਘ ਅਤੇ ਹੋਰ ਪ੍ਰਬੰਧਕਾਂ ਵੱਲੋਂ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

## ਸਵੈ-ਸੇਵਕ ਸੰਗਠਨਾਂ ਤੇ ਵੱਖ-ਵੱਖ ਜਥੇਬੰਦੀਆਂ ਨੇ ਤੀਹ ਪਿੰਡਾਂ ਦੇ ਲੋੜਵੰਦਾਂ ਦੀ ਇੱਕੋ ਵੇਲੇ ਕੀਤੀ ਮਦਦ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਇਲਾਕੇ ਵਿੱਚ ਹੜ੍ਹ ਪੀੜਤਾਂ ਦੀ ਹੱਥ ਪੱਖੋਂ ਮਦਦ ਕਰਨ ਲਈ ਦੂਰੋਂ-ਦੂਰੋਂ ਜਥੇਬੰਦੀਆਂ, ਸਵੈ-ਸੇਵਕ ਸੰਗਠਨ ਵੱਡੇ ਪੱਧਰ ਤੇ ਰਾਹਤ ਸਮੱਗਰੀ ਲੈ ਕੇ ਹਰੇਕ ਪਿੰਡ ਵਿਚ ਗਰੀਬ ਗੁਰਬੇ, ਕਿਸਾਨਾਂ, ਮਜ਼ਦੂਰਾਂ ਦੀ ਬਾਂਹ ਫੜ ਰਹੇ ਹਨ। ਜਿੱਥੇ ਸਰਕਾਰ ਵੱਲੋਂ ਕਿਸੇ ਯੋਜਨਾਬੱਧ ਢੰਗ ਨਾਲ ਕੋਈ ਸਮੱਗਰੀ ਨਹੀਂ ਵੰਡੀ ਜਾ ਰਹੀ ਜਿਸ ਦਾ ਲੋਕਾਂ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ।

ਰਾਹਤ ਸਮੱਗਰੀ ਵੰਡਣ ਦੀ ਲੜੀ ਤਹਿਤ ਇਥੇ ਅਨੰਦਪੁਰ ਸਾਹਿਬ ਇਲਾਕੇ ਵਿੱਚੋਂ ਜਮਹੂਰੀ ਕਿਸਾਨ ਸਭਾ ਪੰਜਾਬ ਦੀ ਟੀਮ, ਕਿਸਾਨ ਸਭਾ ਦੇ ਸੂਬਾ ਕਮੇਟੀ ਮੈਂਬਰ ਧਰਮਪਾਲ ਸਿੰਘ ਤੇ ਬੱਬੂ ਚੱਬਾ ਨੂਰਪੁਰ ਦੀ ਅਗਵਾਈ ਵਿੱਚ ਪਹੁੰਚੇ ਟਰੱਕ ਰਾਹਤ ਦੇ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਰਾਹਤ ਕੇਂਦਰ ਮਹਿਲ ਬੁਖਾਰੀ (ਅਜਨਾਲਾ) ਵਿਖੇ ਪਹੁੰਚੇ ਜਿੱਥੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਤੇ ਕਿਸਾਨ ਸਭਾ ਦੇ ਆਗੂ ਬਲਕਾਰ ਸਿੰਘ ਦੁਧਾਲਾ, ਜੰਗ ਬਹਾਦਰ ਸਿੰਘ ਮੱਟੀਆਂ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸਤਨਾਮ ਸਿੰਘ ਝੰਡੇਰ ਤੇ ਸੀਨੀਅਰ ਆਗੂ ਸੁਖਦੇਵ ਸਿੰਘ ਸੈਂਸਰਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਹਰਪਾਲ ਸਿੰਘ ਛੀਨਾ, ਰਜਿੰਦਰ ਸਿੰਘ ਭਲਾ ਪਿੰਡ, ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਸਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰ ਸਿੰਘ ਛੀਨਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਵਿੰਦਰ ਸਿੰਘ ਬੱਲ ਲੰਮੇ ਦਰਿਆ ਦੇ ਆਗੂਆਂ ਨੇ ਇਕੱਠੇ ਲੱਗਭਗ ਤੀਹ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਲੋੜਵੰਦਾਂ ਨੂੰ ਰਾਹਤ ਸਮੱਗਰੀ ਵੰਡੀ ਜਿਸ ਦੀ ਇਲਾਕੇ ਭਰ ਵਿੱਚ ਖੂਬ ਚਰਚਾ ਹੋ ਰਹੀ।



ਇਸ ਮੌਕੇ ਨੰਬਰਦਾਰ ਪਰਮਿੰਦਰ ਸਿੰਘ, ਹਜ਼ਾਰਾ ਸਿੰਘ ਲਤਾੜੀ, ਸੁਖਚੈਨ ਸਿੰਘ ਮੀਰਪੁਰ, ਬਲਵਿੰਦਰ ਸਿੰਘ ਦਿਆਲ ਭੱਟੀ, ਕਾਲਾ ਸਿੰਘ ਡੱਲਾ, ਬੱਬੂ ਚੱਕ ਔਲ, ਹਰਨੇਕ ਸਿੰਘ ਨੇਪਾਲ, ਇੰਦਰਜੀਤ ਸਿੰਘ ਅਨੈਤਪੁਰਾ, ਮਹਿੰਦਰ ਸਿੰਘ ਗੁਰਾਲਾ ਆਦਿ ਨੇ ਵੀ ਰਾਹਤ ਸਮੱਗਰੀ ਵੰਡਣ ਵਿੱਚ ਹਿੱਸਾ ਲਿਆ!

## ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪਸ਼ੂਆਂ ਦੇ ਚਾਰੇ ਲਈ ਅਚਾਰ ਦੀਆਂ ਗੱਡੀਆਂ ਰਵਾਨਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮਾਨ ਸਰਕਾਰ ਵੱਲੋਂ 'ਜਿਸਦਾ ਖੇਤ ਉਸਦੀ ਰੇਤ' ਅਤੇ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੇ ਲਏ ਗਏ ਫੈਸਲੇ ਬੇਹੱਦ ਸ਼ਲਾਘਾਯੋਗ ਹਨ, ਜਿਸ ਨਾਲ ਹੜ੍ਹ ਪੀੜਤਾਂ ਨੂੰ ਇਸ ਸੰਕਟ ਦੀ ਘੜੀ ਵਿੱਚ ਵੱਡੀ ਰਾਹਤ ਮਿਲੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਦਫਤਰ ਅੱਬਲਖੈਰ ਤੋਂ ਹਲਕੇ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਅੰਦਰ ਪਸ਼ੂਆਂ ਦੇ ਚਾਰੇ ਲਈ ਅਚਾਰ ਅਤੇ ਹੋਰ ਰਸਦਾਂ ਦੀਆਂ ਗੱਡੀਆਂ ਰਵਾਨਾ ਕਰਨ ਮੌਕੇ ਕੀਤਾ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਵਾਲਾ ਪੰਜਾਬ ਪਹਿਲਾ ਰਾਜ ਹੈ ਜਿਸਨੇ ਅਪਣੇ ਕਿਸਾਨਾਂ ਲਈ ਇਹ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਕੁਦਰਤੀ ਆਫਤ ਕਾਰਨ ਦੀਨਾਨਗਰ ਹਲਕੇ ਦੇ 78 ਪਿੰਡ ਪ੍ਰਭਾਵਿਤ ਹੋਏ ਹਨ, ਜਿੱਥੇ ਫਸਲਾਂ, ਘਰਾਂ ਅਤੇ ਮਸ਼ੀਨਰੀ ਸਣੇ ਬੁਨਿਆਦੀ ਢਾਂਚੇ ਦੇ ਵੱਡਾ ਨੁਕਸਾਨ ਹੋਇਆ ਹੈ। ਪ੍ਰਭਾਵਿਤ ਪਿੰਡਾਂ ਅੰਦਰ ਲੋਕਾਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵੱਲੋਂ ਸੁਚੱਜੇ ਢੰਗ ਨਾਲ ਲੋਕਾਂ ਨੂੰ ਸਹਾਇਤ ਪਹੁੰਚਾਉਣ ਲਈ ਕੰਮ ਕੀਤਾ ਜਾ ਰਿਹਾ ਹੈ ਤਾਂ ਕਿ ਹਰੇਕ ਪ੍ਰਭਾਵਿਤ ਵਿਅਕਤੀ ਨੂੰ ਰਾਹਤ ਪਹੁੰਚਾਈ ਜਾ ਸਕੇ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ





ਮਨੁੱਖ ਦੇ ਨਾਲ ਨਾਲ ਬੇਜੁਬਾਨ ਪਸ਼ੂਆਂ ਲਈ ਵੀ ਵੱਡੀਆਂ ਮੁਸ਼ਕਲਾਂ ਖੜੀਆਂ ਹੋ ਗਈਆਂ ਹਨ ਜਿਸ ਕਾਰਨ ਅਸੀਂ ਪਿੰਡਾਂ ਅੰਦਰ ਪਸ਼ੂਆਂ ਖੁਰਾਕ ਅਤੇ ਚਾਰੇ ਦਾ ਬੰਦੋਬਸਤ ਵੱਲ ਵੀ ਵਿਸ਼ੇਸ਼ ਧਿਆਨ ਦੇ ਰਹੇ ਹਾਂ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪੂਰੀ ਮਸ਼ੀਨਰੀ ਅਤੇ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਮੈਦਾਨ ਵਿੱਚ ਡਟੀ ਹੋਈ ਹੈ। ਇਸ ਮੌਕੇ ਬਲਾਕ ਪ੍ਰਧਾਨ ਮੰਨਾ ਸੰਧੂ, ਅਰਵਿੰਦਰ ਕੁਮਾਰ ਸੰਨੀ ਅਤੇ ਸਰਪੰਚ ਗੌਰਵ ਸ਼ਾਹਪੁਰ ਵੀ ਮੌਜੂਦ ਸਨ।

## ਚੇਅਰਮੈਨ ਚੌਹਾਨ ਨੇ ਔਲਖ, ਜਹਾਦਪੁਰ, ਕਥਾਣਾ ਤੇ ਖਵਾਜਾ ਬੈਂਸ 'ਚ ਰਾਹਤ ਸਮੱਗਰੀ ਵੰਡੀ

ਬਟਾਲਾ, (ਡਾ. ਮਲਵਿੰਦਰ ਸਿੰਘ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ-ਨਿਰਦੇਸ਼ ਤਹਿਤ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਡਿਊਟੀਆਂ ਲਗਾਈਆਂ ਗਈਆਂ ਹਨ, ਜਿਸ ਤਹਿਤ ਯਸ਼ਪਾਲ ਚੌਹਾਨ, ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ ਵਲੋਂ ਸ੍ਰੀ ਹਰਗੋਬਿੰਦਪੁਰ ਹਲਕੇ ਦੇ ਪਿੰਡ ਔਲਖ, ਜਹਾਦਪੁਰ, ਕਥਾਣਾ ਅਤੇ ਖਵਾਜਾ ਬੈਂਸ ਆਦਿ ਪਿੰਡਾਂ ਦਾ ਦੌਰਾ ਕੀਤਾ ਗਿਆ ਗਿਆ ਤੇ ਹੜ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਯਸ਼ਪਾਲ ਚੌਹਾਨ ਨੇ ਕਿਹਾ ਕਿ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਉਨ੍ਹਾਂ ਵਲੋਂ ਹੜ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਹੜ ਪੀੜਤਾਂ ਨੂੰ ਰਾਹਤ ਸਮੱਗਰੀ ਪੁੱਜਦਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਹਰਗੋਬਿੰਦਪੁਰ ਹਲਕੇ ਦੇ ਪਿੰਡ ਔਲਖ, ਜਹਾਦਪੁਰ, ਕਥਾਣਾ ਅਤੇ ਖਵਾਜਾ ਬੈਂਸ ਜੋ ਬਿਆਸ ਦਰਿਆ ਦੇ ਨੇੜਲੇ ਪਿੰਡ ਹਨ ਅਤੇ ਹੜ੍ਹ ਦਾ ਪਾਣੀ ਖੇਤਾਂ ਵਿੱਚ ਵੜ ਜਾਣ ਨਾਲ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਚੁੱਕਾ ਹੈ ਅਤੇ ਦਰਿਆ ਨੇੜਲੀ ਵਸੋਂ ਕਾਫੀ ਪ੍ਰਭਾਵਿਤ ਹੋਈ ਹੈ। ਚੇਅਰਮੈਨ ਯਸ਼ਪਾਲ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਰਾਹਤ ਕਾਰਜ ਜਾਰੀ ਹਨ ਅਤੇ ਲੋੜਵੰਦ ਲੋਕਾਂ ਤੱਕ ਰਾਹਤ ਸਮੱਗਰੀ ਅਤੇ ਪਸ਼ੂਆਂ ਲਈ ਚਾਰਾ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਮੰਤਰੀ ਮੰਡਲ ਦੀ ਹੋਈ ਬੈਠਕ ਦੌਰਾਨ ਪੰਜਾਬ ਸਰਕਾਰ ਨੇ ਹੜ ਪ੍ਰਭਾਵਿਤ ਪੀੜਤਾਂ ਦੀ ਬਾਂਹ ਫੜੀ ਹੈ ਅਤੇ ਇਸ ਸੰਕਟ ਦੀ ਘੜੀ ਵਿੱਚ ਰਾਜ ਸਰਕਾਰ ਲੋਕਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ।



## ਸਰਕਾਰੀ ਆਯੁਰਵੈਦਿਕ ਡਿਸਪੈਂਸਰੀ-ਕਮ-ਆਯੂਸ਼ਮਾਨ ਅਰੋਗਿਆ ਕੇਂਦਰ ਬਲਪੁਰੀਆ ਵਿਖੇ ਆਯੂਸ਼ ਆਊਟ ਰੀਚ ਕੈਂਪ ਲਗਾਇਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਸੂਬੇ ਦੇ ਵੱਧ ਤੋਂ ਵੱਧ ਲੋਕਾਂ ਤੱਕ ਆਯੂਸ਼ ਚਿਕਿਤਸਾ ਪ੍ਰਣਾਲੀਆਂ ਦੀ ਪਹੁੰਚ ਕਰਨ ਦੇ ਉਦੇਸ਼ ਨਾਲ ਸੂਬੇ ਦੇ ਹਰ ਜ਼ਿਲੇ ਵਿੱਚ ਭਾਰਤ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਆਯੂਸ਼ ਆਊਟਰੀਚ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਲੜੀ ਵਿੱਚ ਜ਼ਿਲਾ ਗੁਰਦਾਸਪੁਰ ਵਿੱਚ ਵੀ ਆਯੁਰਵੇਦ ਅਤੇ ਹੋਮਿਓਪੈਥੀ ਦੇ ਆਊਟਰੀਚ ਕੈਂਪ ਪਿਛਲੇ ਲਗਭਗ ਇੱਕ ਮਹੀਨੇ ਤੋਂ ਲਗਾਤਾਰ ਲਗਾਏ ਜਾ ਰਹੇ ਹਨ। ਡਾਇਰੈਕਟਰ ਆਯੁਰਵੇਦ ਡਾ. ਰਵੀ ਡੂਮਰਾ ਅਤੇ ਮੁਖੀ ਹੋਮਿਓਪੈਥੀ ਡਾ. ਹਰਿੰਦਰ ਪਾਲ ਸਿੰਘ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਤੇ ਜਿਲਾ ਹੋਮਿਓਪੈਥੀ ਅਫਸਰ ਡਾ. ਰੁਪਿੰਦਰ ਕੌਰ, ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਡਾ. ਜੋਤੀ ਬੱਬਰ ਦੀ ਅਗਵਾਈ ਵਿੱਚ ਜ਼ਿਲਾ ਗੁਰਦਾਸਪੁਰ ਵਿੱਚ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ-ਕਮ-ਆਯੂਸ਼ਮਾਨ ਅਰੋਗਿਆ ਕੇਂਦਰ ਬਲਪੁਰੀਆ ਵਿਖੇ ਆਯੁਸ਼ ਆਊਟ ਰੀਚ ਕੈਂਪ ਲਗਾਇਆ ਗਿਆ। ਲੋਕਾਂ ਵਿੱਚ ਹੋਮਿਓਪੈਥੀ ਅਤੇ ਆਯੁਰਵੇਦ ਚਿਕਿਤਸਾ ਪ੍ਰਣਾਲੀਆਂ ਦੀਆਂ ਸੇਵਾਵਾਂ ਪ੍ਰਤੀ ਬਹੁਤ ਜੋਸ਼ ਦੇਖਣ ਨੂੰ ਮਿਲਿਆ। ਇਸ ਮੌਕੇ ਕੈਂਪ ਵਿੱਚ ਆਪਣੀਆਂ ਸੇਵਾਵਾਂ ਦੇਣ ਲਈ ਪੁੱਜੇ ਐੱਨਆਰਐੱਚ ਐੱਮ ਇੰਪਲਾਈਜ਼ ਐਸੋਸੀਏਸ਼ਨ, ਪੰਜਾਬ ਦੇ ਸੂਬਾ ਪ੍ਰਧਾਨ ਅਤੇ ਹੋਮਿਓਪੈਥੀ ਮੈਡੀਕਲ ਅਫਸਰ ਡਾਕਟਰ ਇੰਦਰਜੀਤ ਸਿੰਘ ਰਾਣਾ ਨੇ ਦੱਸਿਆ ਕਿ ਸਰਕਾਰ ਤੋਂ ਪ੍ਰਾਪਤ ਹਦਾਇਤਾਂ ਮੁਤਾਬਿਕ ਇਹ ਆਯੂਸ਼ ਆਊਟਰੀਚ ਕੈਂਪ ਉਨ੍ਹਾਂ ਇਲਾਕਿਆਂ ਵਿੱਚ ਲਗਾਏ ਜਾਣੇ ਹਨ ਜਿੱਥੇ ਲੋਕ ਆਯੂਸ਼ ਚਿਕਿਤਸਾ ਪ੍ਰਣਾਲੀ ਦੀਆਂ ਸੇਵਾਵਾਂ ਤੋਂ ਵਾਂਝੇ ਹਨ। ਡਾ. ਰਾਣਾ ਨੇ ਦੱਸਿਆ ਕਿ ਸੂਬੇ ਦੇ ਹਰ ਜਿਲੇ ਵਿੱਚ 15-15 ਆਯੂਸ਼ ਆਊਟਰੀਚ ਕੈਂਪ ਲਗਾਏ ਜਾਣੇ ਹਨ। ਇਹਨਾਂ ਕੈਂਪਾਂ ਵਿੱਚ ਹੋਮਿਓਪੈਥੀ ਅਤੇ ਆਯੁਰਵੇਦ ਦੀਆਂ ਸੇਵਾਵਾਂ ਲੈਣ ਲਈ ਪੁੱਜੇ



ਮਰੀਜ਼ਾਂ ਦੀ ਰਜਿਸਟਰੇਸ਼ਨ ਸਾਂਝੇ ਤੌਰ ਤੇ ਕੀਤੀ ਜਾ ਰਹੀ ਹੈ। ਇਹ ਜਿਆਦਾਤਰ ਕੈਂਪ ਆਯੁਰਵੈਦਿਕ ਡਿਸਪੈਸਰੀਆਂ ਜਾਂ ਆਯੁਰਵੈਦਿਕ ਸਵਾਸਥ ਕੇਂਦਰਾਂ ਵਿੱਚ ਲਗਾਏ ਜਾ ਰਹੇ ਹਨ। ਗੁਰਦਾਸਪੁਰ ਜ਼ਿਲੇ ਵਿੱਚ ਇਹ ਕੈਂਪ 22 ਜੁਲਾਈ ਤੋਂ ਸ਼ੁਰੂ ਹੋਏ ਹਨ ਅਤੇ ਅਖੀਰ 28 ਅਗਸਤ ਨੂੰ ਇਹ 15 ਕੈਂਪਾਂ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪੂਰੇ ਸਮੇਂ ਦੌਰਾਨ ਬਰਸਾਤਾਂ ਹੋਣ ਦੇ ਬਾਵਜੂਦ ਹੋਮਿਓਪੈਥੀ ਅਤੇ ਆਯੁਰਵੈਦਿਕ ਵਿਭਾਗ ਦੇ ਸਮੂਹ ਡਾਕਟਰਾਂ, ਉਪਵੈਦਾਂ, ਡਿਸਪੈਨਸਰਾਂ ਅਤੇ ਹੋਰਨਾਂ ਸਟਾਫ ਨੇ ਇਹਨਾਂ ਕੈਂਪਾਂ ਨੂੰ ਕਾਮਯਾਬ ਕਰਨ ਵਿੱਚ ਵੱਧ ਚੜ ਕੇ ਆਪਣੀ ਭੂਮਿਕਾ ਦੱਸੀ ਹੈ। ਜ਼ਿਲਾ ਗੁਰਦਾਸਪੁਰ ਵਿੱਚ ਹੋਮਿਓਪੈਥੀ ਮੈਡੀਕਲ ਅਫਸਰਾਂ ਅਤੇ ਹੋਮਿਓਪੈਥੀ ਡਿਸਪੈਨਸਰਾਂ ਦੀ ਘਟ ਗਿਣਤੀ ਹੋਣ ਕਾਰਨ ਜਿਲਾ ਪਠਾਨਕੋਟ ਦਾ ਸਟਾਫ ਵੀ ਗੁਰਦਾਸਪੁਰ ਵਿੱਚ ਆਪਣੀਆਂ ਸੇਵਾਵਾਂ ਦੇ ਰਿਹਾ ਹੈ। ਇਹਨਾਂ ਕੈਂਪਾਂ ਵਿੱਚ ਹੋਮਿਓਪੈਥੀ ਅਤੇ ਆਯੁਰਵੇਦ ਚਿਕਿਤਸਾ ਪ੍ਰਣਾਲੀ ਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਕਾਫੀ ਗਿਣਤੀ ਵਿੱਚ ਮਰੀਜ਼ ਪਹੁੰਚ ਰਹੇ ਹਨ। ਡਾਕਟਰ ਰਾਣਾ ਨੇ ਕਿਹਾ ਕਿ ਅਜਿਹੇ ਉਪਰਾਲੇ ਪੂਰਾ ਸਾਲ ਜਾਰੀ ਰਹਿਣੇ ਚਾਹੀਦੇ ਹਨ ਤਾਂ ਜੋ ਕਿ ਵੱਧ ਤੋਂ ਵੱਧ ਲੋਕਾਂ ਨੂੰ ਹੋਮਿਓਪੈਥੀ ਅਤੇ ਆਯੁਰਵੇਦ ਚਿਕਿਤਸਾ ਪ੍ਰਣਾਲੀ ਦੀਆਂ ਸੇਵਾਵਾਂ ਦਾ ਲਾਭ ਮਿਲ ਸਕੇ। ਹੋਮਿਓਪੈਥੀ ਵਿਭਾਗ ਤੋਂ ਡਾਕਟਰ ਰਾਣਾ ਤੋਂ ਇਲਾਵਾ ਡਾ. ਸੰਗੀਤਾ ਪਾਲ, ਡਾ. ਵਿਕਰਮਜੀਤ ਸਿੰਘ, ਡਾ. ਓ. ਪੀ. ਵਿਗ, ਡਾ. ਅਮਰਿੰਦਰ ਸਿੰਘ, ਡਾ.ਹਰਜਿੰਦਰ ਕੌਰ, ਡਾ. ਭਗਵਾਨ ਦਾਸ, ਡਾ. ਸਤਵਿੰਦਰ ਕੌਰ, ਡਾ.ਹਰਪ੍ਰੀਤ ਕੌਰ ਅਤੇ ਹੋਮਿਓਪੈਥੀ ਡਿਸਪੈਂਸਰ ਭਾਰਤ ਭੂਸ਼ਣ, ਰਾਜਕੁਮਾਰ, ਸੁਨੀਤਾ, ਸੀਮਾ, ਅਜੈ, ਨੀਤੂ ਮਹਾਜਨ, ਨਿਤੀਸ਼ ਪਠਾਨੀਆ, ਰਾਜੀਵ ਆਯੁਰਵੈਦਿਕ ਵਿਭਾਗ ਗੁਰਦਾਸਪੁਰ ਤੋਂ ਡਾ. ਹਰਿੰਦਰ ਪਾਲ, ਡਾ. ਅੰਕੁਰ ਲੇਖੀ, ਡਾ. ਦੀਪਿਕਾ ਠਾਕੁਰ, ਡਾ. ਮੀਨਾਕਸ਼ੀ, ਡਾ. ਨੀਲਮ ਵਰਮਾ, ਡਾ. ਨੀਤੂ, ਡਾ. ਰਮਨ, ਡਾ. ਵਰੁਣ, ਡਾ.ਮੋਨਿਕਾ, ਡਾ. ਨਵਨੀਤ, ਡਾ. ਪਰਨੀਤ, ਡਾ. ਰੇਖਾ, ਡਾ. ਅਮਿਤ, ਆਯੁਰਵੈਦਿਕ ਉਪਵੈਦ ਸ਼ੰਕਰ ਅਬਰੋਲ, ਅਨੁਰਾਧਾ, ਦੀਪਤੀ, ਇੰਦਰਜੀਤ ਪਾਲ, ਸੁਰਿੰਦਰ ਕੌਰ, ਅਮਿਤ, ਰੋਹਿਤ, ਨਵਨੀਤ ਕੌਰ, ਨੇਹਾ, ਸਰੋਜ ਵਾਲਾ, ਵਿਨੈ, ਸੌਰਵ, ਮਹਿਕਦੀਪ ਸਿੰਘ, ਮੁਖਤਾਰ ਸਿੰਘ, ਅਮਰਿੰਦਰ ਸਿੰਘ ਆਦਿ ਟੀਮ ਨੇ ਇਹਨਾਂ ਆਯੂਸ਼ ਆਊਟਰੀਚ ਕੈਂਪਾਂ ਵਿੱਚ ਮਰੀਜ਼ਾਂ ਦਾ ਨਿਰੀਖਣ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ।

## ਸਪੀਕਰ ਸੰਧਵਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰ ਮਕੌੜਾ ਪੱਤਣ ਅਤੇ ਜੈਨਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪਿੰਡ ਜੈਨਪੁਰ ਵਿਖੇ ਟੁੱਟੇ ਧੁੱਸੀ ਬੰਨ੍ਹ ਦਾ ਜਾਇਜ਼ਾ ਲਿਆ ਅਤੇ ਹੜ੍ਹ ਪੀੜਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਬਾਰੇ ਅਧਿਕਾਰੀਆਂ ਕੋਲੋਂ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਆਗੂ ਸ਼ਮਸ਼ੇਰ ਸਿੰਘ ਵੀ ਮੌਜੂਦ ਸਨ। ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਨੂੰ ਬਹੁਤ ਵੱਡੀ ਮਾਰ ਪਈ ਹੈ ਅਤੇ ਬਹੁਤ ਸਾਰੇ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਧੁੱਸੀ ਬੰਨ੍ਹ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਹੋਰ ਹੜ੍ਹ ਰੋਕੂ ਪ੍ਰਬੰਧ ਵੀ ਕੀਤੇ ਜਾਣਗੇ।

ਇਸ ਮੌਕੇ ਬਲਾਕ ਪ੍ਰਧਾਨ ਜਸਬੀਰ ਸਿੰਘ ਕਠਿਆਲੀ, ਬਲਾਕ ਪ੍ਰਧਾਨ ਰਣਜੀਤ ਸਿੰਘ ਜੀਵਨਚੱਕ, ਬਲਾਕ ਪ੍ਰਧਾਨ ਸੋਨੂੰ ਪਹਾੜੀਪੁਰ, ਬਲਾਕ ਪ੍ਰਧਾਨ ਅਨੂਪ ਠਾਕੁਰ, ਬਲਾਕ ਪ੍ਰਧਾਨ ਅਰਜਨ ਸਿੰਘ ਝਬਕਰਾ, ਪ੍ਰਿੰਸੀਪਲ ਸੰਸਾਰ ਸਿੰਘ ਝਬਕਰਾ, ਸਰਪੰਚ ਸੋਨੂੰ ਸੈਣੀ ਸਮੇਤ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

## ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਵੱਖ-ਵੱਖ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਦੀਆਂ ਪੰਜਾਬ ਸਕੂਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਡਰ-19 ਟੱਗ ਆਫ਼ ਵਾਰ ਟੀਮ (ਲੜਕੀਆਂ) ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਅੰਡਰ-14 ਵਾਲੀਬਾਲ ਟੀਮ ਨੇ ਕਾਂਸੀ ਦਾ ਤਗਮਾ ਅਤੇ ਟਗ ਆਫ਼ ਵਾਰ ਅੰਡਰ-14 ਮੁੰਡਿਆਂ ਦੀ ਟੀਮ ਨੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਹੈ।



ਉਨ੍ਹਾਂ ਉਕਤ ਉਪਲਬੱਧੀ 'ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਬਾਕੀ ਵਿਦਿਆਰਥੀਆਂ ਨੂੰ ਵੀ ਖੇਡਾਂ ਦੇ ਮਹੱਤਵ ਤੋਂ ਜਾਣੂ ਕਰਵਾਇਆ ਅਤੇ ਖੇਡਾਂ ਦੇ ਖੇਤਰ 'ਚ ਅੱਗੇ ਵੱਧਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਉਕਤ ਤੋਂ ਇਲਾਵਾ ਅੰਡਰ-17 ਲੜਕਿਆਂ ਦੀ ਟੀਮ ਨੇ ਕਾਂਸੀ, ਅੰਡਰ-19 ਲੜਕਿਆਂ ਦੀ ਟੀਮ ਨੇ ਚਾਂਦੀ, ਅੰਡਰ-14 ਲੜਕੀਆਂ ਨੇ ਸੋਨੇ, ਅੰਡਰ-17 ਲੜਕੀਆਂ ਦੀ ਟੀਮ ਨੇ ਕਾਂਸੀ ਅਤੇ ਅੰਡਰ-19 ਲੜਕੀਆਂ ਦੀ ਟੀਮ ਨੇ ਸੋਨ ਤਗਮਾ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਕਰਾਟੇ ਖੇਡ 'ਚ ਭਾਗ ਲੈਂਦਿਆਂ ਵਿਅਕਤੀਗਤ ਰੂਪ 'ਚ ਸਚਲੀਨ ਕੌਰ ਨੇ ਸੋਨ ਤਗਮਾ, ਸਮਰਦੀਪ ਕੌਰ ਨੇ ਸੋਨ ਤਗਮਾ, ਕਰਨਦੀਪ ਕੌਰ ਨੇ ਚਾਂਦੀ ਤਗਮਾ, ਗੁਰਨੀਤ ਕੌਰ ਨੇ ਚਾਂਦੀ ਤਗਮਾ ਅਤੇ ਰਵਪ੍ਰੀਤ ਕੌਰ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ ਹੈ। ਇਸ ਮੌਕੇ ਸਮੂਹ ਵਿਦਿਆਰਥੀ, ਅਧਿਆਪਕ ਹਾਜ਼ਰ ਸਨ।

## ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲਏ ਗਏ ਫ਼ੈਸਲਿਆਂ ਦਾ ਰਮਨ ਬਹਿਲ ਵੱਲੋਂ ਸਵਾਗਤ

ਗੁਰਦਾਸਪੁਰ (ਜਨਕ ਮਹਾਜਨ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿਚ ਨਵੀਂ ਨੀਤੀ ਤਹਿਤ, "ਮੇਰਾ ਖੇਤ, ਮੇਰੀ ਰੇਤ" ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ, ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ 1988 ਤੋਂ ਬਾਅਦ ਪੰਜਾਬ ਬਹੁਤ ਵੱਡੇ ਹੜ੍ਹਾਂ ਦੀ ਮਾਰ ਝੇਲ ਰਿਹਾ ਹੈ। ਸੂਬੇ ਦੇ 23 ਜ਼ਿਲ੍ਹੇ ਇਸ ਵੇਲੇ ਹੜ੍ਹਾਂ ਦੀ ਲਪੇਟ ਵਿੱਚ ਹਨ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ 6 ਮਹੀਨੇ ਦੀ ਛੋਟ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿਚ ਫੌਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ। ਰਮਨ ਬਹਿਲ ਨੇ ਲੋਕ ਪੱਖੀ ਫ਼ੈਸਲਿਆਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।




## ਖਾਲਸਾ ਕਾਲਜ ਗੁਰਦਾਸਨੰਗਲ ਨੇ ਆਈਸੀਟੀ ਅਕੈਡਮੀ ਜੰਮੂ ਨਾਲ ਐੱਮਓਯੂ ਸਾਈਨ ਕੀਤਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਇੰਜੀ. ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ, ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵੱਲੋਂ ਆਈਸੀਟੀ ਅਕੈਡਮੀ ਜੰਮੂ ਨਾਲ ਐਮਓਯੂ ਸਾਈਨ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਨੇਜਰ ਅਕਾਦਮਿਕ ਕਾਰਜ, ਆਈ ਸੀਟੀ ਅਕੈਡਮੀ ਜੰਮੂ ਉਚੇਚੇ ਤੌਰ 'ਤੇ ਕਾਲਜ ਪਹੁੰਚੇ। ਉਨ੍ਹਾਂ ਨੇ ਅਕੈਡਮੀ ਵੱਲੋਂ ਕਰਵਾਏ ਜਾਂਦੇ ਵਿਸ਼ੇਸ਼ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਕੈਡਮੀ ਵੱਲੋਂ ਟੀਚਰ ਟ੍ਰੇਨਿੰਗ ਪ੍ਰੋਗਰਾਮ, ਫਕੈਲਿਟੀ ਡਿਵੈਲਪਮੈਂਟ ਪ੍ਰੋਗਰਾਮ, ਸੈਮੀਨਾਰ, ਵਰਕਸ਼ਾਪ, ਕਾਨਫਰੰਸ ਅਤੇ ਵਿਦਿਆਰਥੀਆਂ ਲਈ ਸ਼ਖਸੀਅਤ ਉਸਾਰੀ ਅਤੇ ਹੁਨਰ ਵਿਕਾਸ ਪ੍ਰੋਗਰਾਮ ਸਮੇਂ- ਸਮੇਂ ਕਰਵਾਏ ਜਾਣਗੇ। ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿੱਦਿਆ ਸਕੱਤਰ ਇੰਜੀ. ਸੁਖਮਿੰਦਰ ਸਿੰਘ ਦੀ ਦੂਰ-ਅੰਦੇਸ਼ੀ ਸੋਚ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਆਸੇ ਦੀ ਪੂਰਤੀ ਹਿੱਤ ਵੱਖ-ਵੱਖ ਕੰਪਨੀਆਂ ਨਾਲ ਤਾਲਮੇਲ ਕੀਤਾ ਗਿਆ ਹੈ ਤਾਂ ਜੋ ਅਜੋਕੇ ਨੌਜਵਾਨ ਵਿਦਿਆਰਥੀ ਵਰਗ ਨੂੰ ਆਪਣੇ ਦੇਸ਼ ਵਿੱਚ ਰਹਿੰਦਿਆਂ ਹੋਇਆਂ ਰੁਜ਼ਗਾਰ ਪ੍ਰਾਪਤੀ ਲਈ ਤਿਆਰ ਕਰਨ ਉਪਰੰਤ ਵਧੀਆ ਅਹੁਦਿਆਂ ਤੇ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀ ਵਰਗ ਵਿੱਚ ਵਿਦੇਸ਼ ਜਾ ਕੇ ਸੈੱਟ ਹੋਣ ਦੀ ਦੌੜ ਨੂੰ ਠੱਲ੍ਹ ਪਾਉਣ ਲਈ ਸਾਡਾ ਇਹ ਕਦਮ ਕਾਰਗਰ ਸਾਬਤ ਹੋਵੇਗਾ। ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਹਾਜ਼ਰੀ ਵਿੱਚ ਇਸ ਨਾਮਵਰ ਅਕੈਡਮੀ ਨਾਲ ਐੱਮਓਯੂ ਸਾਈਨ ਕੀਤਾ ਗਿਆ।



## ਹੜ੍ਹ ਪੀੜਤਾਂ ਦੀ ਮਦਦ ਕਰਨ ਵਾਲਿਆਂ ਲਈ ਲੰਗਰ ਦੀ ਸੇਵਾ



ਚੋਹਲਾ ਸਾਹਿਬ (ਰਮਨ ਚੱਢਾ)-ਬੀਤੇ ਦਿਨੀਂ ਆਈਆਂ ਤੇਜ਼ ਬਾਰਿਸ਼ਾਂ ਕਾਰਨ ਪੰਜਾਬ ਦੇ ਬਾਹਰਲਿਆਂ ਸੂਬਿਆਂ ਤੋਂ ਅਤੇ ਪੰਜਾਬ ਵਿੱਚ ਵਗਦੇ ਦਰਿਆ ਬਿਆਸ ਅਤੇ ਸਤਲੁਜ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਜਿਸ ਕਾਰਨ ਮੰਡ ਏਰੀਏ ਅਤੇ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ ਜਿਸ ਕਰਕੇ ਲੋਕਾਂ ਦੀਆਂ ਫਸਲਾਂ, ਪਸ਼ੂਆਂ ਦਾ ਚਾਰਾ ਖਰਾਬ ਹੋ ਗਿਆ ਅਤੇ ਲੋਕਾਂ ਦੇ ਘਰਾਂ ਦੀਆਂ ਛੱਤਾਂ ਡਿੱਗ ਪਈਆਂ ਜਿਸ ਕਾਰਨ ਛੱਤਾਂ ਹੇਠਾਂ ਪਿਆ ਕੀਮਤੀ ਸਮਾਨ ਖਰਾਬ ਹੋ ਗਿਆ ਅਤੇ ਬਹੁਤ ਸਾਰੇ ਲੋਕੈ ਦੇ ਗੰਭੀਰ ਸੱਟਾਂ ਵੀ ਲੱਗੀਆਂ। ਇਨ੍ਹਾਂ ਪੀੜਤਾਂ ਦੀ ਮਦਦ ਲਈ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚੋਂ ਪੰਜਾਬ ਤੋਂ ਬਾਹਰਲੀਆਂ ਸਟੇਟਾਂ ਤੋਂ ਵੀ ਮਦਦ ਕਰਨ ਲਈ ਟਰਾਲੀਆਂ, ਗੱਡੀਆਂ ਆਦਿ ਲੈ ਕੇ ਦਾਨੀ ਸੱਜਣ ਪਿੰਡਾਂ ਵਿੱਚ ਪਹੁੰਚ ਰਹੇ ਹਨ ਅਤੇ ਲੋਕਾਂ ਦੀ ਮਦਦ ਕਰ ਰਹੇ ਹਨ। ਇਨ੍ਹਾਂ ਦਾਨੀ ਸੱਜਣਾਂ ਲਈ ਗੁਰੂ ਦੇ ਲੰਗਰ ਦਾ ਖਾਸ ਪ੍ਰਬੰਧ ਜੇ ਜੇ ਹਵੇਲੀ ਦੇ ਮਾਲਕ ਜਰਨੈਲ ਸਿੰਘ ਵੱਲੋਂ ਅਤੇ ਉਨਾਂ ਦੇ ਪਰਿਵਾਰ ਵੱਲੋਂ ਲੰਗਰ ਲਗਾਇਆ ਗਿਆ ਹੈ ਅਤੇ ਹਰੇਕ ਦਾਨੀ ਸੱਜਣਾਂ ਨੂੰ ਲੰਗਰ ਛਕਾਇਆ ਜਾ ਰਿਹਾ ਹੈ। ਉਨ੍ਹਾਂ ਦੂਸਰੇ ਹੋਟਲਾਂ ਵਾਲਿਆਂ ਨੂੰ ਵੀ ਕਿਹਾ ਕਿ ਉਹ ਜੇ ਜੇ ਹਵੇਲੀ ਵਾਂਗ ਗੁਰੂ ਦਾ ਲੰਗਰ ਚਲਾਉਣ ਅਤੇ ਦਾਨੀ ਸੱਜਣਾਂ ਦੀ ਮਦਦ ਕਰਨ। ਸਵ: ਬਖਸ਼ੀਸ਼ ਸਿੰਘ ਅਤੇ ਉਨ੍ਹਾਂ ਦੇ ਸਪੱਤਰ ਕੇਵਲ ਸਿੰਘ ਬੱਬੂ, ਆਲਮ ਸਿੰਘ, ਜੈਬੀਰ, ਗੁਰਜੀਤ ਸਿੰਘ ਪ੍ਰਿੰਸ, ਇੰਦਰ ਸਿੰਘ ਅਤੇ ਇਲਾਕਾ ਨਿਵਾਸੀਆਂ ਵੱਲੋਂ ਲੰਗਰ ਲਗਾਇਆ ਗਿਆ।

## ਵਿਧਾਇਕ ਰੰਧਾਵਾ ਵੱਲੋਂ ਨਗਰ ਕੌਂਸਲ ਡੇਰਾ ਬਾਬਾ ਨਾਨਕ ਨੂੰ ਸੀਵਰੇਜ ਸਾਫ਼ ਕਰਨ ਵਾਲੀਆਂ ਮਸ਼ੀਨਾਂ ਭੇਟ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਤੋਂ ਆਪ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਦਫ਼ਤਰ ਵਿਖੇ ਕਸਬਾ ਡੇਰਾ ਬਾਬਾ ਨਾਨਕ ਦੇ ਸੀਵਰੇਜ ਸਿਸਟਮ ਨੂੰ ਸਫ਼ਾਈ ਪੱਖੋਂ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਲੋੜੀਂਦੀਆਂ ਛੋਟੀਆਂ ਮਸ਼ੀਨਾਂ ਅਤੇ ਵਾਟਰ ਡਿਸਚਾਰਜ ਪੰਪ ਭੇਟ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸੀਵਰੇਜ ਸਫ਼ਾਈ ਕਰਮਚਾਰੀਆਂ ਨੂੰ ਸੀਵਰੇਜ ਸਾਫ ਕਰਨ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਕਿਉਂਕਿ ਬਰਸਾਤ ਤੋ ਬਾਅਦ ਸੀਵਰੇਜ ਦੀਆਂ ਪਾਈਪਾਂ ਵਿੱਚ ਪਲਾਸਟਿਕ ਦੇ ਲਿਫਾਫੇ ਅਤੇ ਹੋਰ ਕਈ ਤਰ੍ਹਾਂ ਦੇ ਕੂੜਾ ਕਰਕਟ ਆ ਜਾਂਦੇ ਸਨ ਅਤੇ ਸੀਵਰੇਜ ਬੰਦ ਹੋ ਜਾਂਦਾ ਸੀ, ਜਿਸ ਨੂੰ ਸਾਫ਼ ਕਰਨ ਵਿੱਚ ਸਫਾਈ ਕਰਮਚਾਰੀਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੀਵਰੇਜ ਦੀ ਸੁਖੱਲੀ ਅਤੇ ਚੰਗੀ ਤਰ੍ਹਾਂ ਸਫ਼ਾਈ ਕਰਵਾਉਣ ਦੇ ਮੰਤਵ ਨਾਲ ਨਗਰ ਕੌਂਸਲ ਡੇਰਾ ਬਾਬਾ ਨਾਨਕ ਨੂੰ ਛੋਟੀਆਂ ਸੀਵਰੇਜ ਸਾਫ ਕਰਨ ਵਾਲੀਆਂ ਮਸ਼ੀਨਾਂ, ਵਾਟਰ ਡਿਸਚਾਰਜ ਪੰਪ ਅਤੇ ਈ-ਰਿਕਸ਼ਾ ਸੀਵਰੇਜ ਸਫ਼ਾਈ ਮਸ਼ੀਨਾਂ ਲੈ ਕੇ ਦਿੱਤੀਆਂ ਗਈਆਂ ਹਨ। ਕਰਵਾਈਆਂ ਗਈਆਂ ਹਨ ਤਾਂ ਜੋ ਡੇਰਾ ਬਾਬਾ ਨਾਨਕ ਦੇ ਲੋਕਾਂ ਨੂੰ ਸੀਵਰੇਜ ਦੀ ਸਮੱਸਿਆ ਤੋਂ ਆ ਰਹੀਆਂ ਮੁਸ਼ਕਿਲਾਂ ਤੋਂ ਰਾਹਤ ਮਿਲ ਸਕੇ। ਇਸ ਮੌਕੇ ਸਮੂਹ ਕੌਂਸਲਰਾਂ ਨੇ ਪੰਜਾਬ ਦੇ ਲੋਕਲ ਬਾਡੀ ਮੰਤਰੀ ਡਾਕਟਰ ਰਣਜੋਤ ਅਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਸੀਵਰੇਜ ਮਸ਼ੀਨਾਂ ਦੇਣ ਤੇ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪ੍ਰਧਾਨ ਰਾਜੇਸ਼ ਕੁਮਾਰ ਗੁਪਤਾ, ਸਾਬਕਾ



ਚੇਅਰਮੈਨ ਕੁਲਵੰਤ ਸਿੰਘ ਅਗਵਾਨ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਰਜਤ ਮਰਵਾਹਾ, ਕੌਂਸਲਰ ਸਤਪਾਲ ਸ਼ੌਂਕੀ, ਕੌਂਸਲਰ ਸੁਖਵਿੰਦਰ ਸਿੰਘ ਪੱਖੋਕੇ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਬਲਦੇਵ ਰਾਜ, ਆਪ ਆਗੂ ਮੇਜਰ ਸਿੰਘ ਠੇਠਰਕੇ, ਬਲਕਾਰ ਸਿੰਘ ਫੌਜੀ, ਸਰਪੰਚ ਸੁਖਜਿੰਦਰ ਸਿੰਘ, ਰਮੇਸ਼ ਬੱਬਰ, ਰਾਜੇਸ਼ ਹਾਂਡਾ, ਮੇਜਰ ਸਿੰਘ ਠੇਠਰਕੇ, ਡਾ. ਗੁਰਦੇਵ ਸਿੰਘ, ਲਵਪ੍ਰੀਤ ਸਿੰਘ ਪੀਏ, ਜੇਈ ਮਨਪ੍ਰੀਤ ਸਿੰਘ ਬੰਦੇਸਾ, ਗਗਨਦੀਪ ਅਤੇ ਵਿੱਕੀ ਰੰਧਾਵਾ ਆਦਿ ਹਾਜ਼ਰ ਸਨ।

## ਖ਼ੂਨਦਾਨ ਕੈਂਪ ਲਗਾਉਣ ਵਾਲੇ ਇਕਬਾਲ ਸਿੰਘ ਖਾਲਸਾ ਸਹਾਰਾ ਕਲੱਬ ਬਟਾਲਾ ਵੱਲੋਂ ਸਨਮਾਨਿਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਖ਼ੂਨਦਾਨ ਕੈਂਪ ਲਗਾ ਕੇ ਹਜ਼ਾਰਾਂ ਲੋਕਾਂ ਦੀ ਜਾਨ ਬਚਾਉਣ ਵਾਲੇ ਇਕਬਾਲ ਸਿੰਘ ਖਾਲਸਾ ਨੂੰ ਸਹਾਰਾ ਕਲੱਬ ਬਟਾਲਾ ਦੇ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ, ਸਹਾਰਾ ਕਲੱਬ ਬਟਾਲਾ ਦੇ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਵੰਡਣ ਅਤੇ ਮਹੀਨਾਵਾਰ ਪੈਨਸ਼ਨ ਵੰਡ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ ਇਕਬਾਲ ਸਿੰਘ ਖਾਲਸਾ, ਮਾਸਟਰ ਨਿਰਮਲ ਸਿੰਘ ਲੋਕ ਸੇਵਾ ਮੰਚ ਰਜਿ ਬਹੂਰੀਆ ਸੈਣੀਆਂ ਗੁਰਦਾਸਪੁਰ ਕਾਫੀ ਲੰਬੇ ਸਮੇਂ ਤੋਂ ਮਾਸਟਰ ਨਿਰਮਲ ਸਿੰਘ ਦੀ ਯਾਦ ਵਿੱਚ ਮਾਸਟਰ ਨਿਰਮਲ ਸਿੰਘ ਸੇਵਾ ਮੰਚ ਚਲਾ ਰਹੇ ਹਨ ਅਤੇ ਉਹ ਕਾਫੀ ਸਮੇਂ ਤੋਂ ਵੱਖ-ਵੱਖ ਥਾਵਾਂ ਤੇ ਖ਼ੂਨਦਾਨ ਕੈਂਪ ਲਾ ਕੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀਆਂ ਬਚਾ ਸਕੇ ਹਨ।

ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਹਾਰਾ ਕਲੱਬ ਬਟਾਲਾ ਦੇ ਵੱਲੋਂ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ।





ਇਸ ਮੌਕੇ ਸਹਾਰਾ ਕਲੱਬ ਦੇ ਪ੍ਰਧਾਨ ਜਤਿੰਦਰ ਕੱਦ, ਰਤਨ ਬਡਵਾਲ ਤੋਂ ਇਲਾਵਾ ਮਾਸਟਰ ਜੋਗਿੰਦਰ ਸਿੰਘ, ਸ਼ਿਵ ਲਾਲ ਸ਼ਰਮਾ ਇੰਦਰਜੀਤ ਭਸੀਨ, ਤੇਜਬੀਰ ਸਿੰਘ, ਸਟੇਟ ਅਵਾਰਡੀ ਪ੍ਰੇਮ ਸਿੰਘ, ਪ੍ਰਿੰ. ਜਤਿੰਦਰ ਅਰੋੜਾ, ਅਮਰਜੀਤ ਸਿੰਘ, ਡਾ. ਹਰਪਾਲ ਸਿੰਘ ਡਾਇਰੈਕਟਰ ਖੇਤੀ ਬਾੜੀ ਵਿਭਾਗ ਗੁਰਦਾਸਪੁਰ, ਤਹਿਸੀਲਦਾਰ ਲਖਵਿੰਦਰ ਸਿੰਘ, ਲਾਈਨ ਪ੍ਰਧਾਨ ਸੁਭਾਸ਼ ਸ਼ਰਮਾ, ਗੁਰਦੀਪ ਭੱਲਾ, ਰਮੇਸ਼ ਸੇਠ, ਅਨੀਤਾ ਕੱਦ, ਮੈਡਮ ਸੰਤੋਸ਼, ਰੂਬੀ ਰਵੀ ਐਂਬੂਲੈਂਸ ਸਟਾਫ ਅਤੇ ਹੋਰ ਮੈਂਬਰ ਹਾਜ਼ਰ ਸਨ।

## ਬੀ ਐੱਸ ਐੱਫ ਨੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਮੁਫ਼ਤ ਮੈਡੀਕਲ ਕੈਂਪ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- 24 ਬਟਾਲੀਅਨ ਬੀਐੱਸਐੱਫ ਵੱਲੋਂ ਡੇਰਾ ਬਾਬਾ ਨਾਨਕ ਨੇੜਲੇ ਹੜ੍ਹ ਪ੍ਰਭਾਵਿਤ ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਇੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।

ਇਹ ਕੈਂਪ ਸਿਵਿਕ ਐਕਸ਼ਨ ਪ੍ਰੋਗਰਾਮ 2025 ਦੇ ਤਹਿਤ ਆਯੋਜਿਤ ਕੀਤਾ ਗਿਆ ਸੀ। ਕੈਂਪ ਦੀ ਸ਼ੁਰੂਆਤ ਸਾਬਕਾ ਹੈੱਡ ਕਾਂਸਟੇਬਲ ਹਰਦੇਵ ਸਿੰਘ ਵੱਲੋਂ ਕੀਤੀ ਗਈ, ਜਦਕਿ ਸਮਾਗਮ ਨੂੰ ਪਿੰਡ ਦੇ ਪਾਸਟਰ ਮੇਜ਼ੋਰ ਜੋਸਫ ਮਸੀਹ ਵੱਲੋਂ ਵੀ ਸਮਰਥਨ ਦਿੱਤਾ ਗਿਆ। ਇਹ ਮੈਡੀਕਲ ਕੈਂਪ ਰਾਜੇਸ਼ ਕੁਮਾਰ, ਕਮਾਂਡੈਂਟ 24 ਬਟਾਲੀਅਨ ਬੀਐੱਸਐੱਫ ਦੀ ਅਗਵਾਈ ਹੇਠ ਲਗਾਇਆ ਗਿਆ।

ਕੈਂਪ ਵਿੱਚ ਲੋਕਾਂ ਦੀ ਜਾਂਚ ਅਤੇ ਇਲਾਜ ਲਈ ਮਾਹਰ ਡਾਕਟਰਾਂ ਦੀ ਟੀਮ ਮੌਜੂਦ ਰਹੀ, ਜਿਸ ਵਿੱਚ ਡਾ. ਅਤੁਲ ਚੌਹਾਨ, ਕਮਾਂਡੈਂਟ/ਸੀਐੱਮਓ (ਸਜੈਸਟਡ), ਡਾ. ਵਾਈ. ਐੱਸ. ਲਿੰਗਸੰਗਾਮੀ, ਡੀਸੀ/ਐੱਸਐੱਮਓ, ਡਾ. ਅੰਚਲ, ਡਾ. ਪ੍ਰਿਯੰਕਾ ਸ਼ਾਮਿਲ ਸਨ। ਇਸ ਕੈਂਪ ਦੌਰਾਨ ਮਾਹਿਰ ਤੇ ਤਜਰਬੇਕਾਰ ਡਾਕਟਰਾਂ ਤੇ ਮੈਡੀਕਲ ਸਟਾਫ ਨੇ ਮਰੀਜ਼ਾਂ ਦਾ ਚੈੱਕਅਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ। ਇਸ ਕੈਂਪ ਵਿੱਚ ਨੇੜਲੇ ਪਿੰਡਾਂ ਤੋਂ ਕੁੱਲ 417 ਪਿੰਡ ਵਾਸੀਆਂ ਨੇ ਲਾਭ ਲਿਆ ਅਤੇ ਆਪਣੀ ਸਿਹਤ ਸੰਬੰਧੀ ਜਾਂਚਾਂ ਕਰਵਾਈਆਂ।





ਬੀਐੱਸਐੱਫ ਦੇ ਅਧਿਕਾਰੀਆਂ ਨੇ ਕਿਹਾ ਕਿ ਬੀਐਸਐਫ ਵੱਲੋਂ ਆਯੋਜਿਤ ਇਹ ਯਤਨ ਸਰਹੱਦੀ ਖੇਤਰ ਦੇ ਲੋਕਾਂ ਦੀ ਭਲਾਈ ਲਈ ਇਕ ਉਲੇਖਣੀਕ ਕਦਮ ਹੈ ਜੋ ਭਵਿੱਖ ਵਿੱਚ ਵੀ ਜਾਰੀ ਰਹੇਗਾ।

## ਸਿੱਧ ਜੋਗੀ ਟਰੱਸਟ ਨੇ ਲਗਾਇਆ ਮੁਫਤ ਮੈਡੀਕਲ ਕੈਂਪ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ )-ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢੱਕੋ ਦੇ ਗੱਦੀਨਸ਼ੀਨ 108 ਸੰਤ ਰਮੇਸ਼ ਦਾਸ ਮਹਾਰਾਜ ਦੀ ਯੋਗ ਅਗਵਾਈ ਹੇਠ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ. ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਡਾਕਟਰ ਪ੍ਰਭ ਹੀਰ ਦੀ ਸਮੁੱਚੀ ਟੀਮ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਹੜ੍ਹ ਨਾਲ ਪੀੜਿਤ ਪਿੰਡਾਂ ਵਿੱਚ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ 108 ਸੰਤ ਰਮੇਸ਼ ਦਾਸ ਮਹਾਰਾਜ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਮੁੱਚੇ ਪੰਜਾਬੀਆਂ ਨੂੰ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਲੋੜਵੰਦਾਂ ਦੀ ਮਦਦ ਕਰਨ ਵਿੱਚ ਅੱਗੇ ਆਉਣਾ ਚਾਹੀਦਾ ਹੈ।



10 Sep Page 12.qxd 9/9/2025 10:35 PM Page 1





# ਇਨਕਲਾਬੀ ਕਵੀ ਪਾਸ਼ ਦਾ ਜਨਮ ਦਿਹਾੜਾ ਮਨਾਇਆ

**ਜਲੰਧਰ ( ਨ ਜ ਸ)-** ਇਨਕਲਾਬੀ ਕਵੀ ਪਾਸ਼ ਦੇ ਜਨਮ ਦਿਹਾੜੇ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਲਾਇਬ੍ਰੇਰੀ ਦੇ ਬੱਚਿਆਂ ਦੇ ਸਹਿਯੋਗ ਨਾਲ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੀ ਰਹਿਨੁਮਾਈ ਹੇਠ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਹਾਲ ਵਿੱਚ ਮੋਮਬੱਤੀਆਂ ਜਗਾ ਕੇ ਮਨਾਇਆ। ਇਸ ਮੌਕੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਸਹਾਇਕ ਸਕੱਤਰ ਚਰੰਜੀਲਾਲ ਕੰਗਣੀਵਾਲ ਨੇ ਬੱਚਿਆਂ ਨੂੰ ਸੰਬੋਧਨ ਦੌਰਾਨ ਕਿਹਾ ਕਿ ਇਨਕਲਾਬੀ ਕਵੀ ਪਾਸ਼ ਦੀਆਂ ਕਵਿਤਾਵਾਂ ਤੇ ਗੀਤ ਸਦਾ ਅਮਰ ਰਹਿਣਗੇ। ਪਾਸ਼ ਦੇ ਗੀਤ ਇਨਕਲਾਬੀਆਂ ਲਈ ਚਾਨਣ ਮੁਨਾਰਾ ਅਤੇ ਸਦਾ ਬਹਾਰ ਹਨ। ਪਾਸ਼ ਨੇ ਆਪਣੀਆਂ ਰਚਨਾਵਾਂ ਵਿੱਚ ਕਮੀਆਂ ਦੀ ਜ਼ਿੰਦਗੀ ਖੁਸ਼ਹਾਲ ਬਣਾਉਣ ਦੇ ਗੀਤ ਲਿਖੇ ਤੇ ਸਟੇਜਾਂ 'ਤੇ ਗਾਏ ਹਨ। ਆਗੂਆਂ ਨੇ ਕਿਹਾ ਕਿ ਇਸ ਵਾਰ ਗਦਰੀ ਬਾਬਿਆਂ ਦਾ ਮੇਲਾ 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਗਦਰੀ ਗੁਲਾਬ ਕੌਰ ਦੀ 100ਵੀਂ ਬਰਸੀ ਨੂੰ ਸਮਰਪਤ ਹੋ ਰਿਹਾ ਹੈ। ਮੇਲੇ ਦੇ ਲੰਗਰ ਦਾ ਪ੍ਰਬੰਧ ਗਦਰੀ ਭਗਤ ਸਿੰਘ ਬਿਲਗਾ ਦੇ ਪੁੱਤਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਸੰਘੇੜਾ ਅਤੇ ਉਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਮੈਂਬਰ ਰਾਜਿੰਦਰ ਮੰਡ ਐਡਵੋਕੇਟ ਤੇ ਪੰਜ ਆਬ ਵਾਲਾ ਕੇਸਰ ਵੀ ਹਾਜ਼ਰ ਸੀ।

# ਸ਼ਿਵਾਨੀ ਮਹੰਤ ਦੇ ਕਤਲ ਦੇ ਦੋਸ਼ 'ਚ ਇੱਕ ਕਾਬੂ

**ਗੁਰਾਇਆ (ਵਿਜ਼ਟ ਸੁਮਨ)-** ਸਥਾਨਕ ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਗੁਰਾਇਆ ਦੇ ਐਸ.ਐਚ.ਓ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਕਿ ਗੁ ਰਾਮ ਪੁੱਤਰ ਗੁਰਦਿਆਲ ਨਿਵਾਸੀ ਲਸਵਾੜਾ ਥਾਣਾ ਬਿਸ਼ਨਾ ਜ਼ਿਲ੍ਹਾ ਜੰਮੂ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਸ਼ਿਵਾਨੀ ਮਹੰਤ ਉਮਰ ਲਗਭਗ 50 ਸਾਲ ਜੋ ਜਨਮ ਤੋਂ ਹੀ ਮਹੰਤਾਂ ਦੇ ਵੱਖ-ਵੱਖ ਸਮੂਹਾਂ ਨਾਲ ਰਹਿ ਰਿਹਾ ਸੀ ਅਤੇ 2013 ਤੋਂ ਉਸ ਦਾ ਭਰਾ ਸ਼ਿਵਾਨੀ ਮਹੰਤ ਭਾਗਵੰਤੀ ਮਹੰਤ ਹਾਜੀ ਪੁੱਤਰੀ ਮਹੰਗਾ ਰਾਮ ਨਿਵਾਸੀ ਪੱਟੀ ਰੱਤੇ ਕੀ ਗੁਰਾਇਆ ਨਾਲ ਰਹਿ ਰਿਹਾ ਸੀ ਅਤੇ ਇਸ ਸਮੇਂ ਮਾਂਗਾ ਪੱਤੀ ਗੁਰਾਇਆ ਵਿੱਚ ਰਹਿ ਰਿਹਾ ਸੀ। ਚੰਦਰ ਲੋਕ ਕਲੋਨੀ ਲੁਧਿਆਣਾ ਦੀ ਰਹਿਣ ਵਾਲੀ ਨਿਕਿਤਾ ਮਹੰਤ ਪੁੱਤਰੀ ਕਰਨੈਲ ਸਿੰਘ ਸ਼ਿਵਾਨੀ ਮਹੰਤ ਨਾਲ 5 ਅਤੇ 6 ਸਾਲਾਂ ਤੋਂ ਉਸ ਦੀ ਚੇਲੀ ਵਜੋਂ ਰਹਿ ਰਹੀ ਸੀ। 4 ਸਤੰਬਰ ਉਸ ਸਮੇਂ ਸਵੇਰੇ 9 ਵਜੇ ਦੇ ਕਰੀਬ ਨਿਕਿਤਾ ਮਹੰਤ ਨੇ ਮੋਬਾਈਲ ਫੋਨ 'ਤੇ ਜਾਣਕਾਰੀ ਦਿੱਤੀ ਕਿ ਸ਼ਿਵਾਨੀ ਮਹੰਤ ਦੀ ਮੌਤ ਬਾਥਰੂਮ ਵਿੱਚ ਡਿੱਗਣ ਨਾਲ ਹੋ ਗਈ ਹੈ, ਜਿਸ ਕਾਰਨ ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਦੇਰ ਰਾਤ ਗੁਰਾਇਆ ਪਹੁੰਚਿਆ ਅਤੇ ਪਤਾ ਲੱਗਾ ਕਿ ਸ਼ਿਵਾਨੀ ਮਹੰਤ ਦੀ ਲਾਸ਼ ਚੈਰੀਟੇਬਲ ਹਸਪਤਾਲ ਬਿਲਗਾ ਵਿੱਚ



ਰੱਖੀ ਗਈ ਹੈ। ਉਹ ਆਪਣੇ ਪਰਿਵਾਰ ਨਾਲ ਬਿਲਗਾ ਗਿਆ ਅਤੇ ਆਪਣੇ ਭਰਾ ਦੀ ਲਾਸ਼ ਦੇਖੀ, ਉਸ ਦੀ ਗਰਦਨ 'ਤੇ ਕਈ ਨਿਸ਼ਾਨ ਸਨ। ਉਦੋਂ ਹੀ ਉਸ ਨੂੰ ਯਕੀਨ ਹੋ ਗਿਆ ਕਿ ਉਸ ਦੇ ਭਰਾ ਨੂੰ ਨਿਕਿਤਾ ਮਹੰਤ ਨੇ ਕਿਸੇ ਕੱਪੜੇ ਨਾਲ ਗਲਾ ਘੁੱਟ ਕੇ ਮਾਰ ਦਿੱਤਾ ਹੈ। ਜਿਸ 'ਤੇ ਐਸ ਆਈ ਜਸਵਿੰਦਰ ਪਾਲ ਪੁਲਸ ਸਟੇਸ਼ਨ ਗੁਰਾਇਆ ਨੇ ਮੁਕੱਦਮਾ ਨੰਬਰ 170 ਦਰਜ ਕੀਤਾ। ਜਿਸ ਤੋਂ ਬਾਅਦ ਜਾਂਚ ਦੌਰਾਨ ਮੁਲਜ਼ਮ ਹਰਦੀਪ ਸਿੰਘ ਉਰਫ ਦੀਪਾ ਪੁੱਤਰ ਲਛਮਣ ਸਿੰਘ ਵਾਸੀ ਲਹਿਲ ਨੇੜੇ ਰਾੜਾ ਸਾਹਿਬ, ਥਾਣਾ ਮਲੌਦ, ਜ਼ਿਲ੍ਹਾ ਲੁਧਿਆਣਾ ਅਤੇ ਜਤਿੰਦਰ ਸਿੰਘ ਉਰਫ ਪੱਪੀ ਪੁੱਤਰ ਕਰਨੈਲ ਸਿੰਘ ਵਾਸੀ ਮਜੀਠਾ ਰੋਡ, ਅੰਮ੍ਰਿਤਸਰ ਅਤੇ ਇੱਕ ਅਣਪਛਾਤੇ ਵਿਅਕਤੀ ਨੂੰ ਨਾਮਜ਼ਦ ਕੀਤਾ ਗਿਆ। ਜਾਂਚ ਦੌਰਾਨ ਤਕਨੀਕੀ ਸੈੱਲ ਦੀ ਮਦਦ ਨਾਲ ਮਾਮਲੇ ਵਿੱਚ ਹਰਦੀਪ ਸਿੰਘ ਉਰਫ ਦੀਪਾ ਪੁੱਤਰ ਲਛਮਣ ਸਿੰਘ ਵਾਸੀ ਲਹਿਲ ਨੇੜੇ ਰਾੜਾ ਸਾਹਿਬ, ਥਾਣਾ ਮਲੌਦ, ਜ਼ਿਲ੍ਹਾ ਲੁਧਿਆਣਾ ਨੂੰ 7 ਸਤੰਬਰ ਨੂੰ ਗ੍ਰਿਫ਼ਤਾਰ ਕਰਕੇ ਏਰੀਆ ਮੈਜਿਸਟ੍ਰੇਟ ਫਿਲੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਦਾ ਪੁਲਸ ਰਿਮਾਂਡ ਪ੍ਰਾਪਤ ਕਰਕੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਸ ਨੇ ਕਿਸ ਦੇ ਇਸ਼ਾਰੇ 'ਤੇ ਅਤੇ ਕਿਸ ਲਾਲਚ ਕਾਰਨ ਸ਼ਿਵਾਨੀ ਮਹੰਤ ਦਾ ਕਤਲ ਕੀਤਾ। ਉਸ ਪਾਸੋਂ ਉਸ ਦੇ ਬਾਕੀ ਸਾਥੀਆਂ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜਿਨ੍ਹਾਂ ਦੋਸ਼ੀਆਂ ਨੂੰ ਅਜੇ ਤੱਕ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਤਕਨੀਕੀ ਸੈੱਲ ਦੀ ਮਦਦ ਨਾਲ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਬਾਹੋਵਾਲ ਤੇ ਬਾੜੀਆਂ ਚੋਅ 'ਚ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਨਹੀਂ ਹੋਈ ਸਫ਼ਾਈ : ਧੀਮਾਨ

**ਮਹਿਲਪੁਰ/ਆਣਾ (ਜਗਤਾਰ ਸਿੰਘ ਡੂੰਗਰਾਲੀ)-** ਲੇਬਰ ਪਾਰਟੀ ਦੇ ਪ੍ਰਧਾਨ ਜੇ ਗੋਪਾਲ ਧੀਮਾਨ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪ੍ਰੈਸ ਕੌਂਸਲ ਤੋਂ ਹੇਠਾਂ ਵੱਲ ਤੋਂ ਭ੍ਰਿਸ਼ਟਾਚਾਰ ਹੇਠਾਂ ਤੋਂ ਉਪਰ ਤੱਕ ਕੀਤਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਨੇ ਹਮੇਸ਼ਾ ਲੋਕਾਂ ਦੇ ਮੂਲ ਸੰਵਿਧਾਨਕ ਅਧਿਕਾਰਾਂ ਉੱਤੇ ਸੱਟ ਮਾਰੀ ਹੈ।ਅਗਰ ਚੋਆਂ ਦੀ ਰਹਿੰਦੇ ਸਮੇਂ ਸਿਰ ਸਫ਼ਾਈ ਹੋਈ ਹੁੰਦੀ ਤਾਂ ਨਾ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਅਤੇ ਨਾ ਹੀ ਆਮ ਲੋਕ ਮੁਸੀਬਤਾਂ ਵਿਚ ਫਸਦੇ ਤੇ ਪਾਣੀ ਦਾ ਬਹਾਓ ਵੀ ਬਿਨਾਂ ਨੁਕਸਾਨ ਕੀਤਿਆਂ ਧਰਤੀ ਵਿਚ ਸਮਾ ਜਾਂਦਾ।ਇਸ ਸਬੰਧ ਵਿਚ ਜੇ ਗੋਪਾਲ ਧੀਮਾਨ ਨੇ ਮਨਰੇਗਾ ਦੀਆਂ ਸਾਈਟਾਂ ਤੋਂ ਚੋਆਂ ਦੀ ਸਫ਼ਾਈ ਲਈ ਡ੍ਰੇਨਿਜ ਵਿਭਾਗ ਨੂੰ ਚੋਆਂ ਦੀ ਸਫ਼ਾਈ ਲਈ, ਚੋਆਂ ਦੇ ਬੰਨ੍ਹ ਬਣਾਉਣ ਲਈ ਅਤੇ ਆਸ ਪਾਸ ਦਰੱਖ਼ਤ ਲਗਾਉਣ ਲਈ ਲਿਖੇ ਲੱਖਾਂ ਰੁਪਿਆਂ ਦਾ ਬਾਹੋਵਾਲ ਤੇ ਬਾੜੀਆਂ ਦੇ ਚੋਆਂ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਚੋਅ ਸਾਰੇ ਬੁਰੀ ਤਰ੍ਹਾਂ ਦਰੱਖਤਾਂ, ਝਾੜੀਆਂ ਅਤੇ ਸਰਕੰਡੇ



ਨਾਲ ਭਰੇ ਹੋਣ ਕਾਰਨ ਮੀਂਹਾਂ ਦੇ ਪਾਣੀ ਦਾ ਸਹੀ ਬਹਾਓ ਨਾ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤੇ ਚੰਡੀਗੜ੍ਹ ਰੋਡ ਉੱਤੇ ਬਾਹੋਵਾਲ ਚੋਅ ਉੱਤੇ ਬਣੇ ਪੁਲ ਦੇ ਸਾਰੇ ਫਲੱਡ ਗੇਟ ਬੁਰੀ ਤਰ੍ਹਾਂ ਰੁਕਾਵਟਾਂ ਨਾਲ ਭਰੇ ਪਏ ਹਨ ਤੇ ਵਿਭਾਗ ਨੇ ਬਰਸਾਤ ਤੋਂ ਪਹਿਲਾਂ ਸਫ਼ਾਈ ਕਰਨ ਦੀ ਬਜਾਏ ਕਾਗਜ਼ਾਂ ਵਿਚ ਹੀ ਸਫ਼ਾਈ ਲਈ ਭੇਜੇ ਹੋਏ ਰੇਟ ਅਤੇ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਦਿਤਾ।ਧੀਮਾਨ ਨੇ ਦਸਿਆ ਕਿ ਜਿਸ ਵੀ ਪਿੰਡ ਵਿਚੋਂ ਚੋਅ ਲੰਘਦਾ ਹੈ, ਉਸ ਪਿੰਡ ਨੂੰ ਚੋਆਂ ਦੀ ਸਫ਼ਾਈ, ਕਿਨਾਰੇ ਮਜ਼ਬੂਤ ਕਰਨ, ਚੋਆਂ ਉੱਤੇ ਬਣੇ ਪੁਲਾਂ ਦੇ ਸੈਫ਼ਨਾਂ ਦੀ ਸਫ਼ਾਈ ਲਈ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਗ੍ਰਾਮ ਪੰਚਾਇਤਾਂ ਦੇ ਨਾਮ ਉੱਤੇ ਡ੍ਰੇਨੇਜ ਵਿਭਾਗ ਨੂੰ ਮਿਲਦੀਆਂ ਹਨ।ਜਿਥੇ ਇਹ ਕੰਮ ਮਨਰੇਗਾ ਵਰਕਰਾਂ ਦੁਆਰਾ ਕਰਵਾਉਣਾ ਹੁੰਦਾ ਹੈ।ਇੰਝ ਲਗਦਾ ਜਿਵੇਂ ਸਭ ਕੁਝ ਭ੍ਰਿਸ਼ਟਾਚਾਰ ਕਰਕੇ ਬਿਨਾਂ ਚੈਕਿੰਗ ਕੀਤਿਆਂ ਪਾਸ ਹੋ ਜਾਂਦਾ ਹੈ।ਧੀਮਾਨ ਨੇ ਕਿਹਾ ਕਿ ਅਗਰ ਪਹਿਲਾਂ ਹੀ ਕੰਮ ਸੁਚੱਜੇ ਢੰਗ ਨਾਲ ਹੋ ਜਾਵੇ ਤਾਂ ਕਰੋੜਾਂ ਰੁਪਏ ਦਾ ਜਿਹੜਾ ਨੁਕਸਾਨ ਹੁੰਦਾ ਹੈ, ਉਸ ਤੋਂ ਬਚਿਆ ਜਾ ਸਕਦਾ ਹੈ।ਅਸਲ ਵਿਚ ਸਰਕਾਰਾਂ ਦੀ ਗਵਰਨੈਂਸ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਹੈ।ਇਨ੍ਹਾਂ ਅਣਗਹਿਲੀਆਂ ਤੋਂ ਲਗਦਾ ਹੈ ਕਿ ਵਰਗੀ ਨਿਪੁੰਨ ਅਜ਼ਾਦ ਏਜੰਸੀ ਨੂੰ ਵੀ ਤਾਲਾ ਲੱਗ ਗਿਆ ਹੈ।ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਡ੍ਰੇਨੇਜ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਸੀ ਬੀ ਆਈ ਤੋਂ ਜਾਂਚ ਕਰਵਾਈ ਜਾਵੇ ਤੇ ਜਾਂਚ ਲਈ ਇਸ ਦੀ ਇਕ ਕਾਪੀ ਪ੍ਰਧਾਨ ਮੰਤਰੀ ਦਫ਼ਤਰ ਨੂੰ ਵੀ ਭੇਜੀ ਜਾਵੇ।

# ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪੀੜਤਾਂ ਦੇ ਪਸ਼ੂਆਂ ਲਈ ਚਾਰਾ ਤੇ ਫੀਡ ਰਵਾਨਾ



**ਲਾਲੜੂ (ਵਿਨੈ ਕੁਮਾਰ ਜੈਨ)-** ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅੱਜ ਲਾਲੜੂ ਅਨਾਜ ਮੰਡੀ ਤੋਂ ਹੜ੍ਹ ਪੀੜਤ ਲੋਕਾਂ ਲਈ ਰਾਹਤ ਸਮੱਗਰੀ ਰਵਾਨਾ ਕੀਤੀ। ਇਹ ਰਾਹਤ ਆੜ੍ਹਤੀ ਐਸੋਸੀਏਸ਼ਨ, ਟਰੱਕ ਯੂਨੀਅਨ ਅਤੇ ਵੱਖ-ਵੱਖ ਪਾਰਟੀ ਅਹੁਦੇਦਾਰਾਂ ਦੇ ਸਹਿਯੋਗ ਨਾਲ ਇਕੱਤਰ ਕੀਤੀ ਗਈ ਸੀ।ਰੰਧਾਵਾ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਾਹਪੁਰ ਜਾਜਾਂ ਵਿੱਚ ਹੜ੍ਹਾਂ ਕਾਰਨ ਲੋਕਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਪਿੰਡ ਦੇ ਬਹੁਤ ਸਾਰੇ ਪਰਵਾਰ ਆਪਣਾ ਘਰ, ਪਸ਼ੂ-ਪਾਲਣ ਅਤੇ ਰੋਜ਼ਮਰ੍ਹਾ ਦੀ ਵਰਤੋਂ ਵਾਲਾ ਸਮਾਨ ਹੜ੍ਹਾਂ ਦੀ ਭੇਟ ਚੜ੍ਹਾ ਬੈਠੇ ਹਨ। ਇਸ ਸੰਕਟ ਦੀ ਘੜੀ ਵਿੱਚ ਉਹਨਾਂ ਦੀ ਸਹਾਇਤਾ ਲਈ ਅੱਜ ਲਾਲੜੂ ਤੋਂ ਦੋ ਟਰੱਕ ਭੇਜੇ ਗਏ ਹਨ, ਜਿਨ੍ਹਾਂ ਵਿੱਚ ਇੱਕ ਟਰੱਕ ਪਸ਼ੂਆਂ ਲਈ ਫੀਡ ਤੇ ਦੂਜਾ ਚੋਕਰ ਨਾਲ ਭਰਿਆ ਗਿਆ ਹੈ।ਵਿਧਾਇਕ ਨੇ ਕਿਹਾ ਕਿ ਹੜ੍ਹਾਂ ਨੇ ਸੂਬੇ ਦੇ ਕਈ ਇਲਾਕਿਆਂ ਵਿੱਚ ਵੱਡਾ ਨੁਕਸਾਨ ਕੀਤਾ ਹੈ, ਇਸ ਲਈ ਸਾਰੇ ਲੋਕਾਂ, ਸੰਸਥਾਵਾਂ ਅਤੇ ਸਰਕਾਰ ਨੂੰ ਇਕੱਠੇ ਮਿਲ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੇ ਆੜ੍ਹਤੀ ਐਸੋਸੀਏਸ਼ਨ, ਟਰੱਕ ਯੂਨੀਅਨ ਅਤੇ ਹੋਰ ਸਹਿਯੋਗੀ ਸੰਸਥਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਰਾਹਤ ਸਮੱਗਰੀ ਨੂੰ ਇਕੱਠਾ ਕਰਨ ਅਤੇ ਪਹੁੰਚਾਉਣ ਵਿੱਚ ਯੋਗਦਾਨ ਪਾਇਆ।ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤ ਭਰਾਵਾਂ ਦੀ ਮਦਦ ਲਈ ਅੱਗੇ ਆਉਣ।

# ਮਾਂ ਭਗਵਤੀ ਜਾਗਰਣ ਯਾਦਾਂ ਛੱਡਦਾ ਹੋਇਆ ਸੰਪੰਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਵੈਲਫੇਅਰ ਕਲੱਬ ਟਾਂਡਾ ਦੇ ਸਮੂਹ ਮੈਂਬਰਾਂ, ਪ੍ਰਧਾਨ ਕੌਂਸਲਰ ਹਰੀ ਕ੍ਰਿਸ਼ਨ ਸੈਣੀ ਅਤੇ ਗਿੰਨੀ ਅਰੋੜਾ ਦੀ ਦੇਖਰੇਖ ਵਿੱਚ ਕਰਵਾਇਆ ਗਿਆ ਵਿਸ਼ਾਲ ਮਾਂ ਭਗਵਤੀ ਜਾਗਰਣ ਆਪਣੀਆਂ ਅਸੀਮ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਨਿੱਬੜਿਆ। ਇਸ ਵਿਸ਼ਾਲ ਜਾਗਰਣ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਵਿਸ਼ੇਸ਼ ਤੌਰ 'ਤੇ ਸਨਾਤਨ ਧਰਮ ਸਭਾ ਉੜਮੁੜ ਪ੍ਰਧਾਨ ਦੀਪਕ ਬਹਿਲ, ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਉੱਘੇ ਸਮਾਜ ਸੇਵੀ ਸੋਨੂੰ ਖੰਨਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਸ਼ਿਵ ਸੈਨਾ ਹਿੰਦੁਸਤਾਨ ਯੁਵਾ ਪੰਜਾਬ ਪ੍ਰਧਾਨ ਰਾਹੁਲ ਖੰਨਾ, ਸਨਾਤਨ ਧਰਮ ਸਭਾ ਅਹਿਆਪੁਰ ਪ੍ਰਧਾਨ ਨਿਖਲੇਸ਼ ਜਸਰਾ ਨੈਨੂੰ, ਡਾ. ਕੇਵਲ ਸਿੰਘ ਕਾਜਲ, ਡਾ. ਲਵਪ੍ਰੀਤ ਸਿੰਘ ਪਾਬਲਾ, ਜਸਵਿੰਦਰ ਜੱਸੀ, ਅਨਿਲ ਕੁਮਾਰ ਗੋਰਾ ਨੇ ਮਾਂ ਦੇ ਦਰਬਾਰ ਵਿੱਚ ਹਾਜ਼ਰੀ ਲਗਵਾ ਕੇ ਮਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਕੰਜਕ ਪੂਜਨ ਉਪਰੰਤ ਇੰਟਰਨੈਸ਼ਨਲ ਪ੍ਰਸਿੱਧ ਗਾਇਕ ਮਨੀ ਲਾਡਲਾ ਵੱਲੋਂ 'ਸ਼ੇਰਾਂਵਾਲੀ ਨੂੰ ਪਸੰਦ ਕਿਵੇਂ ਆਈ ਮੂੰਹੋਂ ਕੁਝ ਬੋਲ ਚੁੰਨੀਏ' ਭਜਨ ਨੇ ਸ਼ਰਧਾਲੂਆਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਹਨਾਂ ਤੋਂ ਇਲਾਵਾ ਇੰਟਰਨੈਸ਼ਨਲ ਗਾਇਕਾ ਸੰਜਨਾ ਭੋਲਾ ਅਤੇ ਪ੍ਰਸਿੱਧ ਗਾਇਕ ਟਿੰਕੂ ਸ਼ਹਿਜ਼ਾਦੇ ਨੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਮੰਤਰ ਮੁਗਧ ਕੀਤਾ।ਇਸ ਮੌਕੇ ਤੇ ਵਿੱਕੀ ਵਰਮਾ, ਬਲਜੀਤ ਰਾਏ, ਵਿਕਰਾਂਤ ਰਾਣਾ, ਅਰੁਣ ਟੰਡਨ, ਪਰਮੋਦ ਕਾਲੀਆ, ਗੁਲਸ਼ਨ ਭੱਟੀ, ਗੌਰਵ ਬੇਦੀ, ਪੰਡਿਤ ਰਾਮ ਜੀ, ਜਤਿੰਦਰ ਸੈਣੀ, ਗਣੇਸ਼ ਵੈਦ, ਪ੍ਰਿੰਸ ਰਾਣਾ, ਮਨਿੰਦਰ, ਪ੍ਰਵੇਸ਼, ਮੋਹਨ ਸ਼ਰਮਾ, ਜਸਵਿੰਦਰ ਬਸਤੀ, ਮਨਦੀਪ ਸਿੰਘ ਸੈਣੀ, ਵਿਵੇਕ ਵਿਜਨ, ਪ੍ਰਸ਼ਾਂਤ, ਪੰਡਿਤ ਮਿਥਲੇਸ਼ ਗਰਗ, ਰਾਜੂ ਖੌਸਲਾ, ਵਿੱਕੀ ਮਹਿੰਦਰੂ, ਰਾਜਨ ਸੋਂਧੀ, ਪ੍ਰੇਮ ਪਡਵਾਲ, ਦੇਸ ਰਾਜ ਡੋਗਰਾ ਅਤੇ ਹੋਰ ਹਾਜ਼ਰ ਸਨ।



# ਬਰਸਾਤ ਦੇ ਮੌਸਮ 'ਚ ਪਾਣੀ ਉਬਾਲ ਕੇ ਪੀਣਾ ਚਾਹੀਦਾ : ਡਾ. ਕਰਨ ਸੈਣੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਐਸ.ਐਮ.ਓ ਟਾਂਡਾ ਡਾਕਟਰ ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ, ਜ਼ਿਆਦਾ ਪੱਕੇ ਫਲਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ, ਘਰਾਂ ਦਾ ਬਣਿਆ ਖਾਣਾ ਹੀ ਖਾਣਾ ਚਾਹੀਦਾ ਹੈ, ਪਾਣੀ ਨੂੰ 1 ਤੋਂ 3 ਮਿੰਟ ਤੱਕ ਉਬਾਲਣਾ ਚਾਹੀਦਾ ਹੈ ਪਾਣੀ ਦੀ ਕਲੋਰੀਨੇਸ਼ਨ ਕਰਕੇ ਪੀਣਾ ਚਾਹੀਦਾ ਹੈ, ਦਸਤ ਲੱਗਣ ਤੇ ਓ ਆਰ ਐਸ ਦਾ ਘੋਲ ਪੀਣਾ ਚਾਹੀਦਾ ਹੈ ਤੇ ਨੇੜੇ ਦੇ ਸਿਹਤ ਕੇਂਦਰਾਂ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ।



# ਐੱਸ ਕੇ ਐੱਮ ਧਰਮਕੋਟ ਦੀ ਮੀਟਿੰਗ

**ਸ਼ਾਹਕੋਟ (ਗਿਆਨ ਸੈਦਪੁਰੀ)-** ਐਸ ਕੇ ਐਮ ਧਰਮਕੋਟ ਦੀ ਮੀਟਿੰਗ ਸਾਥੀ ਸਾਰਜ ਸਿੰਘ ਪੱਡਰੀ ਦੀ ਪ੍ਰਧਾਨਗੀ ਹੇਠ ਬੀਰ ਭਵਨ ਧਰਮਕੋਟ ਵਿਖੇ ਹੋਈ।ਮੀਟਿੰਗ ਵਿਚ ਕਿਰਤੀ ਕਿਸਾਨ ਯੂਨੀਅਨ,ਕੁੱਲ ਹਿੰਦ ਕਿਸਾਨ ਸਭਾ ਬੀ ਕੇ ਯੂ ਰਾਜੇਵਾਲ, ਬੀ ਕੇ ਯੂ ਲੱਖੋਵਾਲ, ਬੀ ਕੇ ਯੂ ਪੰਜਾਬ ਬੀ ਕੇ ਯੂ ਤੋਤੇਵਾਲ ਅਤੇ ਫੇਨ ਤੇ ਬੀ ਕੇ ਯੂ ਉਗਰਾਹਾਂ ਦੇ ਸਾਥੀ ਗੁਰਮੀਤ ਸਿੰਘ ਕਿਸ਼ਨਪੁਰਾ ਨੇ ਭਾਗ ਲਿਆ ।ਫੈਸਲਾ ਕੀਤਾ ਗਿਆ ਕਿ ਐਸ ਕੇ ਐਮ ਦੇ ਸੁਲਤਾਨ ਪੁਰ ਲੋਧੀ ਦੇ ਫੈਸਲੇ ਮੁਤਾਬਕ ਹੜਪੀੜਤਾ ਲਈ ਸਹਾਇਤਾ ਕਮੇਟੀ ਦਾ ਗਠਨ ਕੀਤਾ ਗਿਆ ।ਕਮੇਟੀ ਵਲੋਂ ਦੋ ਟੀਮਾਂ ਤਿਆਰ ਕੀਤੀਆਂ ਗਈਆਂ ਇਹ ਟੀਮਾਂ ਰਲ ਕੇ ਡੀਜਲ ਖਾਦ ਬੀਜ ਆਦਿ ਵਾਸਤੇ ਸਹਾਇਤਾ ਇਕੱਠੀ ਕਰਨਗੀਆਂ , ਜੋ ਅੱਗੇ ਐਸ ਕੇ ਐਮ ਦੇ ਸੂਬਾਈ ਕੈਂਪਾਂ ਵਿਚ ਭੇਜਣ ਦਾ ਪ੍ਰਬੰਧ ਕੀਤਾ ਜਾਵੇਗਾ।



# ਐੱਸ ਡੀ ਕਾਲਜ 'ਚ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)-** ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ ਐਸ ਐਸ ਵਿਭਾਗ, ਰੈੱਡ ਰਿਬਨ ਕਲੱਬ ਅਤੇ ਈ.ਬੀ.ਐਸ. ਭਾਰਤ ਸ੍ਰੇਸ਼ਠ ਭਾਰਤ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ। ਇਸ ਮੌਕੇ ਐਨ ਐਸ ਐਸ ਵਿਭਾਗ ਦੀ ਪ੍ਰੋਗਰਾਮ ਅਫਸਰ ਸੁਨੀਤਾ ਕਲੇਰ ਨੇ ਮਨੁੱਖੀ ਜੀਵਨ ਵਿੱਚ ਸਿੱਖਿਆ ਦੀ ਮਹੱਤਤਾ 'ਤੇ ਗਿਆਨ ਭਰਪੂਰ ਚਾਨਣਾ ਪਾਇਆ ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਖਰਤਾ ਦਾ ਅਰਥ ਪੜ੍ਹਨ ਅਤੇ ਲਿਖਣ ਦੀ ਯੋਗਤਾ ਹੈ, ਜੋ ਜੀਵਨ ਵਿੱਚ ਬਿਹਤਰ ਮੌਕਿਆਂ ਦੇ ਦਰਵਾਜ਼ੇ ਖੋਲ੍ਹਦੀ ਹੈ।



ਉਨ੍ਹਾਂ ਦੱਸਿਆ ਕਿ ਕੇਰਲਾ 100 ਫੀਸਦੀ ਸਾਖਰਤਾ ਪ੍ਰਾਪਤ ਕਰਨ ਵਾਲਾ ਪਹਿਲਾ ਭਾਰਤੀ ਰਾਜ ਹੈ। ਮੈਡਮ ਸੁਨੀਤਾ ਨੇ ਵਿਦਿਆਰਥੀਆਂ ਨੂੰ ਆਪਣੇ ਆਲੇ ਦੁਆਲੇ ਦੇ ਘੱਟੋ-ਘੱਟ ਇੱਕ ਵਿਅਕਤੀ ਨੂੰ ਸਿੱਖਿਅਤ ਕਰਕੇ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਭਾਰਤ ਪੂਰੀ ਸਾਖਰਤਾ ਵੱਲ ਵਧ ਸਕੇ।ਇਸ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਸਬੰਧੀ ਜਾਗਰੂਕਤਾ ਫੈਲਾਉਣ ਅਤੇ ਇੱਕ ਸਿੱਖਿਅਤ ਅਤੇ ਸਸ਼ਕਤ ਸਮਾਜ ਦੇ ਨਿਰਮਾਣ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਅਵਤਾਰ ਪਾਸ਼ ਦੇ 75ਵੇਂ ਜਨਮ ਦਿਨ 'ਤੇ ਜੱਦੀ ਘਰ ਵਿਖੇ ਹੋਈ ਇਕੱਤਰਤਾ



**ਸ਼ਾਹਕੋਟ (ਗਿਆਨ ਸੈਦਪੁਰੀ)-** ਚੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਦੇ 75 ਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਜੱਦੀ ਘਰ, ਤਲਵੰਡੀ ਸਲੇਮ ਵਿਖੇ ਮੋਮਬੱਤੀਆਂ ਜਗਾ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਪਾਸ਼-ਹੰਸਰਾਜ ਸ਼ਹੀਦੀ ਯਾਦਗਾਰ ਕਮੇਟੀ ਨਕੋਦਰ ਦੇ ਕਨਵੀਨਰ ਮੋਹਨ ਸਿੰਘ ਬੱਲ, ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸ਼ਾਹਕੋਟ ਦੇ ਪ੍ਰਧਾਨ ਪ੍ਰਿੰਸੀਪਲ ਮਨਜੀਤ ਸਿੰਘ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਪਾਸ਼ ਦੇ ਕਜ਼ਨ ਬ੍ਰਦਰ ਸੁਖਵਿੰਦਰ ਸੁੱਚਾ ਅਤੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਆਗੂ ਗੁਰਮੀਤ ਕੋਟਲੀ ਪਾਸ਼ ਕੌਮਾਂਤਰੀ ਟ੍ਰਸਟ ਦੇ ਮੈਂਬਰ ਜਗੀਰ ਜੋਸਨ, ਪੱਤਰਕਾਰ ਗਿਆਨ ਸੈਦਪੁਰੀ ਅਵਤਾਰ ਪਾਸ਼ ਦੋਸਤ ਬਲਦੇਵ ਸਿੰਘ ਉੱਗੀ ਅਤੇ ਕਮਰ ਚੰਦ ,ਨੇ ਮਹਿਬੂਬ ਕਵੀ ਨੂੰ ਯਾਦ ਕਰਦਿਆਂ ਦੱਸਿਆ ਕਿ ਅਵਤਾਰ ਪਾਸ਼ ਹੋਰਾਂ ਦੀ ਸ਼ਹਾਦਤ ਤੋਂ ਬਾਅਦ ਲਗਾਤਾਰ 23 ਮਾਰਚ ਨੂੰ ਉਨ੍ਹਾਂ ਦੇ ਜੱਦੀ ਪਿੰਡ ਤਲਵੰਡੀ ਸਲੇਮ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ ਜਦਕਿ 9 ਸਤੰਬਰ ਨੂੰ ਕਵਿਤਾ ਦਿਵਸ ਵਜੋਂ ਮਨਾਇਆ ਜਾਂਦਾ ਹੈ ਪਰ ਇਸ ਵਾਰੀ ਹੜ੍ਹਾਂ/ਬਾਰਸ਼ਾਂ ਦੀ ਬਣੀ ਸਥਿਤੀ ਕਾਰਨ 6 ਸਤੰਬਰ ਦਾ ਰੱਖਿਆ ਹੋਇਆ ਸਮਾਗਮ ਰੱਦ ਕਰਨਾ ਪਿਆ।

# ਅਬਜ਼ਰਵਰ ਵਿਧਾਇਕ ਸੁਰੇਸ਼ ਕੁਮਾਰ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਕੀਤੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਜ਼ਿਲ੍ਹਾ ਕਾਂਗਰਸ ਕਮੇਟੀ ਹੁਸ਼ਿਆਰਪੁਰ ਦੇ ਆਬਜ਼ਰਵਰ ਵਿਧਾਇਕ ਸੁਰੇਸ਼ ਕੁਮਾਰ ਹੁਸ਼ਿਆਰਪੁਰ ਪਹੁੰਚੇ ਅਤੇ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਸੰਗਠਨ ਸਰੂਜਨ ਅਭਿਆਨ ਲਈ ਕਾਂਗਰਸੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਅਤੇ ਮੁਹਿੰਮ ਬਾਰੇ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਵਰਕਰਾਂ ਤੋਂ ਸੁਝਾਅ ਲਏ ਅਤੇ ਸਾਰਿਆਂ ਨੂੰ ਮੁਹਿੰਮ ਦੀ ਸਫਲਤਾ ਲਈ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਰੇਸ਼ ਕੁਮਾਰ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਜੋ ਹੜ੍ਹ ਆਇਆ ਹੈ ਅਤੇ ਇਸ ਸਥਿਤੀ ਵਿੱਚ ਪੂਰੀ ਕਾਂਗਰਸ ਹੜ੍ਹ ਪੀੜਤਾਂ ਦੇ ਨਾਲ ਖੜ੍ਹੀ ਹੈ। ਉਹ ਇਸ ਹੜ੍ਹ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਤੋਂ ਬਹੁਤ ਦੁਖੀ ਹਨ ਅਤੇ ਉਹ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦਿੰਦੇ ਹਨ। ਆਫ਼ਤ ਦੀ ਇਸ ਘੜੀ ਵਿੱਚ ਕਾਂਗਰਸ ਹੜ੍ਹ ਪੀੜਤਾਂ ਦੇ ਨਾਲ ਖੜ੍ਹੀ ਹੈ। ਸੰਗਠਨ ਸਰੂਜਨ ਅਭਿਆਨ ਤਹਿਤ ਹੁਸ਼ਿਆਰਪੁਰ ਵਿੱਚ ਹੋਈ ਮੀਟਿੰਗ ਬਾਰੇ ਉਨ੍ਹਾਂ ਦੱਸਿਆ ਕਿ ਇਸ ਪੂਰੀ ਮੁਹਿੰਮ ਨੂੰ ਜਨਤਾ ਵਿੱਚ ਲਿਜਾਣਾ ਹੈ ਅਤੇ ਇਸ ਨੂੰ ਕਿਵੇਂ ਸਫਲ ਬਣਾਇਆ ਜਾਵੇ ਇਸ ਬਾਰੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਰਾਹੀਂ ਕਾਂਗਰਸ ਪਾਰਟੀ ਨੂੰ ਇੱਕ ਅਜਿਹੇ ਵਿਅਕਤੀ ਦੀ ਚੋਣ ਕਰਨੀ ਹੈ ਜੋ ਸੰਗਠਨ ਨੂੰ ਮਜ਼ਬੂਤ ਕਰ ਸਕੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲ ਸਕੇ ਅਤੇ ਪਾਰਟੀ ਨੂੰ ਮਜ਼ਬੂਤ ਕਰ ਸਕੇ। ਪਾਰਟੀ ਅਜਿਹੇ ਵਿਅਕਤੀ ਦੀ ਭਾਲ ਕਰ ਰਹੀ ਹੈ ਜੋ ਬੁਰੇ ਸਮੇਂ ਵਿੱਚ ਸਾਥ ਦੇਵੇ, ਜੋ ਸਾਰਿਆਂ ਨੂੰ ਨਾਲ ਲੈ ਕੇ ਚੱਲੇ, ਅਜਿਹੇ ਵਿਅਕਤੀ ਨੂੰ ਚੁਣਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਅਸੀਂ ਇਸ ਨੂੰ ਵੰਡ ਅਤੇ ਬੂਥ ਪੱਧਰ ਤੱਕ ਲੈ ਜਾਵਾਂਗੇ ਤਾਂ ਜੋ ਆਮ ਲੋਕਾਂ ਅਤੇ ਵਰਕਰਾਂ ਦੀ ਆਵਾਜ਼ ਪਾਰਟੀ ਤੱਕ ਪਹੁੰਚੇ ਅਤੇ ਪਾਰਟੀ ਸਹੀ ਫੈਸਲਾ ਲੈ ਸਕੇ। ਮੀਟਿੰਗ ਵਿੱਚ ਕਈ ਸੁਝਾਅ ਆਏ, ਅੱਗੇ ਕਿਵੇਂ ਵਧਣਾ ਹੈ ਇਸ ਬਾਰੇ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਫੁੱਟ ਹੈ ਅਤੇ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਅਤੇ ਵਰਕਰਾਂ ਅਤੇ ਜਨਤਾ ਵਿਚਕਾਰ ਪਾੜਾ ਹੈ, ਇਸ ਨੂੰ ਦੂਰ ਕਰਨ ਲਈ, ਅਸੀਂ ਇੱਕ ਸੰਗਠਨ ਬਣਾਉਣ ਜਾ ਰਹੇ ਹਾਂ ।ਇਸ ਮੌਕੇ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਸਾਬਕਾ ਵਿਧਾਇਕ ਰਜਿੰਦਰ ਸਿੰਘ ਸਮਾਣਾ, ਮੋਂਟੀ ਸਹਿਗਲ ਆਦਮਪੁਰ, ਸਾਬਕਾ ਵਿਧਾਇਕ ਪਵਨ ਆਦੀਆ, ਸਾਬਕਾ ਪ੍ਰਧਾਨ ਡਾ. ਕੁਲਦੀਪ ਨੰਦਾ, ਸਾਬਕਾ ਚੇਅਰਮੈਨ ਐਡਵੋਕੇਟ ਰਾਕੇਸ਼ ਮਰਵਾਹਾ, ਮਨਦੀਪ ਸਿੰਘ ਸ੍ਰੀ ਹਰਗੋਬਿੰਦਪੁਰ, ਅਮਰਪ੍ਰੀਤ ਸਿੰਘ ਲਾਲੀ ਹਲਕਾ ਇੰਚਾਰਜ, ਜ਼ਿਲ੍ਹਾ ਪ੍ਰਧਾਨ ਅਰੁਣ ਡੋਗਰਾ ਮਿੱਕੀ, ਸਾਬਕਾ ਵਿਧਾਇਕ ਇੰਦੂਬਾਲਾ, ਜੋਗਿੰਦਰ ਸਿੰਘ ਗਿਲਜ਼ੀਆਂ, ਦਲਜੀਤ ਸਿੰਘ ਗਿਲਜੀਆਂ, ਐਡਵੋਕੇਟ ਰਣਜੀਤ ਕੁਮਾਰ, ਸਾਬਕਾ ਚੇਅਰਮੈਨ ਰਾਜੇਸ਼ ਗੁਪਤਾ, ਸ਼ਹਿਰੀ ਪ੍ਰਧਾਨ ਨਵਪ੍ਰੀਤ ਰਾਇਹਲ, ਐਡਵੋਕੇਟ ਰੋਹਿਤ ਜੋਸ਼ੀ, ਅਸ਼ਵਨੀ ਸ਼ਰਮਾ ਆਈਐਨਟੀਯੂਸੀ, ਰਜਨੀਸ਼ ਟੰਡਨ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਹੈਪੀ ਸੂਦ, ਸੇਵਾ ਸਿੰਘ, ਸੁਰਿੰਦਰ ਕੁਮਾਰ ਸਿੱਧੂ ਸਮੇਤ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਮਹਿਲਾ ਕਾਂਗਰਸ ਮੈਂਬਰ, ਪੰਚ, ਸਰਪੰਚ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਪ੍ਰਧਾਨ ਮੌਜੂਦ ਸਨ।



# ਵਣ-ਮਹਾਂਉਤਸਵ ਮਨਾਇਆ

**ਸੁਲਤਾਨਪੁਰ ਲੋਧੀ (ਹਨੀ)-** ਗੁਰੂ ਨਾਨਕ ਖਾਲਸਾ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ.ਜਸਬੀਰ ਕੌਰ ਦੀ ਅਗਵਾਈ ਅਤੇ ਈਕੋ ਕਲੱਬ ਦੇ ਮੁਖੀ ਪ੍ਰੋ. ਜਸਵੀਰ ਕੌਰ ਦੀ ਦੇਖ ਰੇਖ ਵਿਚ ਵੱਲੋਂ ਵਣ ਮਹਾਂਉਤਸਵ ਮਨਾਇਆ ਗਿਆ । ਕਾਲਜ ਦੇ ਈਕੋ ਕਲੱਬ ਦੇ ਸਹਿਯੋਗ ਨਾਲ ਆਯੋਜਿਤ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਸੀ । ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਕਾਲਜ ਦੇ ਵਿਹੜੇ ਵਿੱਚ ਪੌਦੇ ਲਗਾਏ ਗਏ। ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨੌਜਵਾਨਾਂ ਵਿੱਚ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀਆਂ ਹਨ । ਇਸ ਮੌਕੇ ਪ੍ਰੋ. ਸੁਖਪਾਲ ਸਿੰਘ ਲੜਕੀਆਂ ਵਿੰਗ, ਪ੍ਰੋ.ਰਾਜਦੀਪ ਕੌਰ ਜੋਸਨ ਮੁਖੀ ਪੰਜਾਬੀ ਅਤੇ ਆਰਟਸ ਵਿਭਾਗ ਪ੍ਰੋ. ਰਾਜਪ੍ਰੀਤ ਕੌਰ ਮੁਖੀ ਕੰਪਿਊਟਰ ਅਤੇ ਆਈ.ਟੀ. ਵਿਭਾਗ, ਡਾ. ਮਨੀ ਛਾਬੜਾ ਮੁਖੀ ਕਾਮਰਸ ਵਿਭਾਗ,ਪ੍ਰੋ. ਜੁਗਰਾਜ ਸਿੰਘ,ਪ੍ਰੋ. ਰਿਸ਼ੂ ਬਾਲਾ ਪ੍ਰੋ.ਗੁਰਪ੍ਰੀਤ ਕੌਰ ਅਤੇ ਪ੍ਰੋ.ਪ੍ਰਵੀਨ ਕੌਰ ਆਦਿ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਨੂੰ 10 ਲੱਖ ਰੁਪਏ ਦਾ ਚੈੱਕ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਭੇਟ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-** ਪੰਜਾਬ ਵਿੱਚ ਆਈ ਕੁਦਰਤੀ ਆਫਤ ਕਾਰਨ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਦੇ ਪਿੰਡ ਅਤੇ ਸ਼ਹਿਰ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ। ਹੜ੍ਹ ਪੀੜਤਾਂ ਦੀ ਸੇਵਾ ਲਈ ਮਾਨਵ ਮੰਗਲ ਗਰੁੱਪ ਆਫ ਸਕੂਲਜ਼ ਦੇ ਡਾਇਰੈਕਟਰ ਸੰਜੇ ਸਰਦਾਨਾ ਵੱਲੋਂ ਡਿਪਟੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਕੋਮਲ ਮਿੱਤਲ ਨੂੰ ਦਸ ਲੱਖ ਰੁਪਏ ਦਾ ਚੈੱਕ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਭੇਟ ਕੀਤਾ ਗਿਆ। ਡਿਪਟੀ ਕਮਿਸ਼ਨਰ ਵੱਲੋਂ ਇਹ ਚੈਕ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਪੁਰਦ ਕਰਦੇ ਹੋਏ, ਉਨ੍ਹਾਂ ਨੂੰ ਹੜ੍ਹ ਪੀੜਤਾਂ ਦੀ ਜ਼ਰੂਰਤ ਅਨੁਸਾਰ ਬਣਦੀ ਰਾਹਤ ਸਮੱਗਰੀ ਖਰੀਦਣ ਲਈ ਖਰਚਣ ਦੇ ਆਦੇਸ਼ ਦਿੱਤੇ।

# ਵਿਸ਼ਵ ਫਿਜ਼ੀਉਥੈਰੇਪੀ ਦਿਵਸ ਮਨਾਇਆ

**ਬੰਗਾ (ਅਵਤਾਰ ਕਲੇਰ)-** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਥਾਪਿਤ ਫਿਜ਼ੀਉਥੈਰੇਪੀ ਵਿਭਾਗ ਵਿਸ਼ਵ ਫਿਜ਼ੀਉਥੈਰੇਪੀ ਦਿਵਸ ਮਨਾਇਆ ਗਿਆ। ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਸਨ ਅਤੇ ਪ੍ਰਧਾਨਗੀ ਮੰਡਲ ਵਿਚ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ ਸਿੰਘ ਡੀ ਐਮ ਐਸ,ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਅਤੇ ਮੈਡਮ ਸਰਬਜੀਤ ਕੌਰ ਡੀ ਐਨ ਐਸ ਸ਼ਾਮਲ ਸਨ। ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਵਿਸ਼ਵ ਫਿਜ਼ੀਉਥੈਰੇਪੀ ਦਿਵਸ ਦੀਆਂ ਵਧਾਈਆਂ ਦਿੰਦੇ ਕਿਹਾ ਫਿਜ਼ੀਉਥੈਰੇਪੀ ਇਲਾਜ ਪ੍ਰਣਾਲੀ ਸਰੀਰ ਨੂੰ ਤੰਦਰੁਸਤ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ। ਹਸਪਤਾਲ ਦੇ ਫਿਜ਼ੀਉਥੈਰਾਪੀ ਮਾਹਿਰਾਂ ਡਾ. ਰਵੀਨਾ, ਡਾ ਤਨਪ੍ਰੀਤ ਕੌਰ ਅਤੇ ਡਾ. ਜ਼ੁਬੈਰ ਅਹਿਮਦ ਭੱਟ ਨੇ ਵਿਸ਼ਵ ਫਿਜ਼ੀਉਥੈਰੇਪੀ ਦਿਵਸ ਬਾਰੇ ਦੱਸਿਆ ਕਿ ਸਾਲ 2025 ਦੇ ਵਿਸ਼ਵ ਫਿਜ਼ੀਉਥੈਰੇਪੀ ਦਿਵਸ ਦਾ ਥੀਮ 'ਸਿਹਤਮੰਦ ਬਜ਼ੁਰਗ' ਹੈ, ਜਿਸ ਵਿੱਚ ਬਜ਼ੁਰਗਾਂ ਵਿੱਚ ਕਮਜ਼ੋਰੀ ਅਤੇ ਡਿੱਗਣ ਨੂੰ ਰੋਕਣ 'ਤੇ ਖਾਸ ਧਿਆਨ ਦਿੱਤਾ ਗਿਆ ਹੈ।ਇਸ ਲਈ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ਾਂ ਦੀ ਸਹੂਲਤ ਲਈ ਫਿਜ਼ੀਉਥੈਰਾਪੀ ਵਿਭਾਗ ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਆਪਣੀਆਂ ਸੇਵਾਵਾਂ ਮੁਹੱਈਆਂ ਕਰਵਾ ਰਿਹਾ ਹੈ। ਸਮਾਗਮ ਦੇ ਅੰਤ ਵਿਚ ਡਾ. ਬਲਵਿੰਦਰ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।



# ਨਗਰ ਸੁਧਾਰ ਟਰੱਸਟ ਦੀਆਂ ਜਾਇਦਾਦਾਂ 'ਤੇ ਨਾਜਾਇਜ਼ ਕਬਜ਼ਾ ਬਰਦਾਸ਼ਤ ਨਹੀਂ : ਚੇਅਰਮੈਨ ਪਾਬਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ ਨੇ ਸਪੱਸ਼ਟ ਕੀਤਾ ਹੈ ਕਿ ਟਰੱਸਟ ਦੀਆਂ ਜਾਇਦਾਦਾਂ 'ਤੇ ਕਿਸੇ ਵੀ ਤਰ੍ਹਾਂ ਦਾ ਗੈਰ-ਕਾਨੂੰਨੀ ਕਬਜ਼ਾ ਜਾਂ ਗੈਰ-ਕਾਨੂੰਨੀ ਉਸਾਰੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਬਜ਼ੇ ਹਟਾਏ ਜਾਣਗੇ। ਚੇਅਰਮੈਨ ਪਾਬਲਾ ਨੇ ਕਿਹਾ ਕਿ ਉਨ੍ਹਾਂ ਜਾਇਦਾਦਾਂ 'ਤੇ ਕੀਤੀਆਂ ਗਈਆਂ ਸਾਰੀਆਂ ਉਸਾਰੀਆਂ ਜਿਨ੍ਹਾਂ ਨੂੰ ਅਜੇ ਤੱਕ ਟਰੱਸਟ ਦਫ਼ਤਰ ਤੋਂ ਮਨਜ਼ੂਰੀ ਨਹੀਂ ਮਿਲੀ ਹੈ ਜਾਂ ਜੋ ਝਗੜੇ ਵਾਲੀ ਸਥਿਤੀ ਵਿੱਚ ਹਨ, ਨੂੰ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਟਰੱਸਟ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਮੌਜੂਦ ਸਾਰੇ ਗੈਰ-ਕਾਨੂੰਨੀ ਕਬਜ਼ਿਆਂ ਦੀ ਸੂਚੀ ਤੁਰੰਤ ਉਪਲਬੱਧ ਕਰਵਾਈ ਜਾਵੇ, ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦਾ ਰਾਜਨੀਤਿਕ ਜਾਂ ਬਾਹਰੀ ਦਬਾਅ ਸਵੀਕਾਰ ਨਹੀਂ ਕੀਤਾ ਜਾਵੇਗਾ। ਪਾਬਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਇੱਛਾ ਨਾਲ ਕਬਜ਼ੇ ਖਾਲੀ ਕਰਨ ਤਾਂ ਜੋ ਉਨ੍ਹਾਂ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ। ਚੇਅਰਮੈਨ ਪਾਬਲਾ ਨੇ ਦੱਸਿਆ ਕਿ ਅੱਜ ਟਰੱਸਟ ਦਫ਼ਤਰ ਵੱਲੋਂ ਸਕੀਮ ਨੰਬਰ-2, ਰਾਜੀਵ ਗਾਂਧੀ ਐਵੇਨਿਊ, ਹੁਸ਼ਿਆਰਪੁਰ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਲਈ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਰਹੇਗੀ ਅਤੇ ਪ੍ਰਸ਼ਾਸਨ ਨਗਰ ਸੁਧਾਰ ਟਰੱਸਟ ਦੀਆਂ ਜ਼ਮੀਨਾਂ ਨੂੰ ਪੂਰੀ ਤਰ੍ਹਾਂ ਮੁਕਤ ਕਰਵਾਉਣ ਲਈ ਹਰ ਸੰਭਵ ਕਦਮ ਚੁੱਕੇਗਾ।



# ਆਪ ਦਾ ਹਰੇਕ ਵਲੰਟੀਅਰ ਹੜ੍ਹ ਪੀੜਤਾਂ ਨਾਲ ਖੜ੍ਹਾ : ਹਰਜੋਤ ਕੌਰ ਲੋਹਟੀਆ

**ਬੰਗਾ (ਅਵਤਾਰ ਕਲੇਰ)-** ਆਮ ਆਦਮੀ ਪਾਰਟੀ ਦਾ ਹਰੇਕ ਆਗੂ ਤੇ ਵਲੰਟੀਅਰ ਹੜ੍ਹ ਪੀੜਤਾਂ ਨਾਲ ਮੁਲਾਕਾਤ ਕਰਕੇ ਉਹਨਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਦਾ ਯਤਨ ਕਰ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬੀਬੀ ਹਰਜੋਤ ਕੌਰ ਲੋਹਟੀਆ ਸੰਗਠਨ ਇੰਚਾਰਜ ਬੰਗਾ ਨੇ ਬੰਗਾ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਵਿੱਚ ਬਰਸਾਤ ਕਾਰਨ ਪੀੜਤ ਹੋਏ ਲੋਕਾਂ ਨਾਲ ਮੁਲਾਕਾਤ ਕਰਦਿਆਂ ਹੋਇਆਂ ਕੀਤਾ ਅਤੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਉਹਨਾਂ ਕਿਹਾ ਕਿ ਪਿਛਲੇ ਕਾਫੀ ਦਿਨਾਂ ਤੋਂ ਹੋਰ ਵੱਖ- ਵੱਖ ਸੂਬਿਆਂ ਸਣੇ ਪੰਜਾਬ ਅੰਦਰ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਨੇ ਤਬਾਹੀ ਮਚਾ ਰੱਖੀ ਹੈ।ਲੋਕਾਂ ਦੇ ਮਕਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ ਜਿਸ ਲਈ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਪੀੜਤ ਪਰਵਾਰਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਦਿਵਾਉਣ ਲਈ ਯਤਨ ਕਰਨਗੇ। ਮੈਡਮ ਲੋਹਟੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਹਮੇਸ਼ਾਂ ਦੀ ਤਰ੍ਹਾਂ ਇਸ ਮੁਸੀਬਤ ਦੇ ਸਮੇਂ ਵੀ ਨਾਲ ਖੜ੍ਹੀ ਹੈ। ਇਸ ਮੌਕੇ ਉਹਨਾਂ ਨਾਲ ਮਨਜੀਤ ਸਿੰਘ ਨਾਮਧਾਰੀ, ਰਾਜ ਕੁਮਾਰ ਬਾਲੋਂ ,ਪੰਚ ਪਰਮਜੀਤ ਬਾਲੋਂ, ਮਲਕੀਤ ਸਿੰਘ ਚਾਹਲਾਂ, ਜਸਕਵਰਦੀਪ ਸਿੰਘ, ਸੁਖਜੀਤ ਸਿੰਘ, ਇੰਦਰਜੀਤ ਸਿੰਘ ਅਤੇ ਹੋਰ ਵਰਕਰ ਮੌਜੂਦ ਸਨ।



# 'ਅਪ੍ਰੇਸ਼ਨ ਰਾਹਤ' ਤਹਿਤ ਪਿੰਡਾਂ 'ਚ ਜਲਦੀ ਹੋਣਗੇ ਆਮ ਵਰਗੇ ਹਾਲਾਤ : ਹਰਜੋਤ ਬੈਂਸ



**ਭਲਾਣ (ਹਰਭਜਨ ਢਿੱਲੋਂ)-** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਕਿਹਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਅਪ੍ਰੇਸ਼ਨ ਰਾਹਤ ਸ਼ੁਰੂ ਕੀਤਾ ਗਿਆ ਹੈ। ਜ਼ਿੰਦਗੀ ਨੂੰ ਮੁੜ ਲੀਹ ਤੇ ਲਿਆਉਣ ਲਈ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਂਦੀ ਗਈ ਹੈ, ਜਲਦ ਹੀ ਇਨ੍ਹਾਂ ਪਿੰਡਾਂ ਦੇ ਹਾਲਾਤ ਆਮ ਵਰਗੇ ਹੋ ਜਾਣਗੇ। ਆਪਣੇ ਵਿਧਾਨ ਸਭਾ ਹਲਕੇ ਦੇ ਬੇਲਿਆਂ ਦੇ ਪਿੰਡਾਂ ਦੇ ਦੌਰੇ ਦੌਰਾਨ ਸ.ਬੈਂਸ ਨੇ ਕਿਹਾ ਕਿ ਲਗਾਤਾਰ ਪਾਣੀ ਛੱਡਣ ਦੀ ਮਾਤਰਾਂ ਵਿਚ ਕਮੀ ਆ ਰਹੀ ਹੈ, ਹੁਣ 10 ਹਜ਼ਾਰ ਕਿਊਸਿਕ ਹੋਰ ਪਾਣੀ ਘੱਟ ਕਰਕੇ ਕੁੱਲ 50 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇਨ੍ਹਾਂ ਵਿਚ 18 ਹਜ਼ਾਰ ਕਿਊਸਿਕ ਦੋਵੇ ਨਹਿਰਾਂ ਵਿਚ ਅਤੇ 32 ਹਜ਼ਾਰ ਕਿਊਸਿਕ ਦਰਿਆ ਵਿਚ ਪਾਇਆ ਜਾ ਰਿਹਾ ਹੈ। ਰੋਜ਼ਾਨਾ ਘੱਟ ਰਹੀ ਮਾਤਰਾ ਨਾਲ ਦਰਿਆ ਨੇੜਲੇ ਪਿੰਡਾਂ ਦੇ ਹਾਲਾਤ ਆਮ ਵਰਗੇ ਹੋ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸੜਕੀ ਨੈਟਵਰਕ ਨੂੰ ਚਾਲੂ ਕਰਕੇ ਲੋਕਾਂ ਨੂੰ ਆਵਾਜਾਈ ਦੀ ਸਹੂਲਤ ਦੇਣ ਲਈ ਫੌਰੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਵੱਡੀਆ ਪੋਕਲਾਈਨ ਮਸ਼ੀਨਾ, ਜੇ.ਸੀ.ਬੀ ਨਾਂਲ ਰਸਤੇ ਠੀਕ ਕੀਤੇ ਜਾ ਰਹੇ ਹਨ। ਪਾਣੀ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ। ਸ.ਬੈਂਸ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਨੂੰ ਸੜਕਾਂ ਦੀ ਮੁਰੰਮਤ ਦਾ ਕੰਮ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ। ਸ.ਬੈਂਸ ਨੇ ਕਿਹਾ ਕਿ ਜਿਹੜੇ ਇਲਾਕਿਆਂ ਵਿਚ ਕਿਸਾਨਾ ਦਾ ਨੁਕਸਾਨ ਹੋਇਆ ਹੈ, ਉਸ ਦੇ ਲਈ ਪੰਜਾਬ ਸਰਕਾਰ ਨੇ ਰਾਹਤ ਭਰੇ ਐਲਾਨ ਕੀਤੇ ਹਨ। ਮਕਾਨਾ ਦੇ ਨੁਕਸਾਨ ਦਾ ਵੀ ਆਕਲਣ ਕਰ ਰਹੇ ਹਾਂ। ਇਸ ਮੌਕੇ ਸਚਿਨ ਪਾਠਕ ਐਸ.ਡੀ.ਐਮ ਸਮੇਤ ਆਪ ਵਲੰਟੀਅਰ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਖ਼ੂਨਦਾਨ ਕੈਂਪ 'ਚ 100 ਤੋਂ ਵੱਧ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਸਥਾਨਕ ਰੋਟਰੀ ਭਵਨ ਵਿਖੇ ਰੋਟਰੀ ਕਲੱਬ ਵਲੋਂ ਬੀ.ਡੀ.ਸੀ.ਬਲੱਡ ਸੈਂਟਰ ਦੇ ਸਹਿਯੋਗ ਨਾਲ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਇੱਕ ਸੌ ਸਤਾਰਾਂ ਸਵੈ ਇਛੁੱਕ ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਕੈਂਪ ਦਾ ਉਦਘਾਟਨ ਐਨ ਆਰ ਆਈ ਡਾਕਟਰ ਮਲਕੀਅਤ ਸਿੰਘ, ਡੀ ਐਸ ਪੀ ਰਾਜ ਕੁਮਾਰ ਅਤੇ ਲਾਲਾ ਖਰੈਤੀ ਲਾਲ ਨੇ ਸਾਂਝੇ ਤੌਰ ਤੇ ਕੀਤਾ। ਰੋਟਰੀ ਕਲੱਬ ਦੇ ਪ੍ਰਧਾਨ ਗੀਆ ਅਰੋੜਾ, ਸਕੱਤਰ ਸਿਲਵੀਆ ਸੰਧੂ, ਫਾਇਨਾਂਸ ਸਕੱਤਰ ਕੁਮਾਰ ਚੰਦਨ, ਪ੍ਰੋਜੈਕਟ , ਜਿਲ੍ਹਾ ਕੋਆਰਡੀਨੇਟਰਜ਼ ਡਾ. ਜਗਮੋਹਨ ਪੁਰੀ , ਰਾਜਨ ਅਰੋੜਾ ਤੇ ਸਾਬਕਾ ਪ੍ਰਧਾਨ ਰੋਹਿਤ ਜੈਨ ਦੀ ਅਗਵਾਈ ਵਿੱਚ ਆਯੋਜਿਤ ਖ਼ੂਨਦਾਨ ਕੈਂਪ ਨੂੰ ਬੀ.ਡੀ.ਸੀ ਦੇ ਬਾਨੀ ਪ੍ਰਧਾਨ ਜੀ ਐਸ ਤੂਰ, ਸਕੱਤਰ ਜੇ ਐਸ ਗਿੱਦਾ, ਕਮੇਟੀ ਮੈਂਬਰ ਸੁਰਿੰਦਰ ਕੌਰ ਤੂਰ ਦੀ ਹਾਜਰੀ ਵਿੱਚ ਤਕਨੀਕੀ ਟੀਮ ਮੁਖੀ ਡਾ ਦਿਆਲ ਸਰੂਪ ਅਧੀਨ ਬੀ ਡੀ ਸੀ ਸਟਾਫ ਨੇ ਤਕਨੀਕੀ ਸਹਿਯੋਗ ਦਿੱਤਾ। ਕੈਂਪ ਵਿੱਚ ਪ੍ਰਸਿੱਧ ਸ਼ਖ਼ਸੀਅਤਾਂ ਐਮ ਐਲ ਏ ਡਾ ਨਛੱਤਰਪਾਲ, ਹਲਕਾ ਇੰਚਾਰਜ ਲਲਿੱਤ ਮੋਹਨ ਪਾਠਕ, ਜ਼ਿਲ੍ਹਾ ਮੰਡੀ ਬੋਰਡ ਚੇਅਰਮੈਨ ,ਗਗਨ ਅਗਨੀਹੋਤਰੀ, ਸਾਬਕਾ ਵਿਧਾਇਕ ਗੁਰਇਕਬਾਲ ਕੌਰ ਬਬਲੀ, ਪੁਨੀਤ ਪ੍ਰਭਾਕਰ, ਜਗਮੋਹਨ ਗੁਲਾਟੀ, ਡਾ. ਬਲਵੀਰ ਰਾਮ, ਅਸ਼ੋਕ ਕੁਮਾਰ ਸੋਗੀ, ਯੋਗਾ ਮਾਹਰ ਭੁਪਿੰਦਰ ਸਿੰਘ ਸਲੋਹ, ਰੋਟਰੀ ਮੈਂਬਰਜ਼, ਖ਼ੂਨਦਾਨੀ ਤੇ ਬੀ ਡੀ ਸੀ ਮੈਂਬਰ ਹਾਜ਼ਰ ਸਨ।




# ਮਜ਼ਦੂਰ ਜਥੇਬੰਦੀਆਂ ਵੱਲੋਂ ਭਲਕੇ ਐੱਸ ਡੀ ਐੱਮ ਨੂੰ ਮੰਗ ਪੱਤਰ ਦਿੱਤਾ ਜਾਵੇਗਾ



**ਜਲੰਧਰ (ਰਾਜੇਸ਼ ਥਾਪਾ)-** ਪੇਂਡੂ ਅਤੇ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੀਤੇ ਗਏ ਫੈਸਲੇ ਮੁਤਾਬਿਕ ਤਹਿਸੀਲ ਫਿਲੌਰ ਵਿਖੇ ਐੱਸ ਡੀ ਐੱਮ ਫਿਲੌਰ ਨੂੰ 11 ਸਤੰਬਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਬਾਰਿਸ਼ ਨਾਲ ਮਜ਼ਦੂਰਾਂ ਦੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਹੜ੍ਹਾਂ ਕਾਰਨ ਮਕਾਨ ਅਤੇ ਛੱਤਾਂ ਦਾ ਸਰਵੇ ਕਰਵਾਇਆ ਜਾਵੇ ਬਾਰਿਸ਼ਾਂ ਨਾਲ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਪ੍ਰਭਾਈ ਕੀਤੀ ਜਾਵੇ। ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਕੁਲਦੀਪ ਵਾਲੀਆ, ਮੇਜਰ ਫਿਲੌਰ ਪਰਵਿੰਦਰ ਸਿੰਘ ਫਲਪੋਤਾ,ਹੰਸ ਰਾਜ ਪੱਬਮਾਂ,ਰਾਮਨਾਥ, ਅੰਮ੍ਰਿਤ ਨੰਗਲ, ਆਦਿ ਸ਼ਾਮਿਲ ਹੋਏ।

# ਨਵ-ਨਿਯੁਕਤ ਉਪ ਜ਼ਿਲ੍ਹਾ ਸਿੱਖਿਆ ਅਫਸਰ ਦਾ ਸਵਾਗਤ

**ਹੁਸ਼ਿਆਰਪੁਰ (ਓ ਪੀ ਰਾਣਾ)-** ਨਵ ਨਿਯੁਕਤ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਅਮਨਦੀਪ ਸ਼ਰਮਾ ਵੱਲੋਂ ਕਾਰਜਭਾਰ ਸੰਭਾਲਣ ਤੋਂ ਬਾਅਦ ਕਈ ਨਾਨ ਗਵਰਨਮੈਂਟ ਆਰਗਨਾਈਜ਼ੇਸ਼ਨਜ਼ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਦਫ਼ਤਰ ਵਿੱਚ ਖੇਤਰ ਦੇ ਮੁੱਖ ਸਮਾਜਿਕ ਕਾਰਕੁੰਨਾਂ, ਪੰਚਾਇਤ ਨੁਮਾਇੰਦਿਆਂ ਅਤੇ ਸਿੱਖਿਆ ਵਿਭਾਗ ਨਾਲ ਜੁੜੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਉਨ੍ਹਾਂ ਦੀ ਅਗਵਾਈ ਵਿੱਚ ਸਿੱਖਿਆ ਪ੍ਰਣਾਲੀ ਨੂੰ ਹੋਰ ਚੰਗੀ ਦਿਸ਼ਾ ਮਿਲੇਗੀ। ਨਸ਼ਾ ਮੁਕਤੀ ਅਭਿਆਨ ਨਾਲ ਜੁੜੇ ਹਲਕਾ ਕੋਆਰਡੀਨੇਟਰ ਅਤੇ ਕਿਸਾਨ ਨੇਤਾ ਪਰਮਿੰਦਰ ਸਿੰਘ ਸੱਜਣ ਨੇ ਸ਼੍ਰੀ ਸ਼ਰਮਾ ਦਾ ਸਵਾਗਤ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਕੀਤਾ। ਇਸ ਮੌਕੇ 'ਤੇ ਪਰਮਿੰਦਰ ਸਿੰਘ ਸੱਜਣ ਨੇ ਕਿਹਾ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰਹਿਣ ਅਤੇ ਖੇਡਾਂ, ਸੱਭਿਆਚਾਰਕ ਸਰਗਰਮੀਆਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਵੱਲ ਪ੍ਰੇਰਿਤ ਕਰਨ ਲਈ ਜਾਗਰੂਕਤਾ ਅਭਿਆਨ ਚਲਾਏ ਜਾਣਗੇ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਪ ਜ਼ਿਲ੍ਹਾ ਸਿੱਖਿਆ ਅਫਸਰ ਅਮਨਦੀਪ ਸ਼ਰਮਾ ਦੀ ਅਗਵਾਈ ਵਿੱਚ ਇਹ ਮੁਹਿੰਮ ਹੋਰ ਤੇਜ਼ੀ ਨਾਲ ਅੱਗੇ ਵਧੇਗੀ। ਇਸ ਮੌਕੇ ਸਰਪੰਚ ਹਰਦੀਪ ਸਿੰਘ ਅਖਲਾਸਪੁਰ, ਧਰਮਿੰਦਰ ਸਿੰਘ ਬੱਸੀ ਮੁੱਦਾ, ਅਮਨਦੀਪ ਸਿੰਘ ਬੱਸੀ ਮਾਰੂਫ, ਕੇਵਲ ਸਿੰਘ ਸਾਬੀ ਚਡਿਆਲ, ਸਤੀਸ਼ ਕੁਮਾਰ ਸ਼ਰਮਾ (ਜ਼ਿਲ੍ਹਾ ਸਮਾਰਟ ਕਲਾਸਰੂਮ ਕੋਆਰਡੀਨੇਟਰ), ਨੇ ਵੀ ਨਵ ਨਿਯੁਕਤ ਡੀ.ਈ.ਓ. ਨੂੰ ਸ਼ੁਭਕਾਮਨਾਵਾਂ ਦਿੱਤੀਆਂ।



